ੴ ਸਤਿ ਗੁਰਪ੍ਰਸਾਦਿ॥

# ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰੰਸ਼

(ਭਾਗ-ਪਹਿਲਾ)

ਅਮਰਜੀਤ ਸਿੰਘ

ਸੁੰਦਰ ਬੁੱਕ ਡਿਪੋ
ਮਾਈ ਹੀਰਾਂ ਗੇਟ, ਜਲੰਧਰ।

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰੰਸ਼ (ਭਾਗ-ਪਹਿਲਾ)

***By***
***Amarjit Singh***
***099150-97565***

***Published by :***
Sunder Book Depot
Mai Hiran Gate, Jalandhar.
E-mail : sunderbookdepot@yahoo.com
sunderbookdepot@gmail.com



ਦੂਸਰੀ ਵਾਰ : 2012

ਮੁੱਲ : 70/-

ਪ੍ਰਕਾਸ਼ਕ : ਸੁੰਦਰ ਬੁੱਕ ਡਿਪੋ
ਮਾਈ ਹੀਰਾਂ ਗੇਟ, ਜਲੰਧਰ।

ਪ੍ਰਿੰਟਰਜ਼ : ਅਰੋੜਾ ਕੰਪਿਊਟਰ, ਲੁਧਿਆਣਾ।
ਮੋਬਾਈਲ : 98882-95956

# ਸਾਰੇ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
# ਦਾ ਸਾਰੰਸ਼

# ਤੱਤਕਰਾ

ੴ ਸਤਿ ਗੁਰਪ੍ਰਸਾਦਿ॥

# ਸੁਖਮਨੀ ਸਾਹਿਬ ਦਾ ਸਮੁਚਾ ਭਾਵ

**ਗੁਰੂ ਸਾਹਿਬ :- ਐ ਗੁਰਸਿਖ! ਸੁਖਾਂ ਦੀ ਮਣੀ ਦਿਆਂ, ਕਦੀ ਵੀ ਦੁਖ ਨਹੀਂ ਆਏਗਾ। ਸਾਰੀ ਉਮਰ ਸੁਖੀ ਰਹੇਂਗਾ। ਕਦੀ ਬਿਮਾਰੀ ਨਹੀਂ ਆਏਗੀ, ਕਦੀ ਮਾਇਆ ਦੀ ਘਾਟ ਨਹੀਂ ਆਏਗੀ। ਕਦੀ ਧੀ-ਪੁੱਤਰ ਵੀ ਬਿਮਾਰ ਨਹੀਂ ਹੋਵੇਗਾ-ਕਦੀ ਧੀ-ਪੁੱਤਰ ਪੜ੍ਹਾਈ ਵਿਚੋਂ ਫੇਲ੍ਹ ਨਹੀਂ ਹੋਵੇਗਾ। ਤੁਹਾਡੀ ਹਰ ਆਸਾ-ਮਨਸਾ ਪੂਰੀ ਕਰੇਗਾ। ਬਾਦਸ਼ਾਹ ਬਣ ਜਾਏਗਾ, ਮਹਿਲਾਂ ਵਿਚ ਰਹੇਂਗਾ, ਰਾਜ ਮਾਣੇਗਾ, ਐਸ਼ ਕਰੇਗਾ।**

**ਦੇ ਦਿਓ ਗੁਰੂ ਸਾਹਿਬ ਜੀ**

ਅਛਾ, ਐ ਗੁਰਸਿਖ ! ਜਾ ਤੈਨੂੰ ਦਿੱਤੀ। ਸਵੇਰੇ ਉਠ ਕੇ ਢਾਈ ਘੰਟੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਕਰਨਾ ਹੈ। ਪਹਿਲਾਂ ਬੋਲ ਕੇ, ਫਿਰ ਹੌਲੀ ਹੌਲੀ, ਫਿਰ ਚੁਪ ਕਰਕੇ, ਫਿਰ ਅੰਦਰੋਂ ਹੀ ਵਾਹਿਗੁਰੂ ਵਾਹਿਗੁਰੂ ਸੁਨਣਾ ਹੈ। ਸਾਹ ਨੂੰ ਸੁਣ ਕਦੋਂ ਆ ਰਿਹਾ ਹੈ ਤੇ ਜਾ ਰਿਹਾ ਹੈ। ਸਾਹ ਆ ਰਿਹਾ ਹੈ "ਵਾਹ" ਕਹਿ, ਸਾਹ ਜਾ ਰਿਹਾ ਹੈ "ਗੁਰੂ' ਕਹਿ। ਸ਼ਾਮ ਨੂੰ ਇਕ ਘੰਟਾ ਵਾਹਿਗੁਰੂ ਵਾਹਿਗੁਰੂ ਸੌਣ ਲੱਗਿਆ ਅੱਧਾ ਘੰਟਾ ਵਾਹਿਗੁਰੂ ਵਾਹਿਗੁਰੂ। **ਸੁਖਾਂ ਦੀ ਮਣੀ ਢਾਈ ਮਹੀਨਿਆਂ ਬਾਅਦ ਤੇਰੇ ਕੋਲ ਆਪਣੇ ਆਪ ਆ ਜਾਏਗੀ। ਜਦੋਂ ਆ ਜਾਏਗੀ ਤੇਰੇ ਕੀ ਕੰਮ ਸਵਾਰੇਗੀ - ਸੁਣ ਲੈ।**

ਸਿਰਫ ਤੇ ਸਿਰਫ ਵਾਹਿਗੁਰੂਆਂ ਦੇ ਵਾਹਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਨਮਸਕਾਰ ਕਰਨੀ ਹੈ, ਮੱਥਾ ਟੇਕਣਾ ਹੈ ਜੋ ਆਦਿ ਹੈ, ਜੁਗਾਦਿ ਹੈ, ਹੈ ਭੀ, ਅਗੇ ਨੂੰ ਵੀ ਰਹੇਗਾ। ਸਿਰਫ ਤੇ ਸਿਰਫ ਬਾਬੇ ਨਾਨਕ ਨੂੰ ਮੰਨਣਾ ਹੈ, ਦਸਾਂ ਗੁਰੂਆਂ ਤੋਂ ਬਗੈਰ ਕਿਸੇ ਹੋਰ ਨੂੰ ਨਹੀਂ ਮੰਨਣਾ। ਜੇ ਕਿਤੇ ਹੋਰ ਬਾਬੇ-ਛਾਬੇ ਦੇਵੀ-ਦੇਵਤੇ ਮੜੀ-ਮਸਾਣੀ-ਪੰਡਿਤ-ਬ੍ਰਾਹਮਣ ਨੂੰ ਮੰਨ ਬੈਠਾ ਤਾਂ ਮਣੀ ਅਸਰ ਨਹੀਂ ਕਰਦੀ। ਵਾਹਿਗੁਰੂ ਵਾਹਿਗੁਰੂ ਕਰੇਂਗਾ-ਦੁਬਾਰਾ ਜਨਮ ਹੀ ਨਹੀਂ ਹੋਵੇਗਾ, ਜਮਾਂ ਦਾ ਦੁਖ ਨਹੀਂ ਲੱਗੇਗਾ, ਮੌਤ ਨਹੀਂ ਆਏਗੀ। ਕੋਈ ਦੁਸ਼ਮਨ ਨਹੀਂ ਰਹੇਗਾ। ਕੋਈ ਕੰਮ ਵਿਚ ਰੁਕਾਵਟ ਨਹੀਂ ਆਏਗੀ। ਕੋਈ ਕੁਰਹਿਤ ਨਹੀਂ ਕਰੇਂਗਾ, ਸੁਚੇਤ ਰਹੇਂਗਾ। ਕਦੀ ਕੋਈ ਡਰ ਨਹੀਂ ਲੱਗੇਗਾ। ਕਦੀ ਕੋਈ ਦੁੱਖ-ਤਕਲੀਫ

ਨਹੀਂ ਆਏਗੀ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਬਾਣੀ ਵਿਚਾਰ ਕੇ ਪੜ੍ਹੀ। ਰੱਬ ਨਾਲ ਪਿਆਰ ਪੈ ਗਿਆ ਤਾਂ ਦੁਨੀਆਂ ਦੇ ਸਾਰੇ ਖਜ਼ਾਨੇ ਮਿਲ ਜਾਣਗੇ। ਰਿਧੀਆਂ ਸਿਧੀਆਂ ਨੌਂ ਖਜ਼ਾਨੇ ਮਿਲ ਜਾਣਗੇ। ਗੁਰਬਾਣੀ ਦੀ ਸਮਝ ਆ ਜਾਏਗੀ, ਮਨ ਟਿਕ ਜਾਏਗਾ, ਰੱਬ ਬਾਰੇ ਸਮਝ ਆ ਜਾਏਗੀ। ਸਚਖੰਡਿ ਸਤਿਕਾਰ ਮਿਲੇਗਾ। ਈਰਖਾ ਨਹੀਂ ਰਹੇਗੀ। ਰਚਨਾ ਦੀ ਸਾਰੀ ਸਮਝ ਹੀ ਆ ਜਾਏਗੀ। ਸਾਰੀਆਂ ਆਸਾਂ ਪੂਰੀਆਂ ਹੋਣਗੀਆਂ। ਧਨਾਢ ਹੋ ਜਾਏਂਗਾ। ਇੱਜ਼ਤ ਵਾਲਾ ਹੋ ਜਾਏਂਗਾ। ਸਾਰਿਆਂ ਦਾ ਰਾਜਾ ਬਣ ਜਾਏਂਗਾ। ਹਮੇਸ਼ਾ ਸੁਖੀ ਰਹੇਂਗਾ। ਅਬਿਨਾਸੀ ਹੋ ਜਾਏਂਗਾ। ਬਾਬਾ ਨਾਨਕ ਤੇਰੀ ਚਰਨ-ਧੂੜ ਲਏਗਾ। ਪਰਉਪਕਾਰੀ ਹੋ ਜਾਏਂਗਾ। ਰੱਬ ਨੇੜੇ ਵੱਸਦਾ ਨਜ਼ਰ ਆਏਗਾ। ਸਾਰੇ ਕੰਮ ਪੂਰੇ ਹੋ ਜਾਣਗੇ। ਸਚਖੰਡਿ ਜਗਾਹ ਮਿਲ ਜਾਏਗੀ। ਸਾਰੀ ਸ੍ਰਿਸ਼ਟੀ ਵਾਹਿਗੁਰੂ ਜਪਨ ਨੂੰ ਹੀ ਬਣਾਈ ਹੈ। ਅੰਮ੍ਰਿਤਧਾਰੀ ਬਣ ਕੇ ਸਿਮਰਨ ਕਰੀਂ ਮਣੀ ਅਸਰ ਕਰੇਗੀ। ਜਿਥੇ ਮਾਂ ਪਿਓ ਮੱਦਦ ਨਹੀਂ ਕਰ ਸਕਦੇ। ਜਿਥੇ ਬਹੁਤ ਭਿਅੰਕਰ ਜਮਦੂਤ ਹਨ। ਅਗਰ ਕੋਈ ਤਕਲੀਫ ਆ ਗਈ ਹੈ। ਅੱਗੇ ਇਕੱਲੇ ਨੇ ਹੀ ਜਾਣਾ ਹੈ। ਅੱਗੇ ਅਨੇਕਾਂ ਜੂਨਾਂ ਹਨ। ਨਰਕਾਂ ਇਨੀ ਦੂਰ ਹਨ, 90 Million Light years ਤੇਰਾ ਕੋਈ ਵਾਕਫ ਵੀ ਨਹੀਂ ਹੈ। ਗਰਮ ਕੜਾਹੇ ਨਰਕਾਂ ਵਿਚ ਤਪ ਰਹੇ ਹਨ। ਉਥੇ ਤੈਨੂੰ ਇਸ ਵਾਹਿਗੁਰੂ ਨਾਮ ਨੇ ਹੀ ਮੱਦਦ ਕਰਨੀ ਹੈ, ਹੋਰ ਕਿਸੇ ਨੇ ਨਹੀਂ। ਇਹ ਵਾਹਿਗੁਰੂ ਨਾਮ ਕਾਮਧੇਨ ਹੈ ਪਾਰਜਾਤ ਹੈ। ਨਾਮ ਦੀ ਬਰਾਬਰੀ ਹੋਰ ਕੋਈ ਨਹੀਂ ਕਰ ਸਕਦਾ। ਪਰ ਗੁਰੂ ਦੀ ਮਿਹਰ ਲੈ ਕੇ ਜਪੀਂ। ਅੰਮ੍ਰਿਤਧਾਰੀ ਬਣ ਕੇ ਜਪੀਂ।

**1038 ਧਰਮ ਹੋਰ ਹਨ, ਦੁਨੀਆਂ ਵਿਚ ਕੋਈ ਵੀ ਧਰਮ ਵਾਹਿਗੁਰੂ ਨਾਮ ਜਪਨ ਦੀ ਬਰਾਬਰੀ ਨਹੀਂ ਕਰ ਸਕਦਾ।** ਜਪ, ਤਪ, ਹੋਰਨਾਂ ਧਰਮਾਂ ਦਾ ਗਿਆਨ, ਧਿਆਨ-ਸਾਰੇ ਧਰਮਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਲੈ। ਜੋਗ ਅਭਿਆਸ ਕਰ ਲੈ। ਪਰਵਾਰ ਛੱਡ ਕੇ ਜੰਗਲਾਂ ਵਿਚ ਚਲਾ ਜਾਹ। ਹਵਨ ਕਰਾ ਲੈ, ਦਾਨ ਕਰ ਲੈ, ਆਪਣਾ ਸਰੀਰ ਕਟਾ ਲੈ, ਵਰਤ ਨੇਮ ਕਰ ਲੈ। ਅੰਮ੍ਰਿਤਧਾਰੀ ਬਣ ਕੇ ਇਕ ਵਾਰੀ ਵਾਹਿਗੁਰੂ ਕਹਿਣ ਦੇ ਬਰਾਬਰ ਨਹੀਂ ਹੈ। ਸਾਰੀ ਧਰਤੀ ਦਾ ਚੱਕਰ ਮਾਰ ਲੈ, ਤਪੀਆ ਬਣ ਜਾਹ, ਹਵਨ ਵਿਚ ਆਪਣੇ ਆਪ ਨੂੰ ਸਾੜ ਲੈ। ਸਾਰਾ ਕੁਝ ਦਾਨ ਕਰ ਦੇਹ, ਨਿਉਲੀ ਕਰਮ ਕਰ ਲੈ। ਜੈਨੀ ਧਰਮ ਦਾ ਸਾਧਨ ਕਰ ਲੈ। ਸਰੀਰ ਦੇ ਟੋਟੇ ਕਰ ਲੈ। ਤੀਰਥਾਂ ਤੇ ਚਲੇ ਜਾਹ। ਬਾਹਰਲਾ ਭੇਖ ਕਰ ਲੈ। ਸਚਖੰਡਿ ਨਹੀਂ ਜਾ ਪਾਏਂਗਾ। ਕੋਈ ਕਰਮ ਕਰ ਲੈ-ਜਮ ਤੋਂ ਨਹੀਂ ਬਚ ਸਕਦਾ।

**ਚਾਰ ਪਦਾਰਥ ਚਾਹੀਦੇ ਹਨ (ਧਰਮ-ਅਰਥ-ਕਾਮ-ਮੋਖ)** ਗੁਰਸਿਖਾਂ ਦੀ ਸੇਵਾ ਕਰ।

ਵਾਹਿਗੁਰੂ ਨਾਮ ਜਪਨਾ ਸੀ ਸਾਰੇ ਧਰਮਾਂ ਤੋਂ ਸ੍ਰੇਸ਼ਟ ਕਰਮ ਹੈ । ਗੁਰਬਾਣੀ ਦੀ ਵਿਚਾਰ ਸਭ ਤੋਂ ਉੱਤਮ ਹੈ।

**ਹੇ ਮੂਰਖ ਬੰਦੇ ! ਜਿਸ ਵਾਹਿਗੁਰੂ ਨੇ ਤੈਨੂੰ ਪੈਦਾ ਕੀਤਾ ਹੈ, ਉਸ ਵਾਹਿਗੁਰੂ ਨੂੰ ਹਿਰਦੇ ਵਿਚ ਸਾਂਭ ਕੇ ਰੱਖ।** ਤੇਰਾ ਮੂਲ ਕੀ ਹੈ, ਵੀਰਜ ਤੇ ਗੰਦਾ ਲਹੂ-ਤੇਰਾ ਵਜੂਦ ਕਿੰਨਾ ਸੋਹਣੈ। ਸਾਰੀ ਸ੍ਰਿਸ਼ਟੀ ਵਿਚੋਂ ਤੂੰ ਹੀ ਸੋਹਣਾ ਹੈ। ਤੇਰੇ ਗਿਆਨ ਇੰਦ੍ਰੇ ਕਿਵੇਂ ਕੰਮ ਕਰਦੇ ਹਨ? ਤੈਨੂੰ ਸਾਜ ਕੇ ਸਵਾਰਿਆ ਤੇ ਸੰਗਾਰਿਆ ਵੀ ਹੈ । ਮਾਂ ਦੇ ਪੇਟ ਵਿਚ ਬਚਾ ਕੇ ਰਖਿਆ ਹੈ। ਛੋਟੀ ਉਮਰੇ ਦੁੱਧ ਪਿਲਾਇਆ ਹੈ। ਬੈਠੇ ਨੂੰ ਰੋਟੀ ਮਿਲੀ ਹੈ । ਬੁਢੇ ਵੇਲੇ ਵੀ ਤੇਰੀ ਸੇਵਾ ਹੋਈ । ਪਰਵਾਰ ਵਿਚ ਸੁਖੀ ਵੱਸ ਰਿਹਾ ਹੈਂ। ਠੰਢਾ ਪਾਣੀ ਪੀਂਦਾ ਹੈ। ਹਵਾ ਕਿੰਨੀ ਕੀਮਤੀ ਹੈ ਤੂੰ ਸਾਹ ਲੈ ਰਿਹਾ ਹੈਂ। ਅੱਗ ਸਾਰੇ ਕੰਮ ਸਵਾਰਦੀ ਹੈ। ਸਾਰੇ ਰਸ ਭੋਗ ਰਿਹਾ ਹੈਂ । ਹੱਥ, ਪੈਰ, ਕੰਨ, ਅੱਖਾਂ, ਜ਼ੁਬਾਨ ਤੈਨੂੰ ਦਿੱਤੀਆਂ ਹੈ। ਇਹ ਸਾਰੀ ਉਸੇ ਦੀ ਬਖਸ਼ਿਸ਼ ਹੈ। ਜੀਵ ! ਤੂੰ ਹੁਣ ਉਸ ਦੇ ਪਰਉਪਕਾਰਾਂ ਨੂੰ ਭੁੱਲੀ ਜਾ ਰਿਹਾ ਹੈ। ਅਰਦਾਸ ਕਰ ਵਾਹਿਗੁਰੂ ਸੁਮੱਤ ਬਖਸ਼। ਆਪਣੇ ਨਾਲ ਜੋੜੀ ਰੱਖ ।

**ਸਾਰਾ ਕੁਝ ਤਾਂ ਰੱਬ ਦੇ ਰਿਹਾ ਹੈ। ਫਿਰ ਉਸੇ ਵਾਹਿਗੁਰੂ ਦਾ ਸਿਮਰਨ ਕਰ, ਨਹੀਂ ਤਾਂ ਨਰਕਾਂ ਵਿਚ ਜਾਵੇਂਗਾ।** ਸਾਰੀਆਂ ਚੀਜ਼ਾਂ ਵਾਹਿਗੁਰੂ ਦੇ ਰਿਹਾ ਹੈ । ਇਕ ਨਹੀਂ ਦਿੱਤੀ, ਤੂੰ ਨਰਾਜ਼ ਹੋ ਜਾਂਦਾ ਹੈ। ਜੇ ਇਕ ਵੀ ਨਾ ਦੇਵੇ ਸਾਰੀਆਂ ਦਿੱਤੀਆਂ ਦਾਤਾਂ ਖੋਹ ਲਏ ਤਾਂ ਕੀ ਕਰ ਲਏਂਗਾ। ਤਨ, ਧਨ, ਪਰਵਾਰ, ਰਾਜ, ਜੋਬਨ, ਧਨਮਾਲ, ਰੱਥ ਹਾਥੀ, ਘੋੜੇ, ਸੁੰਦਰ ਕੱਪੜੇ, ਮਾਇਆ, ਸਾਰੇ ਨਾਸਵੰਤ ਹਨ।

ਅੰਮ੍ਰਿਤ ਛੱਕ ਕੇ ਅਰਦਾਸ ਕਰ ਵਾਹਿਗੁਰੂ! ਕਾਮ ਕ੍ਰੋਧ ਲੋਭ ਮੋਹ ਹੰਕਾਰ ਖਤਮ ਹੋ ਜਾਏ। ਉਸ ਦੀ ਕ੍ਰਿਪਾ ਨਾਲ ਛੱਤੀ ਪ੍ਰਕਾਰ ਦੇ ਭੋਜਨ ਖਾ ਰਿਹਾ ਹੈ। ਸੈਂਟ-ਅਤਰ ਸਰੀਰ ਤੇ ਲਾਂਦਾ ਹੈ। ਘਰ ਵਿਚ ਸੁਖੀ ਵੱਸਦਾ ਹੈ। ਸੋਹਣੇ ਰੇਸ਼ਮੀ ਕਪੜੇ ਪਾਂਦਾ ਹੈ। ਸੋਹਣੇ ਬਿਸਤਰਿਆਂ ਤੇ ਸੌਂਦਾ ਹੈ। ਤੇਰਾ ਸਤਿਕਾਰ ਹੈ। ਤੇਰੇ ਸਾਰੇ ਐਬ ਢੱਕਦਾ ਹੈ, ਉਸਦੀ ਕਿਰਪਾ ਨਾਲ ਹੀ ਇਹ ਕੀਮਤੀ ਸਰੀਰ ਮਿਲਿਆ ਹੈ। ਗਹਿਣੇ ਪਹਿਣਦਾ ਹੈਂ। ਘੋੜੇ ਹਾਥੀ ਵਧੀਆਂ ਕਾਰਾਂ ਤੇ ਸਵਾਰੀ ਕਰਦਾ ਹੈਂ। ਬਾਗ-ਜਮੀਨਾਂ ਤੇ ਧਨ ਮਿਲੇ ਹਨ। ਇਹ ਸਾਰੀ ਉਸੇ ਵਾਹਿਗੁਰੂ ਦੀ ਕਿਰਪਾ ਹੈ,

ਫਿਰ ਉਸ ਦਾ ਸਿਮਰਨ ਕਰ। ਉਸ ਨੂੰ ਯਾਦ ਕਰ।

**ਰੱਬ ਅਕਲੋਂ ਬਾਹਿਰਾ ਹੈ, ਉਸ ਨੂੰ ਸਿਰਫ ਤੇ ਸਿਰਫ ਬਾਬਾ ਨਾਨਕ ਹੀ ਜਾਣਦਾ ਹੈ, ਹੋਰ ਕੋਈ ਨਹੀਂ।** ਬਾਬੇ ਨਾਨਕ ਦੀ ਕਹਾਣੀ ਅਸਚਰਜ ਹੈ। ਬਾਬੇ ਦੀ ਸੰਗਤਿ ਕਰਨ ਨਾਲ, ਗੁਰਬਾਣੀ ਵਿਚਾਰਨ ਨਾਲ, ਮੂੰਹ ਪਵਿੱਤਰ ਹੋ ਜਾਂਦਾ ਹੈ, ਮੈਲ ਸਾਰੀ ਉਤਰ ਜਾਂਦੀ ਹੈ। ਹਉਮੈ ਖਤਮ ਹੋ ਜਾਂਦੀ ਹੈ। ਰੱਬ ਨੇੜੇ ਦਿੱਸ ਪੈਂਦਾ ਹੈ। ਨਰਕਾਂ ਦਾ ਹਿਸਾਬ ਖਤਮ ਹੋ ਜਾਂਦਾ ਹੈ। ਨਾਮ ਰਤਨ ਦੀ ਪ੍ਰਾਪਤੀ ਹੁੰਦੀ ਹੈ। ਰੱਬ ਲਭਣ ਦੀ ਕੋਸ਼ਿਸ਼ ਹੁੰਦੀ ਹੈ, ਰੱਬ ਮਿਲ ਜਾਂਦਾ ਹੈ, ਜੀਵ ਹਮੇਸ਼ਾ ਖਿੜੇ ਮੱਥੇ ਰਹਿੰਦਾ ਹੈ। ਪੰਜੇ ਕਾਮ-ਆਦਿਕ ਵੱਸ ਵਿਚ ਆ ਜਾਂਦੇ ਹਨ। ਅੰਮ੍ਰਿਤ-ਰਸ ਆ ਜਾਂਦਾ ਹੈ। ਸਾਰਿਆਂ ਦੀ ਚਰਨ-ਧੂੜ ਹੋਈਦਾ ਹੈ-ਬੋਲ ਮਿੱਠੇ ਹੋ ਜਾਂਦੇ ਹਨ। ਭਟਕਦਾ ਨਹੀਂ, ਮਨ ਟਿਕ ਜਾਂਦਾ ਹੈ। ਨਿਰਮੋਹ ਹੋ ਜਾਈਦਾ ਹੈ, ਰੱਬ ਖ਼ੁਸ਼ ਹੋ ਜਾਂਦਾ ਹੈ। ਸਾਰੇ ਦੁਸ਼ਮਨ ਮਿੱਤਰ ਹੋ ਜਾਂਦੇ ਹਨ। ਸਰੀਰ ਬਹੁਤ ਪਵਿੱਤਰ ਹੋ ਜਾਂਦਾ ਹੈ। ਕਿਸੇ ਨਾਲ ਵੈਰ ਨਹੀਂ ਰਹਿੰਦਾ। ਗਲਤ ਰਸਤੇ ਨਹੀਂ ਜਾਂਦਾ । ਕੋਈ ਭੈੜਾ ਨਹੀਂ ਦਿੱਸਦਾ। ਹਉਮੈ-ਮੈ-ਮੇਰੀ ਤਿਆਗ ਦੇਂਦਾ ਹੈ। ਬਾਬਾ ਤੇ ਵਾਹਿਗੁਰੂ ਇਕੋ ਹੀ ਗੱਲ ਹੈ। ਹਮੇਸ਼ਾ ਸੁਖੀ ਰਹਿੰਦਾ ਹੈ। ਸਚਖੰਡਿ ਪਹੁੰਚ ਜਾਂਦਾ ਹੈ। ਧਰਮ ਵਿੱਚ ਪੱਕਾ ਰਹਿੰਦਾ ਹੈ। ਸਾਰੀ ਕੁਲ ਸਚਖੰਡਿ ਪਹੁੰਚ ਜਾਂਦੀ ਹੈ। ਹੋਰਨਾਂ ਤੇ ਵੀ ਜੀਵ ਬਖਸ਼ਿਸ਼ ਕਰਦਾ ਹੈ। ਧਰਮ ਰਾਇ ਸੇਵਾ ਕਰਦਾ ਹੈ। ਦੇਵੀ ਦੇਵਤੇ ਵੀ ਧੰਨ ਧੰਨ ਆਖਦੇ ਹਨ। ਸਾਰੇ ਪਾਪ ਮੁੱਕ ਜਾਂਦੇ ਹਨ । ਜਨਮ ਸਫਲ ਹੋ ਜਾਂਦਾ ਹੈ। ਤਿੰਨਾਂ ਭਵਨਾਂ ਵਿਚ ਪਹੁੰਚ ਹੋ ਜਾਂਦੀ ਹੈ। ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ। ਦਰਸ਼ਨ ਕਰਕੇ ਜੀਵ ਨਿਹਾਲ ਹੋ ਜਾਂਦਾ ਹੈ। ਨਰਕਾਂ ਤੋਂ ਬਚ ਜਾਈਦਾ ਹੈ। ਇਥੇ ਉਥੇ ਸੁਖੀ ਰਹਿੰਦਾ ਹੈ। ਵਿਛੁੜੇ ਹੋਏ ਦਾ ਮਿਲਾਪ ਹੋ ਜਾਂਦਾ ਹੈ। ਸਾਰੀਆਂ ਇਛਾ ਪੂਰੀਆਂ ਹੋ ਜਾਂਦੀਆਂ ਹਨ। ਸੰਗਤਿ ਵਿਅਰਥ ਨਹੀਂ ਜਾਂਦੀ। ਵਾਹਿਗੁਰੂ ਬਾਬੇ ਨਾਨਕ ਦੇ ਹਿਰਦੇ ਵਿਚ ਵੱਸਦਾ ਹੈ। ਜੀਵ ਆਗਿਆਕਾਰੀ ਹੋ ਜਾਂਦਾ ਹੈ। ਬਾਬੇ ਨਾਨਕ ਦੀ ਉਸਤਤਿ ਕੋਈ ਧਰਮ ਨਹੀਂ ਜਾਣਦਾ। ਕੋਈ ਬੰਦਾ ਨਹੀਂ ਜਾਣਦਾ। ਉਸ ਨੂੰ ਜਾਂ ਤਾਂ ਵਾਹਿਗੁਰੂ ਜਾਣਦਾ ਹੈ ਜਾਂ ਬਾਬਾ ਆਪ ਜਾਣਦਾ ਹੈ।

**ਮਨੋਂ ਤੇ ਮੁਖੋਂ ਸਚਾ, ਇਕ ਵਾਹਿਗੁਰੂ ਤੋਂ ਬਗੈਰ ਕਿਸੇ ਨੂੰ ਜਾਣਦਾ ਹੀ ਨਹੀਂ, ਉਹ ਬ੍ਰਹਮ ਗਿਆਨੀ ਹੈ।** ਕਮਲ ਵਰਗਾ ਨਿਰਲੇਪ ਹੈ। ਨਜ਼ਰ ਇਕ ਬਰਾਬਰ ਹੈ। ਧੀਰਜ ਹੈ। ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਅੰਮ੍ਰਿਤ-ਰਸ ਆਉਂਦਾ ਹੈ। ਉਸ ਨੂੰ ਮਾਇਆ ਦਾ ਕੋਈ ਜੰਜਾਲ ਨਹੀਂ ਹੁੰਦਾ। ਸਾਰਾ ਸੰਸਾਰ ਉਸ ਦੀ ਸੰਗਤਿ

ਕਰਕੇ ਸਚਖੰਡਿ ਜਾ ਸਕਦਾ ਹੈ। ਉਹ ਆਪ ਵਾਹਿਗੁਰੂ ਹੈ।

**ਸਾਰਿਆਂ ਜੀਵਾਂ ਵਿਚ ਇਕ ਰੱਬ ਦੀ ਜੋਤ ਹੈ। ਸਾਰੇ ਜੀਵ ਹੀ ਰੱਬ ਦੇ ਹਨ।** ਕੋਈ ਨੀਵਾਂ ਉੱਚਾ ਨਹੀਂ ਹੈ। ਝੂਠ ਨੂੰ ਜੀਭ ਦੇ ਨੇੜੇ ਨਾ ਲਿਆਓ, ਅੰਦਰ ਰੱਬ ਨੂੰ ਦੇਖੋ। ਪਰਾਈ ਔਰਤ ਨੂੰ ਕਾਮ ਦੀ ਨਿਗਾਹ ਨਾਲ ਨਾ ਦੇਖੋ। ਕੰਨਾਂ ਨੂੰ ਨਿੰਦਾ ਸੁਨਣ ਦੀ ਵਾਦੀ ਨਾ ਪਾਓ। ਮਾਇਆ-ਸਰੀਰ ਤੋਂ ਨਿਰਮੋਹ ਰਹੋ। ਵਖਰਾ ਧਰਮ-ਫਿਰਕਾ ਬਣਾਉਣ ਦੀ ਲੋੜ ਨਹੀਂ। ਗੁਣ ਧਾਰਨ ਕਰੋ। ਆਪਣੇ ਮਨ ਨੂੰ ਸਮਝਾਓ। ਅੰਦਰੋਂ ਅੰਮ੍ਰਿਤ ਲਭੋ। ਰੱਬ ਦਾ ਸਹੀ ਗਿਆਨ ਹੋਵੇ। ਕੋਈ ਵੀ ਅੰਮ੍ਰਿਤ ਛੱਕ ਕੇ ਵਾਹਿਗੁਰੂ ਨਾਮ ਜਪ ਕੇ ਦੇਖ ਲਏ। ਵਾਹਿਗੁਰੂ ਸਿਮਰਨ ਸਭ ਦਾ ਮੂਲ ਹੈ। ਜਪ ਕੇ ਦੇਖ ਲਓ। ਚਾਰੇ ਵਰਨਾਂ ਦੇ ਲੋਕ ਜਪ ਸਕਦੇ ਹਨ। ਜਿਹੜਾ ਵੀ ਜਪੇਗਾ-ਸਚਖੰਡਿ ਪਹੁੰਚ ਜਾਏਗਾ। ਸਾਰੇ ਰੋਗਾਂ ਦੀ ਦਵਾਈ ਹੀ ਵਾਹਿਗੁਰੂ ਸਿਮਰਨ ਹੈ। ਕਿਸੇ ਜੁਗਤੀ ਨਾਲ, ਕਿਸੇ ਹੋਰ ਧਰਮ ਵਿਚ ਰੱਬ ਨਹੀਂ ਮਿਲਦਾ। ਸਿਰਫ ਅੰਮ੍ਰਿਤ ਛਕਣ ਨਾਲ ਹੀ ਮਿਲਦਾ ਹੈ।

**ਸਾਰੀ ਸ੍ਰਿਸ਼ਟੀ ਰੱਬ ਨੂੰ ਯਾਦ ਕਰ ਰਹੀ ਹੈ, ਪਰ ਰੱਬ ਨੂੰ ਜਾਣ ਨਹੀਂ ਸਕਦੀ। ਕਰਮਾਂ ਕਰਕੇ ਬੜੇ ਤਰ੍ਹਾਂ ਦੀ ਰੰਗ ਬਰੰਗੀ ਸ੍ਰਿਸ਼ਟੀ ਹੈ।** ਕਈ ਪੁਜਾਰੀ ਹਨ, ਕ੍ਰੋੜਾਂ ਧਾਰਮਿਕ ਰਸਮਾਂ ਕਰਨ ਵਾਲੇ ਹਨ। ਕ੍ਰੋੜਾਂ ਹੀ ਤੀਰਥ ਤੇ ਵੱਸਦੇ ਹਨ, ਕ੍ਰੋੜਾਂ ਜੰਗਲਾਂ ਵਿਚ ਵੱਸਦੇ ਹਨ। ਕ੍ਰੋੜਾਂ ਵੇਦਾਂ ਦੇ ਸੁਨਣ ਵਾਲੇ ਹਨ। ਕ੍ਰੋੜਾਂ ਤਪੀਸਰ ਹਨ। ਕ੍ਰੋੜਾਂ ਹੀ ਸੁਰਤੀ ਜੋੜਦੇ ਹਨ। ਕ੍ਰੋੜਾਂ ਹੰਕਾਰੀ, ਮੂਰਖ, ਕੰਜੂਸ, ਪੱਥਰ ਦਿਲ, ਚੋਰ, ਨਿੰਦਕ, ਮਾਇਆਧਾਰੀ ਬਾਹਿਰ ਭਟਕਦੇ ਫਿਰਦੇ ਹਨ। ਕ੍ਰੋੜਾਂ ਸਿਧ, ਜਤੀ, ਜੋਗੀ, ਰਾਜੇ, ਪੰਖੀ, ਸੱਪ, ਪੱਥਰ, ਬ੍ਰਿਖ, ਅੱਗਾਂ, ਪਾਣੀ, ਹਵਾਵਾਂ, ਦੇਸ਼, ਧਰਤੀਆਂ ਅਕਾਸ਼ ਵਿਚ ਘੁੰਮਦੀਆਂ ਫਿਰਦੀਆਂ ਹਨ। ਕ੍ਰੋੜਾਂ ਚੰਦਰਮਾ, ਸੂਰਜ, ਤਾਰੇ, ਇੰਦਰ, ਦੇਵਤੇ, ਸਮੁੰਦਰ ਵਿਚ ਕ੍ਰੋੜਾਂ ਰਤਨ, ਕ੍ਰੋੜਾਂ ਪ੍ਰਕਾਰ ਦੇ ਜੀਅ ਜੰਤ। ਕ੍ਰੋੜਾਂ ਲੰਬੀ ਉਮਰ ਭੋਗਣ ਵਾਲੇ, ਕ੍ਰੋੜਾਂ ਹੀ ਸੋਨੇ ਦੇ ਸੁਮੇਰ ਪਰਬਤ। ਕ੍ਰੋੜਾਂ ਹੀ ਦੇਵਤਿਆਂ ਦੀਆਂ ਕਿਸਮਾਂ ਹਨ। ਕ੍ਰੋੜਾਂ ਭੂਤ ਹਨ, ਪ੍ਰੇਤ ਹਨ, ਸੂਰ ਹਨ, ਸ਼ੇਰ ਹਨ। ਕਰੋੜਾਂ ਜੀਵ ਪਤਾਲ ਵਿਚ ਵੱਸ ਰਹੇ ਹਨ। ਕ੍ਰੋੜਾਂ ਨਰਕਾਂ ਵਿਚ ਕ੍ਰੋੜਾਂ ਪੁਰੀਆਂ ਵਿਚ ਸਵਰਗ ਵਿਚ। ਕ੍ਰੋੜਾਂ ਹੀ ਜੰਮਦੇ-ਮਰਦੇ ਕ੍ਰੋੜਾਂ ਹੀ ਨਰਕਾਂ ਵਿਚ ਘੁੰਮ ਰਹੇ ਹਨ। ਕ੍ਰੋੜਾਂ ਬੈਠੇ ਹੀ ਖਾ ਰਹੇ ਹਨ, ਕ੍ਰੋੜਾਂ ਹੀ ਮਿਹਨਤ ਕਰਕੇ ਥੱਕ ਗਏ। ਕ੍ਰੋੜਾਂ ਅਮੀਰ ਕ੍ਰੋੜਾਂ ਮਾਇਆ ਲਈ ਤਰਸ ਰਹੇ ਹਨ। ਕ੍ਰੋੜਾਂ ਵੈਰਾਗੀ, ਕ੍ਰੋੜਾਂ ਰੱਬ ਨੂੰ ਲੱਭ ਰਹੇ ਹਨ । ਕ੍ਰੋੜਾਂ ਹੀ ਦਰਸ਼ਨ ਅਭਿਲਾਖੀ ਹਨ। ਕ੍ਰੋੜਾਂ

ਸਤਸੰਗ ਮੰਗਦੇ ਹਨ। ਕ੍ਰੋੜਾਂ ਹੀ ਜੀਵ ਪੈਦਾ ਹੁੰਦੇ ਹਨ। ਕ੍ਰੋੜਾਂ ਧਰਤੀਆਂ ਦੇ ਟੁਕੜੇ। ਕ੍ਰੋੜਾਂ ਜੀਵ ਅਕਾਸ਼, ਬ੍ਰਹਿਮੰਡਾਂ ਵਿਚ ਵੱਸਦੇ ਹਨ। ਕ੍ਰੋੜਾਂ ਅਵਤਾਰ ਹੋਏ ਹਨ। ਕਈ ਤਰੀਕਿਆਂ ਨਾਲ ਜਗਤ ਦਾ ਪਸਾਰਾ ਕੀਤਾ ਹੋਇਆ ਹੈ। ਕਈ ਵਾਰੀ ਦੁਨੀਆਂ ਪੈਦਾ ਹੋਈ 150 ਵਾਰੀ। ਕ੍ਰੋੜਾਂ ਵਾਹਿਗੁਰੂ ਦੇ ਭਗਤ। ਕ੍ਰੋੜਾਂ ਵਾਹਿਗੁਰੂ ਦੇ ਜਾਨਣ ਵਾਲੇ। ਕ੍ਰੋੜਾਂ ਅੰਮ੍ਰਿਤ-ਰਸ ਪੀਂਦੇ ਹਨ। ਕ੍ਰੋੜਾਂ ਵਾਹਿਗੁਰੂ ਦੇ ਗੁਣ ਦੱਸਣ ਵਾਲੇ।

**ਸਾਰੀ ਸ੍ਰਿਸ਼ਟੀ, ਕੁਦਰਤ, ਬ੍ਰਹਿਮੰਡ, ਪੰਜ ਭੂਤਕ ਬਣਾਉਣ ਵਾਲਾ ਸਿਰਫ ਤੇ ਸਿਰਫ ਇਕ ਪ੍ਰਕਾਸ਼ ਵਾਹਿਗੁਰੂ ਹੈ ਹੋਰ ਕੋਈ ਨਹੀਂ। ਉਹ ਰੱਬੀ ਪ੍ਰਕਾਸ਼ ਜਲ ਵਿਚ ਧਰਤੀ ਤੇ ਅਕਾਸ਼ ਵਿਚ ਇਕ-ਰਸ ਹੈ।** ਇਕ ਸਕਿੰਟ ਵਿਚ ਦੁਨੀਆਂ ਢਾਹ ਕੇ ਨਵੀਂ ਬਣਾ ਸਕਦਾ ਹੈ। ਦੁਨੀਆਂ ਬਣਾ ਕੇ, ਬਿਨਾਂ ਕਿਸੇ ਆਸਰੇ ਟਿਕਾ ਸਕਦਾ ਹੈ। ਪੱਥਰਾਂ ਨੂੰ ਤਾਰ ਸਕਦਾ ਹੈ। ਸਾਹ ਤੋਂ ਬਗੈਰ ਜਿੰਦਾ ਰੱਖ ਸਕਦਾ ਹੈ। ਬੰਦਾ ਕੁਛ ਵੀ ਨਹੀਂ ਕਰ ਸਕਦਾ। ਮੂਰਖਤਾ ਦੇ ਕਾਰਨ ਮਾਇਆ-ਜ਼ਹਿਰ ਵਿਚ ਮਸਤ ਰਹਿੰਦਾ ਹੈ। ਜਿਸ ਤੇ ਬਖਸ਼ਿਸ਼ ਕਰਦਾ ਹੈ ਫਿਰ ਕਰਮਾਂ ਦਾ ਲੇਖਾ ਨਹੀਂ ਮੰਗਦਾ। ਉਹ ਨਰਕਾਂ ਵਿਚ ਨਹੀਂ ਜਾਂਦਾ। ਸਰੀਰ, ਜੀਵਾਤਮਾ ਤੇ ਸਾਹ ਉਸਦੀ ਪੂੰਜੀ ਹੈ। ਸਰੀਰ ਨੂੰ ਦਿੱਤੀ ਤਾਕਤ ਵੀ ਇਸਦੇ ਵੱਸ ਵਿਚ ਨਹੀਂ ਹੈ। ਕਰਦਾ ਸਭ ਕੁਛ ਰੱਬ ਹੀ ਹੈ। ਉਸ ਦੇ ਹੁਕਮ ਤੋਂ ਬਗੈਰ ਪੱਤਾ ਨਹੀ ਹਿੱਲ ਰਿਹਾ।

**ਨਿਮਰਤਾ ਧਾਰਨ ਕਰਨ ਵਾਲਾ, ਗਰੀਬੀ ਸੁਭਾਵ ਵਾਲਾ ਸੁਖੀ ਰਹਿੰਦਾ ਹੈ।** ਹੰਕਾਰੀ ਸੜ ਮਰਦਾ ਹੈ। ਹੰਕਾਰੀ ਰਾਜਾ-ਨਰਕਾਂ ਵਿਚ ਜਾਂਦਾ ਹੈ। ਮੈਂ ਸੋਹਣਾ-ਗੂੰਹ ਦਾ ਕੀੜਾ ਬਨਦਾ ਹੈ। ਮੈਂ ਚੰਗਾ-ਚੌਰਾਸੀ ਵਿਚ ਘੁੰਮਦਾ ਹੈ। ਮੈਂ ਅਮੀਰ ਮੈਂ ਜਾਗੀਰਦਾਰ, ਉਹ ਮੂਰਖ-ਅੰਨਾ-ਅਗਿਆਨੀ ਹੈ। ਮੇਰੇ ਕੋਲ ਬੜੀ ਫੌਜ਼-ਸੰਕਿਟ ਵਿਚ ਖਤਮ ਹੋ ਜਾਂਦੀ ਹੈ। ਮੈਂ ਬਹੁਤ ਤਾਕਤ ਵਾਲਾ-ਸਕਿੰਟ ਵਿਚ ਸੁਆਹ ਹੋ ਜਾਂਦਾ ਹੈ। ਹੰਕਾਰੀ ਕਿਸੇ ਦੀ ਪਰਵਾਹ ਹੀ ਨਹੀਂ ਕਰਦਾ-ਧਰਮਰਾਜ ਮਿੱਟੀ ਵਿਚ ਰੋਲ ਦੇਂਦਾ ਹੈ। ਮੈਂ ਕ੍ਰੋੜਾਂ ਕੰਮ ਕੀਤੇ-ਥਕੇਵਾਂ ਹੀ ਲਿਆ। ਮੈਂ ਤਪਸਿਆ ਕੀਤੀ-ਨਰਕਾਂ ਵਿਚ। ਮੈਂ ਭਲਾ ਪੁਰਸ਼-ਸਭ ਤੋਂ ਨਿਕੰਮਾ ਹੈ। ਮੈਂ ਬਹੁਤ ਕੁਛ ਕਰ ਸਕਦਾ ਹਾਂ-ਕਦੀ ਸੁਖੀ ਨਹੀਂ, ਹਮੇਸ਼ਾ ਨਰਕਾਂ ਵਿਚ। ਇਹ ਮੇਰਾ ਦੋਸਤ ਇਹ ਵੈਰੀ-ਮਨ ਨਹੀਂ ਟਿਕੇਗਾ। ਮਾਇਆਧਾਰੀ ਹੈ, ਧਰਮਰਾਜ ਸਜਾ ਦਿੰਦਾ ਹੈ। ਲੱਖਾਂ ਕਮਾ ਲਏ, ਕ੍ਰੋੜਾਂ ਦੀ ਕੋਸ਼ਿਸ਼ ਕਰਦਾ ਹੈ, ਬੜੇ ਭੋਗ ਭੋਗਦਾ ਹੈ-

ਖਪ ਖਪ ਮਰਦਾ ਹੈ।

**ਜੋ ਅੰਮ੍ਰਿਤ ਛੱਕ ਲੈਂਦਾ ਹੈ ਨਰਕਾਂ ਤੋਂ ਬਚ ਜਾਂਦਾ ਹੈ। ਨਿੰਦਕ ਨਰਕਾਂ ਵਿਚ ਡੁੱਬ ਮਰਦਾ ਹੈ।**

ਨਿੰਦਕ ਦੀ ਉਮਰ ਘਟ ਜਾਂਦੀ ਹੈ। ਜਮ ਤੋਂ ਨਹੀਂ ਬਚ ਸਕਦਾ। ਸਾਰੇ ਸੁਖ ਖਤਮ ਹੋ ਜਾਂਦੇ ਹਨ। ਨਿੰਦਕ ਨਰਕਾਂ ਵਿਚ ਜਾਂਦਾ ਹੈ। ਮਤਿ ਗੰਦੀ-ਵਿਕਾਰੀ ਹੋ ਜਾਂਦੀ ਹੈ। ਬਦਨਾਮੀ ਹੁੰਦੀ ਹੈ। ਨਿੰਦਕ ਨੂੰ ਸਾਰੇ ਫਿਟਕਾਰਦੇ ਹਨ, ਹਿਰਦਾ ਹੀ ਭਰਿਸ਼ਟ ਹੋ ਜਾਂਦਾ ਹੈ। ਨਿੰਦਕ ਦਾ ਮੂੰਹ ਵਿੰਗਾ ਹੋ ਜਾਂਦਾ ਹੈ, ਕਾਂ ਦੀ ਤਰ੍ਹਾਂ ਬੋਲਦਾ ਹੈ, ਗੂੰਹ ਖਾਂਦਾ ਹੈ। ਨਿੰਦਕ ਸੱਪ ਦੀ ਜੂਨ ਵਿਚ ਪੈਂਦਾ ਹੈ। ਨਿਕੀਆਂ ਨਿੱਕੀਆਂ ਟੇਢੀਆਂ ਜੂਨਾਂ ਵਿਚ ਪੈਂਦਾ ਹੈ। ਗੂੰਹ ਦਾ ਕੀੜਾ ਬਣਦਾ ਹੈ। ਈਰਖਾ ਦੀ ਅੱਗ ਵਿਚ ਸੜਦਾ ਹੈ ਸਾਰਿਆਂ ਨੂੰ ਠੱਗਦਾ ਹੈ। ਨਿੰਦਕ ਦਾ ਸਾਰਾ ਪ੍ਰਤਾਪ ਖਤਮ ਹੋ ਜਾਂਦਾ ਹੈ। ਨਿੰਦਕ ਨੀਚੇ ਤੋਂ ਨੀਵਾਂ ਹੈ। ਨਿੰਦਕ ਨੂੰ ਅੱਗੇ ਕੋਈ ਢੋਈ ਨਹੀਂ ਮਿਲਦੀ। ਨਿੰਦਕ ਅੱਤ ਚੁੱਕੀ ਰਖਦਾ ਹੈ। ਉਸ ਦਾ ਮਨ ਟਿਕ ਹੀ ਨਹੀਂ ਸਕਦਾ। ਨਿੰਦਕ ਬੜਾ ਜਾਲਮ-ਹਤਿਆਰਾ ਹੁੰਦਾ ਹੈ। ਨਿੰਦਕ ਰਾਜ ਤੋਂ ਵਾਂਜਿਆ ਰਹਿੰਦਾ ਹੈ। ਨਿੰਦਕ ਹਮੇਸ਼ਾ ਗੰਦੇ ਜੀਵਨ ਵਾਲਾ ਹੁੰਦਾ ਹੈ। ਕਿਸੇ ਦਾ ਮਿੱਤਰ ਨਹੀਂ ਹੁੰਦਾ। ਰੱਬ ਤੋਂ ਹਮੇਸ਼ਾ ਟੁੱਟਾ ਰਹਿੰਦਾ ਹੈ। ਨਿੰਦਕ ਹਮੇਸ਼ਾ ਗੰਦੇ ਜੀਵਨ ਵਾਲਾ ਹੁੰਦਾ ਹੈ। ਕਿਸੇ ਦਾ ਮਿੱਤਰ ਨਹੀਂ ਹੰਦਾ। ਨਿੰਦਕ ਨੂੰ ਅੱਗੇ ਸਜ਼ਾ ਮਿਲਦੀ ਹੈ, ਉਸਦੀ ਕੋਈ ਮੱਦਦ ਨਹੀਂ ਕਰ ਸਕਦਾ। ਨਿੰਦਕ ਬੜਾ ਹੰਕਾਰੀ ਹੁੰਦਾ ਹੈ। ਹਮੇਸ਼ਾ ਵਿਕਾਰੀ ਹੁੰਦਾ ਹੈ। ਨਿੰਦਕ ਜੰਮਦਾ-ਮਰਦਾ ਹੀ ਰਹਿੰਦਾ ਹੈ। ਅੱਗੇ ਬੈਠਣ ਨੂੰ ਜਗਾਹ ਨਹੀਂ ਮਿਲਦੀ। ਹਮੇਸ਼ਾ ਟੁੱਟਿਆ ਹੀ ਰਹਿੰਦਾ ਹੈ, ਕੋਈ ਕੰਮ ਉਸਦਾ ਪੂਰਾ ਨਹੀਂ ਹੁੰਦਾ। ਨਿੰਦਕ ਜੰਗਲਾਂ ਵਿਚ ਭਟਕਦਾ ਹੈ, ਕੁਰਾਹੇ ਪਿਆ ਰਹਿੰਦਾ ਹੈ। ਅੰਦਰੋਂ ਥੋਥਾ ਤੇ ਖਾਲੀ ਹੈ ਜਿਵੇਂ ਮੁਰਦੇ ਦੀ ਲਾਸ਼। ਨਿੰਦਕ ਦੀ ਜੜ੍ਹ ਹੀ ਨਹੀਂ ਹੁੰਦੀ-ਆਪਣੇ ਕਰਮ ਕੰਡੇ ਆਪ ਹੀ ਬੀਜਦਾ ਹੈ ਆਪ ਹੀ ਖਾਂਦਾ ਹੈ। ਕੋਈ ਉਸਦੀ ਮੱਦਦ ਨਹੀਂ ਕਰ ਸਕਦਾ, ਇਸ ਤਰ੍ਹਾਂ ਵਿਲਕਦਾ ਹੈ ਜਿਵੇਂ ਮੱਛੀ ਪਾਣੀ ਤੋਂ ਬਗੈਰ। ਕਦੀ ਨਹੀਂ ਰੱਜਦਾ, ਜਿਵੇਂ ਅੱਗ ਲੱਕੜ ਤੋਂ ਨਹੀਂ ਰੱਜਦੀ। ਜਿਵੇਂ ਤਿਲ ਦਾ ਬੂਟਾ ਨਿਖਸਮਾ ਹੈ ਤੇ ਉਸੇ ਤਰ੍ਹਾਂ ਨਿੰਦਕ ਹੈ। ਨਿੰਦਕ ਕਦੀ ਧਰਮੀ ਨਹੀਂ ਹੁੰਦਾ, ਹਮੇਸ਼ਾ ਝੂਠ ਹੀ ਬੋਲਦਾ ਹੈ। ਉਸਦੇ ਕਰਮਾਂ ਕਰਕੇ ਧੁਰੋਂ ਹੀ ਨਿੰਦਕ ਹੁੰਦਾ ਹੈ। ਨਿੰਦਕ ਕੋਹੜੀ ਹੋ ਜਾਂਦਾ ਹੈ, ਨਰਕਾਂ ਵਿਚ ਮਾਰ ਖਾਂਦਾ ਹੈ। ਸਦਾ ਸਹਿਕਦਾ ਹੀ ਰਹਿੰਦਾ ਹੈ, ਨਾ ਮਰਦਾ ਹੈ ਨ ਜੀਂਦਾ ਹੈ। ਕੋਈ ਕੰਮ ਪੂਰਾ ਨਹੀਂ ਹੁੰਦਾ। ਬਹੁਤ ਨਿਰਾਸ ਹੋ ਕੇ ਮਰਦਾ ਹੈ-ਜਦੋਂ ਜਮਦੂਤ ਆਉਂਦੇ ਹਨ।

**ਭਲੇ ਪੁਰਸ਼ੋ। ਆਪਣੀ ਚਤੁਰਾਈ ਛਡੋ, ਵਾਹਿਗੁਰੂ ਵਾਹਿਗੁਰੂ ਸਿਮਰੋ, ਇਕ ਵਾਹਿਗੁਰੂ ਤੇ ਆਸ ਰਖੋ। ਸਾਰੇ ਦੁੱਖ ਤੇ ਭਟਕਣਾ ਖਤਮ ਹੋ ਜਾਣਗੀਆਂ।**

ਮਨੁੱਖ ਦੀ ਆਸ ਵਿਅਰਥ ਹੈ, ਦੇਵਣਵਾਲਾ ਸਿਰਫ ਰੱਬ ਹੈ। ਪਾਲਣਵਾਲਾ, ਮਾਰਣਵਾਲਾ ਸਿਰਫ ਇਕੋ ਰੱਬ ਹੈ। ਬੰਦੇ ਦੇ ਹੱਥ ਕੁਝ ਵੀ ਨਹੀਂ। ਸਿਮਰਨ ਕਰਦਾ ਰਹੁ-ਵਿਹਾਰ ਸੁੱਚਾ ਰੱਖ। ਪਹਿਲੀ ਅਸ਼ਟਪਦੀ ਵਾਲੇ ਸਾਰੇ ਗੁਣ।

**ਸਾਰੀਆਂ ਸ਼ਕਤੀਆਂ ਨਾਲ ਸੰਪੂਰਨ ਵਾਹਿਗੁਰੂ ਹੈ। ਵਾਹਿਗੁਰੂ ਸਿਮਰਨ ਕਰਨ ਨਾਲ ਸਚਖੰਡਿ ਜਾਈਦਾ ਹੈ।** ਵਿਛੁੜੇ ਨੂੰ ਵਾਹਿਗੁਰੂ ਸਿਮਰਨ ਮਿਲਾ ਦੇਂਦਾ ਹੈ। ਉਸ ਨੂੰ ਸਾਰਿਆਂ ਦੀ ਚਿੰਤਾ ਹੈ, ਆਪਣਾ ਕੀਤਾ ਕੁਛ ਨਹੀਂ ਹੁੰਦਾ। ਕੋਸ਼ਿਸ਼ ਕਰ ਕੇ ਦੇਖ ਲੈ। ਵਾਹਿਗੁਰੂ ਨਾਮ ਤੋਂ ਬਿਨਾਂ ਕੋਈ ਚੀਜ਼ ਤੇਰੇ ਕੰਮ ਆਉਂਣ ਵਾਲੀ ਨਹੀਂ। ਘਬਰਾ ਨਾ, ਤੂੰ ਆਪਣੇ ਪਿਛਲੇ ਕੀਤੇ ਕਰਮਾਂ ਕਰਕੇ ਦੁੱਖ ਭੋਗ ਰਿਹਾ ਹੈਂ। ਹੁਣ ਕਦੀ ਵੀ ਦੁੱਖ ਨਹੀਂ ਆਏਗਾ। ਜੋ ਅਸਲ ਚੀਜ਼ ਤੂੰ ਲੈਣ ਆਇਆ ਹੈ ਉਹ ਹੈ ਸੰਗਤਿ ਵਿਚ ਨਾਮ ਜਪ। ਚਰਨ-ਧੂੜ ਜ਼ਰੂਰ ਲਿਆ ਕਰ। ਮੁਰਦੇ ਨੂੰ ਜੀਂਦਾ ਕਰਨ ਵਾਲਾ ਹੈ ਵਾਹਿਗੁਰੂ। ਦਿਨ ਰਾਤ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਿਮਰਿਆ ਕਰੋ।

**ਰੱਬ ਪ੍ਰਕਾਸ਼ ਦਾ ਨਾ ਕੋਈ ਸਰੂਪ ਹੈ, ਨਾ ਕੋਈ ਚੱਕਰ-ਚਿਹਨ ਹੈ ਨਾ ਕੋਈ ਰੰਗ ਹੈ, ਮਾਇਆ ਤੋਂ ਵੱਖਰਾ ਹੈ। ਜਿਸ ਤੇ ਖੁਸ਼ ਹੁੰਦਾ ਹੈ ਉਸੇ ਨੂੰ ਦਰਸ਼ਨ ਦਿੰਦਾ ਹੈ। ਖੁਸ਼ ਕਿਸ ਤੇ ਹੁੰਦਾ ਹੈ? ਕਹਿ ਨਾਨਕ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤ ਗੁਰ ਤੇ ਪਾਇਆ।। (ਆਨੰਦ ਸਾਹਿਬ) ਅੰਮ੍ਰਿਤਧਾਰੀ ਤੇ ਖੁਸ਼ ਹੁੰਦਾ ਹੈ।**

ਸਿਰਫ ਤੇ ਸਿਰਫ ਵਾਹਿਗੁਰੂ ਵਾਹਿਗੁਰੂ ਸਿਮਰਨ ਕਰ, ਬੰਦੇ ਦਾ ਪਿਆਰ-ਆਸ ਛੱਡ ਦੇਹ। ਰੱਬ ਤੋਂ ਬਗੈਰ ਕੁਝ ਵੀ ਨਹੀਂ ਹੋ ਰਿਹਾ। ਸਾਰੇ ਪਾਸੇ ਉਹ ਆਪ ਹੀ ਹੈ। ਅੰਮ੍ਰਿਤਧਾਰੀ ਦੀਆਂ ਸਾਰੀਆਂ ਆਸਾਂ ਪੂਰੀਆਂ ਕਰਦਾ ਹੈ। ਗੁਰੂ ਨਾਨਕ ਤੋਂ ਬਗੈਰ ਉਸ ਨੂੰ ਕੋਈ ਨਹੀਂ ਜਾਣਦਾ। ਸਾਰੀ ਸ੍ਰਿਸ਼ਟੀ, ਕੁਦਰਤਿ ਬ੍ਰਹਿਮੰਡ ਉਸ ਵਾਹਿਗੁਰੂ ਦੇ ਆਸਰੇ ਬੇ-ਸਹਾਰਾ ਹੀ ਖੜ੍ਹੇ ਹਨ। ਜਿਸ ਨੂੰ ਵਾਹਿਗੁਰੂ ਨਾਮ ਦੀ ਦਾਤਿ ਦੇਂਦਾ ਹੈ, ਉਸ ਨੂੰ ਦਸਮ-ਦੁਆਰ ਰਾਹੀਂ ਸਚਖੰਡਿ ਲੈ ਜਾਂਦਾ ਹੈ। ਉਸ ਦਾ ਰੂਪ ਸੱਚਾ ਹੈ, ਸਚਖੰਡੁ ਸੱਚਾ ਹੈ। ਉਸ ਦੀ ਸਾਰੀ ਬਣਾਵਟ ਸੱਚੀ ਹੈ।

**ਰੱਬ ਆਦਿ ਹੈ, ਜੁਗਾਦਿ ਹੈ, ਹੁਣ ਵੀ ਹੈ, ਅੱਗੇ ਨੂੰ ਵੀ ਰਹੇਗਾ- ਹਮੇਸ਼ਾ ਹੀ ਰਹੇਗਾ।** ਸੱਚ ਹੈ। ਅੰਮ੍ਰਿਤਧਾਰੀ ਗੁਰਸਿਖ ਵੀ ਸਚੇ ਹਨ। ਉਸਦੇ ਵਾਹਿਗੁਰੂ ਨਾਮ ਜਪਨ ਵਾਲੇ ਸਾਰੇ ਹੀ ਸੱਚੇ ਹਨ। ਉਸ ਵਾਹਿਗੁਰੂ ਦੇ ਦਰਸ਼ਨ ਸੱਚੇ ਹਨ। ਵਾਹਿਗੁਰੂ ਨਾਮ ਸੱਚਾ ਹੈ। ਜਪਨ ਵਾਲਾ ਸੱਚਾ ਹੈ। ਬਾਣੀ ਸੱਚੀ ਹੈ। ਧਿਆਨ-ਸੁਰਤਿ ਲਾਉਂਣੀ ਸੱਚੀ ਹੈ। ਅੰਮ੍ਰਿਤਧਾਰੀ ਗੁਰਸਿਖ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਕੀ ਸੋਚਾਂ ਸੋਚਦਾ ਹੈ-ਕੇਵਲ ਇਕ ਵਾਹਿਗੁਰੂ ਵਾਹਿਗੁਰੂ ਜਪੋ। ਬਾਰਬਾਰ ਜਪੋ। ਅੰਮ੍ਰਿਤ ਛੱਕ ਕੇ ਚਰਨੀਂ ਲਗ ਜਾ, ਸਾਰੇ ਸੁਖ ਮਿਲ ਜਾਣਗੇ, ਉਸ ਦਾ ਦਰਸ਼ਨ ਸਾਰੇ ਪਾਪ ਖਤਮ ਕਰ ਦਿੰਦਾ ਹੈ। ਹੋਰ ਸਾਰੀਆਂ ਚਤੁਰਾਈਆਂ ਛੱਡ ਦੇ-ਰੱਬ ਦੀ ਸੇਵਾ ਵਿਚ ਲੱਗ ਜਾਹ।

**ਜਿਸ ਨੇ ਨਿੱਜੀ ਤੌਰ ਤੇ ਅਕਾਲ ਪੁਰਖ ਨੂੰ ਜਾਣ ਲਿਆ ਹੈ ਉਹੀ ਸਤਿਗੁਰੂ ਹੈ। ਉਸ ਦੀ ਸੰਗਤਿ ਵਿਚ ਹੀ ਗੁਰਸਿਖ ਤਰਦਾ ਹੈ, ਵਾਹਿਗੁਰੂ ਵਾਹਿਗੁਰੂ ਸਿਮਰਨ ਕਰੋ ਬਸ!**

ਗੁਰੂ ਆਪਣੇ ਗੁਰਸਿਖ ਨੂੰ ਸਭ ਕੁਛ ਦੇਂਦਾ ਹੈ, ਬਗੈਰ ਮੰਗੇ ਦੇਂਦਾ ਹੈ। ਸਾਰੇ ਦੁਨਿਆਵੀ ਪਦਾਰਥ ਦੇਂਦਾ ਹੈ। ਨਾਮ ਦੀ ਦਾਤਿ ਦੇਂਦਾ ਹੈ। ਸਚਖੰਡਿ ਲੈ ਜਾਂਦਾ ਹੈ। ਆਪਣੇ ਵਰਗਾ ਬਣਾ ਲੈਂਦਾ ਹੈ।

**ਵਾਹਿਗੁਰੂ ਨਾਮ ਸਿਮਰਨ ਤੋਂ ਬਗੈਰ ਨਾਲ ਕੁਛ ਵੀ ਨਹੀਂ ਜਾਣਾ, ਇਹ ਸਾਰੀ ਮਾਇਆ ਸੁਆਹ ਹੈ। ਵਾਹਿਗੁਰੂ ਵਾਹਿਗੁਰੂ ਨਾਮ ਸਿਮਰਨ ਦੀ ਕਮਾਈ ਕਰਨੀ ਹੀ ਸਾਰਿਆਂ ਤੋਂ ਸ੍ਰੇਸ਼ਟ ਹੈ।** ਵਾਹਿਗੁਰੂ ਵਾਹਿਗੁਰੂ ਆਪ ਜਪੋ-ਹੋਰਨਾਂ ਨੂੰ ਵੀ ਜਪਨ ਲਈ ਪਰੇਰੋ-ਪਰਚਾਰੋ।

**ਹਰ ਜੀਵ ਚੌਰਾਸੀ ਲੱਖ ਜੂਨਾਂ ਵਿਚੋਂ ਭਟਕ ਕੇ ਆਇਐ। ਹੁਣ ਤਾਂ ਚਰਨੀਂ ਲੱਗ ਜਾਓ, ਅੰਮ੍ਰਿਤ ਛੱਕ ਕੇ ਬੇਨਤੀ ਕਰੋ। ਹੇ ਵਾਹਿਗੁਰੂ ! ਹੁਣ ਤਾਂ ਆਪਣੀ ਭਗਤੀ ਵਿਚ ਲਾ ਲੈ।**

ਨਾਮ ਦੀ ਦਾਤ ਮੰਗੋ। ਚਰਨ-ਧੂੜ ਮੰਗੋ। ਹਮੇਸ਼ਾ ਸਿਮਰਨ ਕਰੋ-ਸੁਆਸ ਸੁਆਸ ਜਪਦਾ ਹੀ ਰਹਾਂ। ਰੱਬ ਨਾਲ ਪਿਆਰ ਪੈ ਜਾਏ। ਤੇਰੀ ਮਿਹਰ ਹੋ ਜਾਏ। ਮਾਇਆ ਛੁਟ ਜਾਏ। ਵਿਕਾਰ ਛੁਟ ਜਾਣ। ਤੇਰੇ ਨਾਲ ਮਿਲਾਪ ਹੋ ਜਾਏ। ਜੋ ਸਭ ਕੁਛ ਦੇ ਰਿਹਾ ਹੈ, ਜਿਸ ਨੇ ਜੀਵਨ ਦਿੱਤੈ, ਪਰਵਾਰ ਦਿੱਤੈ ਉਸ ਨੂੰ ਨਾ ਭੁਲ, ਸਿਮਰਨ ਕਰ। ਬਾਕੀ ਸਾਰੇ ਕੰਮ ਛੱਡ ਕੇ ਸਿਰਫ ਨਾਮ ਜਪੋ। ਸਤਸੰਗਤਿ ਬਖਸ਼ੋ।

**ਦਿਸਦਾ ਤੇ ਸੂਖਸ਼ਮ ਨਿਰਾ-ਅਕਾਰ ਵਾਹਿਗੁਰੂ ਸੁੰਨ-ਸਮਾਧੀ ਵਿਚ ਸੀ ਆਦਿ ਤੋਂ, ਅਨਾਦਿ ਤੋਂ। ਆਪਣੀ ਰਚਨਾ ਆਪ ਬਣਾਈ ਹੈ-ਫਿਰ ਉਸੇ ਵਾਹਿਗੁਰੂ ਨੂੰ ਹੀ ਜਪਨਾ ਚਾਹੀਦਾ ਹੈ।**

ਪੰਡਤਾਂ ਦੀ, ਬ੍ਰਹਮਣਾਂ ਦੀ ਦੇਵਤਿਆਂ ਦੀ ਕਹਾਵਤ ਹੈ ਕਿ ਸ੍ਰਿਸ਼ਟੀ ਸਾੜੇ ਕਹਿਣ ਤੇ ਰਚੀ। ਇਹ ਝੂਠ ਹੈ ਇਹ ਆਦਿ ਸਮੇਂ ਕਿੱਥੇ ਸਨ। ਪਾਪ-ਪੁੰਨ ਕਿੱਥੇ ਸੀ? ਵੈਰ-ਵਿਰੋਧ ਕਿੱਥੇ ਸੀ? ਖੁਸ਼ੀ ਗਮੀ ਕਿੱਥੇ ਸੀ, ਮੋਹ ਤੇ ਭਰਮ ਕਿੱਥੇ ਸੀ? ਬੰਧਨ ਤੇ-ਮੁਕਤੀ ਕਿੱਥੇ ਸੀ? ਨਰਕ-ਸੁਰਗ ਕਿੱਥੇ ਸੀ? ਆਦਿ ਜਦੋਂ ਕੁਛ ਵੀ ਨਹੀਂ ਸੀ। ਮਾਇਆ ਤੇ ਚੇਤਕ ਸ਼ਕਤੀ ਕਿੱਥੇ ਸੀ? ਡਰ ਕਿੱਥੇ ਸੀ? ਜਨਮ-ਮਰਨ ਕਿੱਥੇ ਸੀ? ਜਮ ਕਿੱਥੇ ਸੀ, ਉਸ ਦਾ ਡਰ ਕਿੱਥੇ ਸੀ? ਚਿੱਤਰ-ਗੁਪਤ ਕਿਸ ਨੂੰ ਲੇਖਾ ਪੁਛਦੇ ਸਨ। ਮੈਲ ਕਿਥੇ ਸੀ ਤੇ ਧੋਂਦਾ ਕੌਣ ਸੀ? ਮਾਨ-ਅਭਿਮਾਨ ਕਿੱਥੇ ਸੀ? ਛੱਲ ਤੇ ਐਬ ਕਿੱਥੇ ਸਨ? ਕੌਣ ਰੱਜਿਆ ਸੀ, ਕੌਣ ਭੁੱਖਾ ਸੀ? ਮਾਂ-ਪੁੱਤਰ ਬਾਪ-ਮਿੱਤਰ-ਭਰਾ ਕਿੱਥੇ ਸਨ? ਵੇਦ-ਕਤੇਬ ਕੌਣ ਪੜ੍ਹਦਾ ਸੀ? ਸਗਨ-ਅਪਸਨ ਕਿੱਥੇ ਸਨ? ਨਾ ਕੋਈ ਚੇਲਾ ਸੀ ਨਾ ਹੀ ਕੋਈ ਮਾਲਕ ਨੂੰ ਯਾਦ ਕਰਨ ਵਾਲਾ ਸੀ? ਜਦੋਂ ਆਪ ਹੀ ਆਪ ਸੀ ਤਾਂ ਮਾਇਆ ਨੇ ਕਿਹਨੂੰ ਠੱਗਣਾ ਸੀ? ਚਿੰਤਾ ਤੇ ਅਚਿੰਤ ਕੌਣ ਸੀ? ਕਥਾ ਵਾਚਕ ਤੇ ਸੁਨਣਵਾਲਾ ਕੌਣ ਸੀ? ਜਦੋਂ ਸਾਰੀ ਸ੍ਰਿਸ਼ਟੀ ਬਣਾ ਦਿੱਤੀ ਤਾਂ ਸਭ ਕੁਛ ਆਪਣੇ ਆਪ ਪੈਦਾ ਹੁੰਦਾ ਗਿਆ। ਖੇਡ ਰੱਬ ਦੀ ਹੈ ਕਿਸੇ ਦੇ ਕਹਿਣ ਤੇ ਨਹੀਂ ਬਣੀ।

**ਸਾਰੀ ਸ੍ਰਿਸ਼ਟੀ ਨੂੰ ਪਾਲਣ ਵਾਲਾ ਆਪ ਹੀ ਸਾਰੇ ਪਾਸੇ ਇਕ-ਰਸ ਛਾਇਆ ਹੋਇਆ ਹੈ। ਸਿਰਫ ਉਹੀ ਉਹੀ ਦੂਜਾ ਤਾਂ ਕੋਈ ਨਜ਼ਰ ਹੀ ਨਹੀਂ ਆਉਂਦਾ।**

ਰੱਬ ਵੀ ਆਪ ਹੀ ਹੈ। ਬਾਬਾ ਨਾਨਕ ਵੀ ਆਪ ਹੀ ਹੈ, ਦਸੋਂ ਪਾਤਿਸ਼ਾਹੀਆਂ ਵੀ ਆਪ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਹੀ ਹੈ। ਸਾਰੇ ਭਗਤ-ਗੁਰਸਿਖ-ਮਨਮੁਖ ਆਪ ਹੀ ਹੈ। ਧਰਮ ਰਾਜ ਆਪ ਹੀ ਹੈ-ਨਰਕਾਂ ਆਪ ਹੀ ਬਣਾਈਆਂ ਹਨ। ਨਰਕਾਂ ਆਪ ਹੀ ਭੋਗਦਾ ਹੈ। ਸਚਖੰਡਿ ਆਪ ਹੀ ਜਾਂਦਾ ਹੈ। ਵਿਕਾਰ ਆਪ ਹੀ ਕਰਦਾ ਹੈ-ਆਪ ਹੀ ਭੋਗਦਾ ਹੈ। ਆਪ ਹੀ ਸੁਣਦਾ ਹੈ ਆਪ ਹੀ ਬੋਲਦਾ ਹੈ। ਵਡਭਾਗੀ ਰੱਬ ਹੈ ਜੋ ਅੰਮ੍ਰਿਤ ਛੱਕ ਕੇ ਵਾਹਿਗੁਰੂ ਨਾਮ ਜਪਦਾ ਹੈ।

**ਜਿਸ ਨੂੰ ਗਿਆਨ ਦਾ ਸੁਰਮਾ ਦੇਂਦਾ ਹੈ, ਉਸਦੀ ਅਗਿਆਨਤਾ, ਅਨ੍ਹੇਰਾ ਖਤਮ ਹੋ ਜਾਂਦਾ ਹੈ। ਮਨ ਵਿਚ ਪ੍ਰਕਾਸ਼ ਉਦੋਂ ਹੀ ਹੋਣਾ ਹੈ ਜਦੋਂ ਗੁਰੂ ਨਾਨਕ ਮਿਲ ਪਿਆ। ਅੰਮ੍ਰਿਤ ਛੱਕ ਲਿਆ।** ਸੰਗਤਿ ਵਿਚ ਜਪਨ ਨਾਲ ਵਾਹਿਗੁਰੂ

ਮਿੱਠਾ ਲਗਣ ਲੱਗ ਪੈਂਦਾ ਹੈ। ਇਸ ਨਾਮ ਦਾ ਵਾਸਾ ਸਰੀਰ ਵਿਚ ਹੀ ਹੈ। ਸੁੰਨ-ਸਮਾਧੀ ਵਿਚ ਅਨਹਦ ਦਾ ਆਨੰਦ ਤੇ ਬਿਸਮਾਦ ਉਸਦੀ ਕ੍ਰਿਪਾ ਨਾਲ ਹੀ ਮਿਲਦਾ ਹੈ। ਅੰਮ੍ਰਿਤ-ਰਸ ਆਪ ਹੀ ਦੇਂਦਾ ਹੈ। ਜੰਮਨਾ-ਮਰਨਾ ਉਸ ਦੀ ਇਕ ਖੇਡ ਹੈ। ਮਾਇਆ ਨੂੰ ਦਾਸੀ ਬਣਾਇਆ ਹੈ।

**ਪ੍ਰਭੂ ਪੂਰਾ ਹੈ, ਜਿਸ ਵਿਚ ਕੋਈ ਉਕਾਈ ਨਹੀਂ, ਗੁਰੂ ਵੀ ਪੂਰਾ ਹੋਣਾ ਚਾਹੀਦਾ ਹੈ। ਸਰੀਰ ਕਦੀ ਗੁਰੂ ਨਹੀਂ ਹੁੰਦਾ। ਗੁਰੂ ਹੀ ਪ੍ਰਭੂ ਬਾਰੇ ਦੱਸਦਾ ਹੈ। ਜਿਹਨਾਂ ਅੰਮ੍ਰਿਤਧਾਰੀ ਗੁਰਸਿਖਾਂ ਨੇ ਪੂਰਨ ਵਾਹਿਗੁਰੂ ਨੂੰ ਸਿਮਰਿਆ ਹੈ, ਉਹਨਾਂ ਪੂਰਾ ਵਾਹਿਗੁਰੂ ਪਾ ਲਿਆ ਹੈ। ਤੂੰ ਵੀ ਸਿਮਰਨ ਕਰ।**

ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚਾਰ, ਰੱਬ ਨੂੰ ਨੇੜੇ ਦੇਖ। ਸੁਆਸ ਸੁਆਸ ਵਾਹਿਗੁਰੂ ਜਪ-ਅੰਦਰਲਾ ਬੈਂਕ ਭਰ ਲੈ। ਅੰਮ੍ਰਿਤ-ਰਸ ਆਏਗਾ। ਬਾਰ ਬਾਰ ਵਾਹਿਗੁਰੂ ਜਪ। ਅੰਦਰੋਂ ਹੀ ਵਾਹਿਗੁਰੂ ਵਾਹਿਗੁਰੂ ਸੁਨਣ ਲੱਗ ਪਏਗਾ। ਸੇਵਾ ਪੂਰੀ ਹੋ ਜਾਂਦੀ ਹੈ। ਜਨਮ ਸਫਲਾ ਹੋ ਜਾਂਦਾ ਹੈ। ਸਾਰੀਆਂ ਇਛਾਂ ਪੂਰੀਆਂ ਹੋ ਜਾਂਦੀਆਂ ਹਨ। ਸਚਖੰਡਿ ਪਹੁੰਚ ਜਾਂਦਾ ਹੈ ਤੇ ਫਿਰ ਮੁੜ ਕੇ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦਾ। ਅਟਲ ਸੁੱਖ, ਮਨ ਦਾ ਟਿਕਾਓ, ਸ਼ਾਂਤੀ, ਰਿਧੀਆਂ, ਨੌ-ਖਜ਼ਾਨੇ, ਅਕਲ, ਗਿਆਨ ਤੇ ਸਾਰੀਆਂ ਸਿਧੀਆਂ-ਕਰਾਮਾਤਾਂ, ਵਿਦਿਆ, ਤਪ, ਜੋਗ, ਅਕਾਲ ਪੁਰਖ ਦਾ ਧਿਆਨ, ਸ੍ਰੇਸ਼ਟ ਗਿਆਨ, ਚੰਗੇ ਤੋਂ ਚੰਗੇ ਤੀਰਥਾਂ ਦਾ ਇਸ਼ਨਾਨ, ਚਾਰੇ ਪਦਾਰਥ ਹਿਰਦੇ ਦਾ ਖੇੜਾ, ਸਾਰਿਆਂ ਵਿਚ ਰਹਿੰਦਿਆਂ ਸਾਰਿਆਂ ਤੋਂ ਤੋਂ ਉਪਰਾਮ, ਸੋਹਣਾ, ਸਿਆਣਾ, ਰੱਬ ਦਾ ਮਹਿਰਮ, ਸਭ ਨੂੰ ਇਕੋ ਜਿਹਾ ਸਮਝਣਾ, ਇਕ ਨਜ਼ਰ ਨਾਲ ਵੇਖਣਾ। ਇਹ ਸਾਰੇ ਫਲ, ਜੋ ਗੁਰੂ ਦੇ ਬਚਨ, ਵਾਹਿਗੁਰੂ ਨਾਮ ਉਚਾਰਦਾ ਹੈ ਤੇ ਮਨ ਲਾ ਕੇ ਸੁਣਦਾ ਹੈ। ਸੁਰਤੀ ਵਿਚ ਅੰਦਰੋਂ ਵਾਹਿਗੁਰੂ ਸੁਣਦਾ ਹੈ। ਜਿਹੜਾ ਵੀ ਅੰਮ੍ਰਿਤਧਾਰੀ ਇਹ ਵਾਹਿਗੁਰੂ ਨਾਮ ਜੋ ਗੁਣਾਂ ਦਾ ਖਜ਼ਾਨਾ ਹੈ, ਜਪਦਾ ਹੈ। ਸਾਰੀ ਉਮਰ ਉਸ ਦੀ ਉਚੀ ਆਤਮਿਕ ਅਵਸਥਾ ਬਣੀ ਰਹਿੰਦੀ ਹੈ, ਦਸਮ-ਦੁਆਰ ਖੁਹਲਾ ਰਹਿੰਦਾ ਹੈ, ਸਚਖੰਡਿ ਨਾਲ ਸੰਬੰਧ ਬਣਿਆ ਹੀ ਰਹਿੰਦਾ ਹੈ।

## ਆਸਾ ਦੀ ਵਾਰ ਦਾ ਮੁਖ ਭਾਵ :

ਆਸਾ ਦੀ ਵਾਰ ਪਹਿਲਾਂ ਜਦੋਂ ਗੁਰੂ ਸਾਹਿਬ ਨੇ ਲਿਖੀ ਤਾਂ ਨਿਰੋਲ ਪਉੜੀਆਂ ਹੀ ਸਨ। ਸਲੋਕ ਬਾਦ ਵਿਚ ਪੰਜਵੇਂ ਪਾਤਿਸ਼ਾਹ ਨੇ ਲਾਏ ਹਨ। ਪਉੜੀਆਂ ਦੇ ਹਿਸਾਬ ਨਾਲ ਢੁਕਵੇਂ ਸਲੋਕ ਨਾਲ ਮਿਲਾ ਦਿੱਤੇ। ਆਸਾ ਦੀ ਵਾਰ

ਜੀਵਨ ਜਾਂਚ ਹੈ। 500 ਸਾਲ ਹੋ ਗਏ ਪੜ੍ਹਦਿਆਂ, ਅਸੀਂ ਜੀਵਨ ਜਾਂਚ ਨਹੀਂ ਸਿਖੀ। ਨਾ ਹੀ ਸਿਖਣੀ ਹੈ, ਇਹ ਸਿਖਾਂ ਦਾ ਅਸੂਲ ਹੈ, ਗੁਰਮਤਿ ਗ੍ਰਹਿਣ ਨਹੀਂ ਕਰਨੀ। ਆਸਾ ਦੀ ਵਾਰ ਰੋਜ਼ ਹਰ ਗੁਰਦੁਆਰੇ ਪੜ੍ਹੀ ਜਾਂਦੀ ਹੈ, ਸਿਖੀ ਘਟਦੀ ਜਾ ਰਹੀ ਹੈ। ਗਾਣਿਆਂ ਦੀ ਤਰ੍ਹਾਂ ਕੀਰਤਨ ਸੁਣ ਰਹੇ ਹਾਂ। ਧਿਆਨ ਨਾਲ ਪੜ੍ਹੋ ਦੇਖੋ ਕੀ ਲਿਖਿਆ ਹੈ ਗੁਰੂ ਪਾਤਿਸ਼ਾਹ ਨੇ। ਕੁਛ ਸਲੋਕ ਵੀ ਬਹੁਤ ਮੱਹਤਤ ਪੂਰਨ ਹਨ- ਉਹ ਵੀ ਲਿਖ ਰਿਹਾ ਹਾਂ। ਅੰਦਰ ਵਸਾਉਣ ਦੀ ਕੋਸ਼ਿਸ਼ ਕਰੋ।

**ਪਉੜੀ ਪਹਿਲੀ :** ਗੁਰੂ ਬਾਬਾ ਨਾਨਕ ਬੰਦਿਆਂ ਤੋਂ ਦੇਵਤੇ ਬਣਾ ਦਿੰਦਾ ਹੈ ਜੇ ਚਰਨੀ ਲੱਗ ਜਾਈਏ ਤਾਂ। ਗੁਰੂ ਤੋਂ ਬਗੈਰ ਜੀਵਨ ਵਿਚ ਹਨੇਰਾ ਹੀ ਹਨੇਰਾ ਹੈ। 6.2" ਕੱਦ ਹੈ, ਮਨਮੁਖ ਹੈ, ਸ਼ਰਾਬੀ ਹੈ, ਵਿਕਾਰੀ ਹੈ। ਜੀਵਨ ਵਿਚ ਨਿਮਰਤਾ ਨਹੀਂ ਆਈ-ਸਰਬਤ ਦਾ ਭਲਾ ਨਹੀਂ-ਜੀਵਨ ਪਰਉਪਕਾਰੀ ਨਹੀਂ, ਕੋਈ ਫਾਇਦਾ ਹੀ ਨਹੀਂ। ਸਾਰੀ ਖੇਡ ਤਾਂ ਅੱਗੇ ਦੀ ਹੈ, ਇਥੇ ਤਾਂ ਕੁਝ ਵੀ ਨਹੀਂ, ਦੋ ਦਿਨਾਂ ਦੀ ਜਿੰਦਗੀ ਹੈ ਫਿਰ ਐਸ਼ ਕਰਕੇ ਜਾਣਾ ਚਾਹੀਦਾ ਹੈ ਪਰ ਬਾਬਾ ਆਖਦਾ ਹੈ ਨਹੀਂ, ਜਿੰਦਗੀ ਅੱਗੇ ਕਰੋੜਾਂ ਸਾਲਾਂ ਦੀ ਹੈ। ਉਸ ਦਾ ਖਿਆਲ ਰੱਖ। ਆਪਾਂ ਇਸੇ ਜਿੰਦਗੀ ਦਾ ਖਿਆਲ ਰਖਦੇ ਹਾਂ, ਇਹੀ ਅਗਿਆਨਤਾ ਹੈ। ਅਗਲੀ ਦੁਨੀਆਂ ਨੂੰ ਜਾਣਦੇ ਹੀ ਨਹੀਂ। ਬਾਣੀ ਵਿਚਾਰਦੇ ਹੀ ਨਹੀਂ, ਖਾਲੀ ਪੜ੍ਹੀ ਜਾ ਰਹੇ ਹਾਂ। ਸਿਮਰਨ ਕਰਦੇ ਹੀ ਨਹੀਂ, ਸੁਰਤੀ ਲਾਂਦੇ ਹੀ ਨਹੀਂ।

**ਪਉੜੀ :** (1) ਰੱਬ ਆਪਣੇ ਆਪ ਤੋਂ ਬਣਿਆ ਹੈ। ਉਸ ਦਾ ਪ੍ਰਕਾਸ਼ ਸੁਤੇ ਸਿਧ ਹੋਇਆ ਹੈ। ਉਸ ਨੇ ਆਪਣਾ ਨਾਮ ਵੀ ਆਪ ਹੀ ਰੱਖਿਆ ਹੈ। ਫਿਰ ਉਸ ਨੇ ਕੁਦਰਤਿ ਸਾਜ ਦਿੱਤੀ। ਵਿਚ ਆ ਬੈਠ ਗਿਆ। ਸਾਜਣਵਾਲਾ ਵੀ ਉਹੀ ਹੈ ਤੇ ਦਾਤਾਂ ਦੇਣ ਵਾਲਾ ਵੀ ਉਹੀ ਵਾਹਿਗੁਰੂ ਹੈ। ਆਪਣਾ ਬਣਾਇਆ ਤਮਾਸ਼ਾ ਵੇਖ ਰਿਹਾ ਹੈ।

**ਪਉੜੀ :** (2) ਤਮਾਸ਼ਾ ਕੀ ਹੈ ? ਜੀਵ ਪੈਦਾ ਕਰ ਦਿੱਤੇ, ਨਾਲ ਹੀ ਧਰਮਰਾਇ ਬੈਠਾ ਦਿੱਤਾ, ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖੀ ਜਾਣਾ ਹੈ। ਮਰਨ ਤੋਂ ਬਾਅਦ ਵਾਹਿਗੁਰੂ ਨਾਮ ਜਪਨ ਵਾਲੇ ਤਾਂ ਸਚਖੰਡਿ ਚਲੇ ਗਏ। ਕੁਰਹਿਤ ਕਰਨ ਵਾਲੇ ਕੋਹੜੀ-ਵਿਕਾਰੀ ਵੱਖਰੇ ਬਾਹਿਰ ਕੱਢ ਕੇ, ਮੂੰਹ ਕਾਲਾ ਕਰਕੇ ਨਰਕਾਂ ਵਿਚ ਪਾ ਦਿੱਤਾ। ਮਾਰ-ਮਾਰ ਕੇ ਉਡਾ ਦਿੱਤੇ, ਤੂੰਬਾ ਤੂੰਬਾ ਕਰ ਦਿੱਤੇ। ਗੂੰਹ ਦੇ ਖੂਹ ਵਿਚ ਪਾ ਦਿੱਤੇ। ਉਲਟਾ ਟੰਗ ਦਿੱਤੇ। ਨੰਗੇ ਅੱਗ ਤੇ ਬੈਠਾ ਦਿੱਤੇ। ਸਾਰੀ ਉਮਰ ਜੀਵ ਯਾਦ ਕਰੇਗਾ।

**ਪਉੜੀ ਤੀਜੀ :** ਦੁਨੀਆਂ ਦੇ ਆਨੰਦ ਮਾਣ ਕੇ, ਜੀਵ ਅੱਗੇ ਚਲਾ ਗਿਆ। ਸਰੀਰ

ਤਾਂ ਮਰ ਗਿਆ ਤੇ ਜੀਵ ਦੇ ਗਲ ਵਿਚ ਸੰਗਲ ਪਾ ਕੇ ਅੱਗੇ ਨਰਕਾਂ ਵਿਚ ਲਾ ਲਿਆ। ਸਾਰੇ ਕੀਤੇ ਕਰਮਾਂ ਦਾ ਲੇਖਾ ਸਮਝਾ ਦਿੱਤਾ। ਹੁਣ ਜੁਤੀਆਂ ਪੈਂਦੀਆਂ ਨੂੰ, ਸਜਾਵਾਂ ਮਿਲਦੀਆਂ ਨੂੰ, ਕੋਈ ਵੀ ਬਚਾ ਨਾ ਸਕਿਆ, ਹੁਣ ਰੋਂਦਾ ਹੈ, ਪਰ ਸੁਣੇ ਕੌਣ, ਉਥੇ ਭੇਜਣ ਵਾਲਾ ਹੀ ਬਾਬਾ ਹੈ, ਬਾਬੇ ਤੋਂ ਵਡਾ ਕੋਈ ਨਹੀਂ-ਕੌਣ ਬਚਾਵੇ। ਅੰਨੇ ਮਨ ਨੇ ਕੁਰਹਿਤਾਂ ਕਰਕੇ ਜੀਵਨ ਬਰਬਾਦ ਕਰ ਲਿਆ। ਨਾਮ ਨ ਜਪਿਆ।

**ਚੌਥੀ ਪਉੜੀ :** ਵਾਹਿਗੁਰੂ! ਇਹਨਾਂ ਜੀਵਾਂ ਦਾ ਕੀ ਕਸੂਰ ਹੈ? ਤੂੰ ਮਿਹਰ ਦੀ ਨਿਗਾਹ ਕਰਦਾ ਤਾਂ ਇਹਨਾਂ ਨੂੰ ਗੁਰੂ ਨਾਨਕ ਮਿਲਣਾ ਸੀ ਤੇ ਇਹਨਾਂ ਨੇ ਅੰਮ੍ਰਿਤ ਛਕਣਾ ਸੀ ਤੇ ਕੁਰਹਿਤ ਛਡਣੀ ਸੀ। ਇਹੀ ਜੀਵ ਪਹਿਲਾਂ ਚੌਰਾਸੀ ਲੱਖ ਜੂਨਾਂ ਵਿਚ ਘੁੰਮ ਰਿਹਾ ਸੀ-ਉਹਨਾਂ ਚੰਗੇ-ਮੰਦੇ ਕਰਮਾਂ ਕਰਕੇ ਹੀ ਮਨਮੁਖ ਹਨ ਤੇ ਕਈ ਗੁਰਸਿਖ ਹਨ। ਜਿਹਨਾਂ ਦੇ ਕਰਮ ਚੰਗੇ ਹਨ, ਉਹ ਅੰਮ੍ਰਿਤਧਾਰੀ ਹਨ, ਨਾਮ ਜਪਦੇ ਹਨ, ਬਾਕੀ ਮਨਮੁਖ। ਬਾਬੇ ਨਾਨਕ ਵਰਗਾ ਦਾਤਾ ਸਾਰੀ ਸ੍ਰਿਸ਼ਟੀ ਤੇ ਨਹੀਂ ਹੈ, ਸਾਰੀ ਸ੍ਰਿਸ਼ਟੀ ਦੇ ਲੋਕੋ, ਧਿਆਨ ਨਾਲ ਸੁਣ ਲਓ। ਬਾਬੇ ਕੋਲੋਂ ਅੰਮ੍ਰਿਤ ਛਕੋਗੇ ਤਾਂ ਰੱਬ ਮਿਲੇਗਾ, ਨਹੀਂ ਤਾਂ ਨਹੀਂ ਬਾਬਾ ਹੀ ਐਸਾ ਗੁਰੂ ਹੈ ਜਿਸ ਨੂੰ ਰੱਬ ਦਾ ਸਾਰਾ ਗਿਆਨ ਹੈ ਤੇ ਸਭ ਕੁਛ ਰੱਬ ਬਾਬੇ ਦੱਸ ਦਿੱਤਾ।

**ਪੰਜਵੀਂ ਪਉੜੀ :** ਹੇ ਨਿਰੰਕਾਰ! ਤੇਰਾ ਨਾਮ ਵਾਹਿਗੁਰੂ ਹੈ, ਨਾਮ ਜਪਨ ਨਾਲ ਜੀਵ ਨਰਕਾਂ ਵਿਚ ਜਾਂਦਾ ਹੀ ਨਹੀਂ। ਜੀਵਾਤਮਾ-ਸਰੀਰ ਸਾਰਾ ਕੁਛ ਉਸੇ ਵਾਹਿਗੁਰੂ ਨੇ ਦਿੱਤਾ ਹੈ। ਉਸੇ ਨੇ ਇਕ ਦਿਨ ਜੀਵਾਤਮਾ ਨੂੰ ਵਾਪਿਸ ਬੁਲਾ ਲੈਣਾ ਹੈ। ਸਭ ਨੇ ਮਰਨਾ ਹੀ ਮਰਨਾ ਹੈ। ਸਾਰਿਆਂ ਨੇ ਬੁੱਢਾ ਹੋਣਾ ਹੀ ਹੋਣਾ ਹੈ। ਫਿਰ ਨਾਮ ਜਪ ਲਓ।

**ਛੇਵੀਂ ਪਉੜੀ :** ਬਾਬੇ ਨਾਨਕ ਤੋਂ ਬਗੈਰ ਕਿਸੇ ਨੇ ਰੱਬ ਨੂੰ ਨਹੀਂ ਪਾਇਆ, ਨਾ ਹੀ ਪਾ ਸਕਦਾ ਹੈ ਕਿਉਂਕਿ ਵਾਹਿਗੁਰੂ ਗੁਰੂ ਨਾਨਕ ਹੀ ਹੈ। ਬਾਬੇ ਨੂੰ ਮਿਲਣ ਨਾਲ ਹੀ ਮੁਕਤੀ ਮਿਲੇਗੀ। ਸਾਰਿਆਂ ਤੋਂ ਉਤਮ ਇਹ ਵਿਚਾਰ ਹੈ ਜਿਸ ਦੀ ਸੁਰਤਿ ਵਾਹਿਗੁਰੂ ਵਿਚ ਜੁੜ ਗਈ ਹੈ। ਜਗ ਨੂੰ ਜੀਵਨ ਦੇਣ ਵਾਲਾ ਰੱਬ ਮਿਲ ਗਿਆ ਹੈ।

**ਸਤਵੀਂ ਪਉੜੀ :** ਜਿਹਨਾਂ ਨੇ ਵਾਹਿਗੁਰੂ ਨੂੰ ਸਿਮਰਿਆ ਹੈ, ਉਹੀ ਸੰਤੋਖੀ ਗੁਰਸਿਖਾਂ ਨੇ ਬਾਬੇ ਦੀ ਸੇਵਾ ਕੀਤੀ ਹੈ। ਉਹਨਾਂ ਕੁਰਹਿਤ ਹੀ ਕੋਈ ਨਹੀਂ ਕੀਤੀ, ਸਿਮਰਨ ਕਰਕੇ ਧਰਮ ਦੀ ਕਮਾਈ ਕੀਤੀ ਹੈ। ਉਹਨਾਂ ਦੁਨੀਆਂ ਦਾ ਮੋਹ ਹੀ ਛੱਡ ਦਿੱਤੈ। ਅੰਨ-ਪਾਣੀ ਵੀ ਥੋਹੜਾ ਹੀ ਛੱਕਿਐ। ਤੂੰ ਬਹੁਤ ਬਖਸ਼ਿਸ਼ ਕੀਤੀ। ਉਹਨਾਂ ਨੂੰ ਰੱਬ ਮਿਲ ਗਿਆ।

**ਅਠਵੀਂ ਪਉੜੀ :** ਨਾਮ ਜਪਨਾ, ਨਿਰੋਲ ਤੇਰੀ ਹੀ ਬਖਸ਼ਿਸ਼ ਹੈ, ਬੰਦਗੀ ਵੀ ਉਹੀ ਕਰਦੇ ਹਨ। ਬਾਬਾ ਮਿਲੇਗਾ ਤਾਂ ਹੀ ਰੱਬ ਮਿਲੇਗਾ। ਮੂਰਖ-ਮਨਮੁਖ ਰੱਬ ਨੂੰ ਨਹੀਂ ਜਾਣ ਸਕਦੇ-ਜਨਮ ਗੁਆ ਬੈਠਦੇ ਹਨ। ਪੁਛੋ! ਜਗ ਵਿਚ ਕੀ ਕਰਨ ਆਇਆ ਸੀ? ਇਹ ਤਾਂ ਚਾਰ ਦਿਨਾਂ ਦੀ ਜਿੰਦਗੀ ਹੈ-ਅੱਗੇ ਸਦੀਵੀ ਹੈ।

**ਨੌਵੀਂ ਪਉੜੀ :** ਭਗਤੀ ਕਰਨ ਵਾਲੇ ਤੈਨੂੰ ਬਹੁਤ ਚੰਗੇ ਲੱਗਦੇ ਹਨ ਤੇ ਸਚਖੰਡਿ ਬੈਠੇ ਉਹ ਭਗਤੀ ਕਰਦੇ ਸੋਹਣੇ ਲੱਗਦੇ ਹਨ। ਬਾਬੇ ਦੀ ਬਖਸ਼ਿਸ਼ ਤੋਂ ਬਗੈਰ ਕੋਈ ਵੀ ਸਚਖੰਡਿ ਨਹੀਂ ਜਾ ਸਕਦਾ। ਆਪਣੀ ਅਸਲੀਅਤ ਨੂੰ ਨਹੀਂ ਸਮਝਦੇ ਪਰ ਆਪਣੇ ਆਪ ਨੂੰ ਵਡਾ ਸਮਝਦੇ ਹਨ। ਜੋ ਤੈਨੂੰ ਸਿਮਰਦੇ ਹਨ ਉਹਨਾਂ ਦੀ ਸੰਗਤਿ ਬਖਸ਼।

**ਦਸਵੀਂ ਪਉੜੀ :** ਜੇ ਗੁਰਮੁਖਾਂ ਦੇ ਚਰਨਾਂ ਦੀ ਧੂੜ ਮਿਲ ਜਾਏ ਤਾਂ ਮੱਥੇ ਤੇ ਲਾਉਂਣੀ ਚਾਹੀਦੀ ਹੈ। ਇਕ ਮਨ ਹੋ ਕੇ ਵਾਹਿਗੁਰੂ ਨੂੰ ਯਾਦ ਕਰਨਾ ਚਾਹੀਦਾ ਹੈ। ਪਿਛਲੇ ਜਨਮ ਦੇ ਕਰਮ ਚੰਗੇ ਹੋਣ ਤਾਂ ਚਰਨ-ਧੂੜ ਮਿਲਦੀ ਹੈ। ਕਰਮਾਂ ਦਾ ਫਲ ਹੀ ਮਿਲਣਾ ਹੈ-ਚੰਗੇ ਕਰਮ ਬੀਜੋ-ਉਹਨਾਂ ਦਾ ਫਲ ਪ੍ਰਾਪਤ ਕਰੋ।

**ਗਿਆਰਵੀਂ ਪਉੜੀ :** ਵਾਹਿਗਰੂ ਜੀ! ਧੁਰੋਂ ਸਚਖੰਡ ਤੋਂ ਜਿਹਨਾਂ ਤੇ ਤੂੰ ਬਖਸ਼ਿਸ਼ ਕੀਤੀ ਹੈ ਉਹਨਾਂ ਨੇ ਹੀ ਵਾਹਿਗੁਰੂ ਸਿਮਰਨ ਕੀਤਾ ਹੈ। ਇਹਨਾਂ ਜੀਵਾਂ ਦੇ ਹੱਥ ਵਿਚ ਕੋਈ ਤਾਕਤ ਨਹੀਂ ਹੈ। ਕਈਆਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈ ਕਈ ਖੱਜਲ-ਖੁਆਰ ਹੁੰਦੇ ਰਹਿੰਦੇ ਹਨ। ਬਾਬੇ ਨਾਨਕ ਦੀ ਮਿਹਰ ਨਾਲ ਤੂੰ ਪਛਾਣਿਆ ਜਾਂਦਾ ਹੈਂ। ਫਿਰ ਹੋਲੀ ਹੋਲੀ ਸੁੰਨ ਸਮਾਧ ਹੋ ਕੇ ਰੱਬ ਵਿਚ ਸਮਾ ਜਾਈਦਾ ਹੈ।

**ਬਾਹਰਵੀਂ ਪਉੜੀ :** ਪਾਪ ਕਰਨ ਵਾਲਾ ਪੜ੍ਹਿਆ ਲਿਖਿਆ ਹੋਵੇ ਤੇ ਕੁੱਟ ਅਨਪੜ੍ਹ ਨੂੰ ਨਹੀਂ ਪੈਂਦੀ। ਜੇਹੋ ਜਿਹੇ ਕੋਈ ਵੀ ਕਰਮ ਕਰਦਾ ਹੈ, ਉਹੋ ਜਿਹਾ ਫਲ ਭੁਗਤਦਾ ਹੈ। ਕੁਰਹਿਤ ਨ ਕਰੋ ਕਿ ਅੱਗੇ ਨਰਕਾਂ ਵਿਚ ਮਾਰ ਪਏ। ਮਨਮੁਖ ਨੂੰ ਅੱਗੇ ਮਾਰ ਪੈਂਦੀ ਹੈ। ਅੱਗੇ ਕਰਮਾਂ ਦੀ ਵਿਚਾਰ ਕੀਤੀ ਜਾਂਦੀ ਹੈ।

**ਤੇਹਰਵੀਂ ਪਉੜੀ :** ਬਾਬੇ ਨਾਨਕ ਤੋਂ ਕੁਰਬਾਨ ਜਾਣਾ ਚਾਹੀਦਾ ਹੈ, ਜਿਸ ਦੇ ਮਿਲਨ ਨਾਲ ਵਾਹਿਗੁਰੂ ਮਿਲ ਪੈਂਦਾ ਹੈ। ਬਾਬੇ ਨਾਨਕ ਨੂੰ ਛੱਡ ਕੇ ਜਿਹੜੇ ਕਿਸੇ ਵੀ ਹੋਰ ਨੂੰ ਮੰਨਦੇ ਹਨ, ਸਾਰੇ ਨਰਕਾਂ ਵਿਚ ਡੁੱਬ ਮਰਨਗੇ। ਬਾਬਾ ਨਾਨਕ ਸਚਖੰਡੁ ਜਾਣ ਲਈ Non Stop ਜਹਾਜ ਹੈ, ਪਰ ਕੋਈ ਵਿਰਲਾ ਹੀ ਜਾਣਦਾ ਹੈ। ਚੜਾ ਲਏ ਤਾਂ ਸਚਖੰਡੁ ਹੀ ਉਤਾਰਦਾ ਹੈ।

**ਚੌਹਧਵੀਂ ਪਉੜੀ :** ਇਹ ਸੋਹਣਾ ਸਰੀਰ, ਸੋਹਣਾ ਰੂਪ, ਇਹ ਸੋਹਣੀ ਮਾਇਆ, ਦੁਨੀਆਂ ਵਿਚ ਛੱਡ ਕੇ ਹੀ ਅੱਗੇ ਜਾਣਾ ਹੈ। ਕੁਰਹਿਤ ਕੀਤੀ ਹੈ ਕਿ ਨਾਮ ਜਪਿਆ ਹੈ, ਇਹੋ ਜਿਹੀ ਅੱਗੇ ਪ੍ਰਾਪਤੀ ਹੋਣੀ ਹੈ। ਅੰਮ੍ਰਿਤਧਾਰੀ ਸਚਖੰਡਿ। ਮਨਮੁਖ ਨਰਕਾਂ ਵਿਚ। ਇਥੇ ਰਾਜ ਕੀਤਾ, ਅੱਗੇ ਰਾਹ ਬਹੁਤ ਬਾਰੀਕ ਹੈ, ਨੰਗਾ ਕਰਕੇ ਨਰਕਾਂ ਵਿਚ ਤੋਰਿਆ ਜਾਂਦਾ ਹੈ, ਦੇਖ ਕੇ ਡਰ ਲੱਗਦਾ ਹੈ। ਕੁਰਹਿਤ ਕਰ ਲਈ, ਹੁਣ ਪਛੁਤਾਂਦਾ ਹੈ।

**ਪੰਦਰਵੀਂ ਪਉੜੀ :** ਵਾਹਿਗੁਰੂ ਮਿਹਰ ਕਰੇ ਤਾਂ ਜੀਵ ਸਿਮਰਨ ਕਰਦਾ ਹੈ। ਉਹੀ ਸੇਵਾ ਕਰਦਾ ਹੈ ਤੇ ਹੁਕਮ ਮੰਨਦਾ ਹੈ। ਹੁਕਮ ਮੰਨਣ ਵਾਲਾ ਅੰਮ੍ਰਿਤਧਾਰੀ ਗੁਰਸਿਖ ਸਚਖੰਡਿ ਜਾਂਦਾ ਹੈ, ਮਨੋਂ ਚਿੰਦੇ ਹੋਏ ਫਲ ਹਾਸਲ ਕਰਦਾ ਹੈ। ਸਚਖੰਡਿ ਸਿਰੋਪਾ ਮਿਲਦਾ ਹੈ-ਸਤਿਕਾਰ ਨਾਲ ਜਾਂਦਾ ਹੈ।

**ਸੋਲਵੀਂ ਪਉੜੀ :** ਹਰ ਜੀਵ ਉਸ ਦੀ ਨਜ਼ਰ ਵਿਚ ਹੈ। ਆਪ ਹੀ ਕੰਮ ਕਰਾਉਂਦਾ ਹੈ, ਆਪੇ ਹੀ ਵਡਿਆਈ ਦੇਂਦਾ ਹੈ। ਸਾਰਿਆਂ ਨੂੰ ਆਪਣੇ ਪਿਛਲੇ ਕਰਮਾਂ ਅਨੁਸਾਰ ਕੰਮ ਤੇ ਲਾਇਆ ਹੋਇਆ ਹੈ। ਜੇ ਕਰੋਪੀ ਕਰ ਦੇਵੇ ਤਾਂ ਸੁਲਤਾਨ ਤੋਂ ਭੇਖਾਰੀ ਬਣਾ ਦਿੰਦਾ ਹੈ। 1947-84 ਦਾ ਸਾਕਾ। ਇਰਾਕ ਨੇ ਕੁਵੈਤ ਕੀ ਕੀਤਾ, ਇਰਾਕ ਨਾਲ ਹੁਣ ਕੀ ਹੋਇਆ। ਐਮਨਾ ਬਾਦ ਦਾ ਸਾਕਾ-ਗੁਜਰਾਤ ਵਿਚ ਭੂਚਾਲ-ਸੁਨਾਮੀ-ਹੁਣ ਫਿਰ ਭੂਚਾਲ।

**ਸਤਾਰਵੀਂ ਪਉੜੀ :** ਬੜੇ ਅਮੀਰ ਬੰਦੇ-ਰਾਜੇ-ਸ਼ਾਹਾਂ ਨੇ ਬੜੀਆਂ ਐਸ਼ਾਂ ਕੀਤੀਆਂ-ਸੋਹਣੀਆਂ ਕੋਠੀਆਂ-ਮਹਲ ਆਦਿ ਬੜੇ ਬਣਾਏ। ਮਨ-ਮਨੀਆਂ ਰੰਗ-ਰੰਲੀਆਂ ਮਾਣੀਆਂ-ਸਿਮਰਨ ਨਹੀਂ ਕੀਤਾ। ਬੜੀ ਫੁਰਮਾਇਸ਼ ਕਰਕੇ ਖਾਧਾ ਪੀਤਾ, ਐਸ਼ ਕੀਤੀ। ਰੱਬ ਨੂੰ ਯਾਦ ਨਹੀਂ ਕੀਤਾ, ਮਰਨਾ ਭੁੱਲ ਹੀ ਗਿਆ। ਅੰਤ ਮਰ ਗਿਆ। ਹੁਣ ਨਰਕਾਂ ਵਿਚ ਪਤਾ ਲਗੂ, ਮੈਂ ਕੀ ਕਰਦਾ ਰਿਹਾ?

**ਅਠਾਹਵੀਂ ਪਉੜੀ :** ਗੁਰੂ ਨਾਨਕ ਰੱਬ ਹੈ, ਵਾਹਿਗੁਰੂ ਹੈ, ਉਸ ਨੂੰ ਵਾਹਿਗੁਰੂ ਸਮਝ ਕੇ ਹੀ ਸਿਮਰਨਾ ਚਾਹੀਦਾ ਹੈ। ਗੁਰੂ ਹੀ ਰੱਬ ਨਾਲ ਮਿਲਾਉਂਦਾ ਹੈ। ਫਿਰ ਨਜ਼ਰ ਆਉਂਦਾ ਹੈ ਰੱਬ ਹੀ ਗੁਰੂ ਨਾਨਕ ਹੈ। ਬਾਬਾ ਸਿਰ ਤੇ ਹੱਥ ਰੱਖ ਦੇਵੇ ਤਾਂ ਸਾਰੇ ਔਗੁਣ ਵਿਚੋਂ ਨਿਕਲ ਜਾਂਦੇ ਹਨ। ਗੁਰੂ ਖੁਸ਼ ਹੋ ਜਾਏ ਤਾਂ ਨੌ ਨਿਧੀਆਂ ਮਿਲਦੀਆਂ ਹਨ।

**ਉਨਵੀਂ ਪਉੜੀ :** ਹਰੇਕ ਨੂੰ ਮਮਤਾ ਲੱਗੀ ਹੋਈ ਹੈ, ਜਿਸਨੂੰ ਨਹੀਂ ਉਹ ਦਿਖਾਓ। ਆਪਣੇ ਕਰਮਾਂ ਦਾ ਫਲ ਆਪ ਹੀ ਭੋਗਨਾ ਹੈ। ਜਦੋਂ ਇਸ ਜਗ ਵਿਚ

ਰਹਿਣਾ ਹੀ ਨਹੀਂ ਤਾਂ ਹੰਕਾਰ ਕਿਉਂ ਕਰਨਾ ਹੈ? ਕਿਸੇ ਨੂੰ ਮਾੜਾ ਨਾ ਕਹੋ। ਮੂਰਖ ਨਾਲ ਨਾ ਲੜੋ।

**ਵੀਹਵੀਂ ਪਉੜੀ :** ਸ੍ਰਿਸ਼ਟੀ ਸਾਰੀ ਆਪ ਹੀ ਰਚੀ ਹੈ, ਆਪ ਹੀ ਚਲਾ ਰਿਹਾ ਹੈ। ਗੁਰਮੁਖ-ਮਨਮੁਖ ਪੈਦਾ ਕਰ ਦਿੱਤੇ ਹਨ ਆਪ ਹੀ ਸੰਭਾਲ ਕਰ ਰਿਹਾ ਹੈ। ਜੋ ਵੀ ਜੰਮਿਆ ਹੈ ਉਸ ਨੇ ਮਰਨਾ ਜ਼ਰੂਰ ਹੈ। ਜਿਸ ਦੀ ਜਿੰਦ ਅੰਦਰ ਹੈ ਫਿਰ ਉਸੇ ਵਾਹਿਗੁਰੂ ਨੂੰ ਸਿਮਰਨਾ ਚਾਹੀਦਾ ਹੈ। ਆਪ ਹੀ ਮਿਹਨਤ ਕਰਕੇ ਮਨੁੱਖਾ ਜਨਮ ਸਫਲ ਕਰਨਾ ਚਾਹੀਦਾ ਹੈ।

**21ਵੀਂ ਪਉੜੀ :** ਜਿਸ ਵਾਹਿਗੁਰੂ ਦਾ ਸਿਮਰਨ ਕੀਤਿਆਂ ਅੱਗੇ ਸਦੀਵੀਂ ਸੁਖ ਮਿਲਦਾ ਹੈ, ਉਸ ਵਾਹਿਗੁਰੂ ਨੂੰ ਫਿਰ ਯਾਦ ਕਰਨਾ ਚਾਹੀਦਾ ਹੈ। ਜਦੋਂ ਆਪਣੇ ਕੀਤੇ ਹੀ ਕਰਮਾਂ ਦਾ ਫਲ ਅੱਗੇ ਮਿਲਣਾ ਹੈ ਤਾਂ ਫਿਰ ਕੁਰਹਿਤ ਨ ਕਰੋ ਲੰਬੀ ਸੋਚ ਸੋਚੋ-ਕੁਰਹਿਤ ਕਦੀ ਵੀ ਨਾ ਕਰੋ। ਐਸਾ ਕੰਮ ਕਰੋ ਕਿ ਨਰਕਾਂ ਵਿਚ ਨਾ ਜਾਣਾ ਪਏ। ਸਚਖੰਡਿ ਜਾਣ ਲਈ ਸਿਮਰਨ ਕਰੋ।

**22ਵੀਂ ਪਉੜੀ :** ਅਸਲੀ ਨੌਕਰ-ਸੇਵਾਦਾਰ ਉਹੀ ਹੈ ਜੋ ਮਾਲਕ ਨੂੰ ਚੰਗਾ ਲੱਗਦਾ ਹੈ। ਤਨਖਾਹ ਵੀ ਮਿਲਦੀ ਤੇ ਇਨਾਮ ਵੀ ਮਿਲਦਾ ਹੈ। ਜੇ ਕੋਈ ਦੇਹਧਾਰੀ ਗੁਰੂਆਂ ਦੀ ਸੰਤਾਂ ਬਾਬਿਆਂ ਦੀ ਤਰ੍ਹਾਂ ਮਾਲਕ ਦੀ ਬਰਾਬਰੀ ਕਰਨ ਤਾਂ ਫਿਰ ਅੱਗੇ ਸ਼ਰਮਿੰਦਗੀ ਮਿਲਦੀ ਹੈ। ਧਰਮਰਾਜ ਉਲਟਾ ਟੰਗ ਦਿੰਦਾ ਹੈ। ਜੁਤੀਆਂ ਮਾਰ ਮਾਰ ਕੇ ਮੂੰਹ ਉਡਾ ਦੇਂਦਾ ਹੈ। ਜਿਸ ਦਾ ਦਿੱਤਾ ਖਾ ਰਹੇ ਹਾਂ, ਉਸੇ ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ । ਸਿਰਫ ਅਰਦਾਸ ਹੀ ਕਰਨੀ ਚਾਹੀਦੀ ਹੈ।

**23ਵੀਂ ਪਉੜੀ :** ਵਾਹਿਗੁਰੂ ਦਾ ਅੰਤ ਪੈ ਹੀ ਨਹੀਂ ਸਕਦਾ। ਆਪ ਹੀ ਪੈਦਾ ਕਰਦਾ ਹੈ, ਆਪ ਹੀ ਮਾਰ ਦੇਂਦਾ ਹੈ। ਕਈ ਦੁਖੀ ਹਨ, ਕਈ ਸੁਖੀ ਹਨ। ਦੁਖ-ਸੁਖ ਉਸ ਦੇ ਹੁਕਮ ਵਿਚ ਹਨ-ਉਸ ਤੋਂ ਬਗੈਰ ਕਿਸਨੂੰ ਕਹੀਐ। ਜਿਸ ਕਰਤਾਰ ਨੇ ਸ੍ਰਿਸ਼ਟੀ ਉਪਾਈ ਹੈ, ਉਹੀ ਸੰਭਾਲ ਰਿਹਾ ਹੈ। ਸਰੀਰ ਦੁਖੀਆ ਹੈ। ਆਤਮਾ ਸੁਖੀਆ ਹੈ।

**24ਵੀਂ ਪਉੜੀ :** ਵਾਹਿਗੁਰੂ ਬਾਰੇ ਕੁਛ ਕਿਹਾ ਨਹੀਂ ਜਾ ਸਕਦਾ। ਉਹੀ ਕਾਦਰ ਕਰਤਾ ਹੈ, ਰਹਿਮ ਦਿਲ ਹੈ ਬਖਸ਼ਿਦ ਹੈ। ਜੀਆਂ ਨੂੰ ਰਿਜਕ ਅਪੜਾਂਦਾ ਹੈ। ਜੀਵ ਉਹੀ ਕਰਦੇ ਹਨ-ਜੋ ਸਚਖੰਡੂ ਤੋਂ ਉਹਨਾਂ ਦੇ ਕਰਮਾਂ ਵਿਚ ਲਿਖ ਦੇਂਦਾ ਹੈ। ਇਕ ਰੱਬ ਤੋਂ ਬਗੈਰ ਦੂਜੀ ਕੋਈ ਤਾਕਤ ਹੀ ਨਹੀਂ-ਹੋਰ ਕੋਈ ਥਾਂ ਹੀ ਨਹੀਂ ਰੱਬ ਉਹੀ ਕਰਦਾ ਹੈ ਜੋ ਉਸ ਦੀ ਮਰਜ਼ੀ ਹੁੰਦੀ ਹੈ।

# ਸਲੋਕਾਂ ਦਾ ਵੇਰਵਾ :

ਸਾਰੀ ਕੁਦਰਤਿ ਸੱਚੀ ਹੈ ਤੇ ਵਾਹਿਗੁਰੂ ਨਾਮ ਜਪਨ ਵਾਲਾ ਸੱਚਾ ਹੈ। ਬਾਕੀ ਸਾਰੇ ਕੱਚੇ ਹਨ। ਵਾਹਿਗੁਰੂ ਬਹੁਤ ਵੱਡਾ ਹੈ ਇਸੇ ਲਈ ਉਸ ਦਾ ਸਿਮਰਨ ਕਰੀਦਾ ਹੈ । ਸਚਖੰਡੁ ਅਟੱਲ ਹੈ। ਜਾਣੀ ਜਾਣ ਹੈ। ਪੁਛੇ ਬਗੈਰ ਹੀ ਦਾਤਾਂ ਦੇਂਦਾ ਹੈ। ਕੁਦਰਤਿ ਵਿਚ ਰੱਬ ਵੱਸ ਰਿਹਾ ਹੈ, ਅੰਮ੍ਰਿਤਧਾਰੀ ਗੁਰਸਿਖ ਨੂੰ ਅੰਦਰ ਪ੍ਰਕਾਸ਼ ਕਰ ਦੇਂਦਾ ਹੈ। ਉਹ ਸਾਰੀ ਖੇਡ ਜਾਣ ਜਾਂਦਾ ਹੈ।

ਸਾਰੀ ਕੁਦਰਤਿ ਉਸ ਦੇ ਹੁਕਮ ਵਿਚ ਚਲ ਰਹੀ ਹੈ। ਸਾਰੀ ਕੁਦਰਤਿ ਉਸ ਦੇ ਡਰ ਵਿਚ ਹੈ । ਸਾਰਿਆਂ ਦੇ ਸਿਰ ਤੇ ਕਰਮਾਂ ਦਾ ਲੇਖਾ ਹੈ। ਇਕ ਗੁਰੂ ਤੇ ਰੱਬ ਲੇਖੇ ਤੋਂ ਬਗੈਰ ਹੈ।

ਦੇਵੀ ਦੇਵਤੇ ਤਾਂ ਬਾਬੇ ਦੀ ਚਰਨ-ਧੂੜ ਹਨ। ਬਖਸ਼ਿਸ਼ ਹੋਵੇ ਤਾਂ ਰੱਬ ਮਿਲਦਾ ਹੈ। ਮੁਸਲਮਾਨ, ਹਿੰਦੂ, ਜੋਗੀ, ਦਾਨੀ, ਚੋਰ, ਯਾਰ, ਰੱਬ ਨੂੰ ਨਹੀਂ ਮਿਲ ਸਕਦੇ।

ਬੰਦਾ ਹੰਕਾਰ ਵਿਚ ਜੰਮਦਾ ਹੈ, ਹੰਕਾਰ ਵਿਚ ਹੀ ਮਰ ਜਾਂਦਾ ਹੈ। ਸਾਰੇ ਕੰਮ ਹੀ ਹੰਕਾਰ ਵਿਚ ਕਰਦਾ ਹੈ। ਸਚਖੰਡਿ ਜਾਣ ਦੀ ਗੱਲ ਨੂੰ ਸਮਝਦਾ ਹੀ ਨਹੀਂ। ਹੰਕਾਰ ਇਕ ਡੂੰਘਾ ਰੋਗ ਹੈ, ਪਰ ਇਲਾਜ ਹੈ ਇਸਦਾ। ਸਿਮਰਨ ਕਰਨ ਨਾਲ ਹੰਕਾਰ ਖਤਮ ਹੋ ਜਾਂਦਾ ਹੈ। ਸਭ ਦੀ ਚਿੰਤਾ ਉਸੇ ਵਾਹਿਗੁਰੂ ਨੂੰ ਹੈ। ਜਿੰਨੇ ਮਰਜ਼ੀ ਚੰਗੇ ਕੰਮ ਕਰ ਲੈ। ਵਾਹਿਗੁਰੂ ਸਿਮਰਨ ਤੋਂ ਬਗੈਰ ਕੁਛ ਪਰਵਾਣ ਨਹੀਂ ਹੋਣਾ ਅੱਗੇ। ਜਿੰਨਾ ਮਰਜ਼ੀ ਪੜ੍ਹ ਲੈ-ਲਿਖ ਲੈ-ਵਿਚਾਰ ਲੈ, ਸਾਰੀ ਉਮਰ ਪੜ੍ਹਦਾ ਰਹੁ-ਸਿਮਰਨ ਤੋਂ ਬਗੈਰ ਕੁਛ ਵੀ ਅੱਗੇ ਸਚਖੰਡਿ ਪਰਵਾਣ ਨਹੀਂ।

ਜਿਨਾ ਪੜਿਆ ਹੈ, ਉਤਨਾ ਹੀ ਮਾਣ ਹੈ। ਤੀਰਥਾਂ ਤੇ ਗਿਆ-ਉਨੀ ਹੀ ਹਉਮੈ ਹੈ। ਭੇਖ ਕਰਦਾ ਹੈ ਸਰੀਰ ਨੂੰ ਦੁਖੀ ਕਰਦਾ ਹੈ। ਆਪਣੇ ਕੀਤੇ ਕਰਮਾਂ ਦਾ ਫਲ ਭੋਗ ਰਿਹਾ ਹੈ। ਰੱਬ ਨੂੰ ਭੁਲਾ ਦਿੱਤਾ, ਦੁਖੀ ਰਿਹਾ। ਕਪੜੇ ਨਹੀਂ ਪਾਉਂਦਾ-ਗੁੱਸੇ ਦਾ ਭਰਿਆ ਹੋਇਆ ਹੈ। ਮੋਨੀ ਹੈ-ਸੁਤਾ ਪਿਆ ਹੈ। ਨੰਗੇ ਪੈਰੀ ਚਲਦਾ ਹੈ-ਬੇਵਕੂਫ ਹੈ। ਗੰਦ-ਮੰਦ ਖਾਂਦਾ ਹੈ-ਸਿਰ ਸੁਆਹ ਹੀ ਪੈਂਦੀ ਹੈ। ਜੰਗਲਾਂ ਵਿਚ, ਕਬਰਾਂ ਵਿਚ ਰਹਿੰਦਾ ਹੈ। ਮੂਰਖ ਹੈ ਨਰਕਾਂ ਵਿਚ ਪਛੁਤਾਂਦਾ ਹੈ। ਸੁਖੀ ਰਹਿਣੈ ਤਾਂ ਅੰਮ੍ਰਿਤ ਛਕੋ। ਸਾਰੀ ਸ੍ਰਿਸ਼ਟੀ ਝੂਠੀ ਹੈ-ਨਾਸਵੰਤ ਹੈ। ਭਾਵੇ ਰਾਜਾ, ਪਰਜਾ, ਸੋਨਾ-ਚਾਂਦੀ-ਵਹੁਟੀ-ਪਤੀ-ਸਾਰੇ ਸਾਕ ਝੂਠੇ ਹਨ। ਸਚ ਸਿਰਫ ਸਿਮਰਨ ਹੀ ਹੈ।

ਸਾਰੀ ਸ੍ਰਿਸ਼ਟੀ ਵਿਚ ਵੇਕਾਰ ਪਰਧਾਨ ਹਨ। ਪਰਧਾਨਾਂ ਦਾ ਪਰਧਾਨ ਕਾਮ ਹੈ, ਕੋਈ ਵੀ ਜੀਵ ਕਾਮ ਤੋਂ ਨਹੀਂ ਬੱਚਿਆ, ਨਾ ਹੀ ਬੱਚ ਸਕਦਾ ਹੈ, ਨਾ ਹੀ ਬਚੇਗਾ। ਸਾਰਿਆਂ ਨੂੰ ਇੱਜ਼ਤ ਦਾ ਵੱਟਾ ਪਾ ਕੇ ਤੋਲੀਏ ਤਾਂ ਪਤਾ ਲੱਗਦਾ ਹੈ ਸਾਰੇ ਚਰਿੱਤਰ ਹੀਨ ਹਨ।

ਕਈ ਵਾਰੀ ਦੁੱਖੀ ਬੰਦਾ-ਰੱਬ ਵਲ ਮੁੜ ਪੈਂਦਾ ਹੈ। ਸੁਖੀ ਐਸ਼ ਹੀ ਕਰਦਾ ਰਹਿੰਦਾ ਹੈ। ਘੜੇ ਵਿਚ ਪਾਣੀ ਰਹਿੰਦਾ ਹੈ। ਪਾਣੀ ਤੋਂ ਬਗੈਰ ਘੜਾ ਨਹੀਂ ਬਣਦਾ। ਗਿਆਨ ਹੋਵੇ ਤਾਂ ਮਨ ਟਿਕ ਜਾਂਦਾ ਹੈ ਪਰ ਗਿਆਨ ਬਾਬੇ ਨਾਨਕ ਤੋਂ ਬਗੈਰ ਹੋ ਹੀ ਨਹੀਂ ਸਕਦਾ। ਸਤਯੁਗ ਹੈ ਤਾਂ ਸੰਤੋਖ ਹੈ। ਜੇ ਹੁਣ ਵੀ ਸੰਤੋਖ ਹੈ ਤਾਂ ਸਮਾਂ ਸਤਿਜੁਗ ਹੀ ਹੈ। ਤ੍ਰੇਤੇ ਹੈ ਤਾਂ ਜੋਰ ਹੈ। ਦੁਆਪਰਿ ਹੈ ਤਾਂ ਸਤ ਹੈ। ਕਲਜੁਗ ਹੈ ਤਾਂ ਵਿਕਾਰ ਹੈ। ਜੇ ਵਿਕਾਰ ਹੈ ਤਾਂ ਸਤਿਜੁਗ ਵੀ ਕਲਯੁਗ ਹੈ। ਸਿੰਬਲ ਵਰਗਾ ਉਚੱਾ ਜੇ ਮਨੁੱਖ ਹੈ ਤਾਂ ਕੋਈ ਫਾਇਦਾ ਨਹੀਂ-ਅੰਦਰ ਕੋਈ ਗੁਣ ਨਹੀਂ ਪਰ ਉਪਕਾਰੀ ਨਹੀਂ-ਵਿਕਾਰੀ ਹੈ-ਕੋਈ ਫਾਇਦਾ ਹੀ ਨਹੀਂ। ਮਨੁਖਾ ਜਨਮ ਅਜਾਂਈ ਗਿਆ। ਦਇਆ, ਸੰਤੋਖ, ਉਚੱਾ ਆਚਰਨ-ਆਪਣੇ ਆਪ ਨੂੰ ਵੱਸ ਵਿਚ ਰਖਣਾ, ਇਹ ਦੈਵੀ ਗੁਣ ਹਨ ਬਾਹਰੋਂ ਕੋਈ ਵਿਖਾਵਾ ਰੱਬ ਨੂੰ ਪਸੰਦ ਨਹੀਂ। ਵਿਕਾਰ ਭੋਗਦੇ ਹਨ-ਜਨੇਊ ਗਲ ਵਿਚ ਪਾ ਲਿਆ। ਅੰਦਰ ਹੋਰ ਬਾਹਰੋਂ ਹੋਰ-ਪਾਖੰਡੀ ਮਾਰਿਆ ਜਾਂਦਾ ਹੈ।

ਬੰਦਾ ਖਾ ਜਾਂਦੇ ਹਨ। ਨਿਮਾਜ਼ਾਂ ਪੜ੍ਹਦੇ ਹਨ। ਛੁਰੀ ਨਾਲ ਗਲ ਵੱਢ ਦਿੰਦੇ ਹਨ, ਗੱਲ ਵਿਚ ਜਨੇਊ ਹੈ। ਮੱਥੇ ਟਿੱਕਾ ਹੈ, ਗੇਰੂ ਰੰਗ ਦੀ ਧੋਤੀ ਹੈ, ਪਰ ਹੈ ਕਸਾਈ। ਸਿਮਰਨ ਕਰੋ। ਬਲੈਕੀਏ-ਠੱਗ-ਚੋਰ-ਡਾਕੂ ਕੋਈ ਦਾਨ ਕਰ ਦੇਣ ਤਾਂ ਰੱਬ ਕੋਲ ਨਹੀਂ ਪਹੁੰਚ ਜਾਂਦਾ। ਦਸਾਂ ਨੋਹਾਂ ਦੀ ਕਿਰਤ ਕਮਾਈ ਵਿਚੋਂ ਦਿੱਤਾ ਦਾਨ ਹੀ ਪਹੁੰਚਦਾ ਹੈ।

ਤੀਰਥਾਂ ਤੇ ਸਰੋਵਰਾਂ ਤੇ ਨਾਹੁਣ ਨਾਲ ਸੁੱਚੇ ਨਹੀਂ ਹੋ ਜਾਈਦਾ। ਔਰਤ ਨੂੰ Menses ਆਉਂਦੀ ਹੈ ਹਰ ਮਹੀਨੇ, ਜੂਠਾ ਝੂਠਾ ਮਨਮੁਖ ਬਸ! ਇਸੇ ਵਰਗਾ ਹੀ ਝੂਠਾ ਹੈ। ਜੰਮਣ-ਮਰਨ ਦਾ ਵਹਿਮ ਕਰਨ ਲੱਗ ਪਈਏ (ਸੂਤਕ) ਸਾਰੀ ਸ੍ਰਿਸਟੀ ਹੀ ਗੰਦੀ ਹੈ, ਸਾਰੀ ਧਰਤੀ ਹੀ ਅਪਵਿੱਤਰ ਹੈ। ਸੂਤਕ ਕੋਈ ਚੀਜ਼ ਨਹੀਂ। ਪੰਡਿਤਾਂ ਦਾ ਫੋਕਾ ਵਹਿਮ ਹੈ। ਸਰੀਰ ਵਿਚ ਛਤੀਹ ਪ੍ਰਕਾਰ ਦੇ ਭੋਜਨ ਪਾ ਦਿਓ, ਅੰਮ੍ਰਿਤ ਮਈ-ਸਭ ਟੱਟੀ ਹੀ ਬਣ ਜਾਂਦੇ ਹਨ। ਬਸ ! ਜਿਹੜੇ ਨਾਮ ਨਹੀਂ ਜਪਦੇ, ਉਹਨਾਂ ਦੇ ਸਾਰੇ ਕਰਮ ਇਸੇ ਤਰ੍ਹਾਂ ਦੇ ਹੀ ਹਨ।

ਔਰਤ ਨੂੰ ਨਿੰਦਣਾ ਨਹੀਂ। ਔਰਤ ਮਾਂ ਹੈ, ਭੈਣ ਹੈ, ਧੀ ਹੈ। ਜਗਤ ਨੂੰ

ਜਨਮ ਦੇਣ ਵਾਲੀ ਮਾਂ, ਧਰਤੀ ਮਾਂ ਵਰਗੀ ਹੈ। ਔਰਤ ਤੋਂ ਬਗੈਰ ਗੁਜ਼ਾਰਾ ਹੀ ਨਹੀਂ। ਪਰਵਾਰ ਚਲ ਹੀ ਨਹੀਂ ਸਕਦਾ ਔਰਤ ਤੋਂ ਬਗੈਰ। ਔਰਤ ਨਾ ਹੋਵੇ, ਸ੍ਰਿਸ਼ਟੀ ਹੀ ਨਾ ਹੋਵੇ, ਕੋਈ ਪੈਦਾਇਸ਼ ਹੀ ਨਾ ਹੋਵੇ, ਫਿਰ ਕੀ ਜਿੰਦਗੀ ਹੈ ਔਰਤ ਤੋਂ ਬਗੈਰ, ਫਿਰ ਨਿੰਦਦਾ ਕਿਉਂ ਹੈ ਔਰਤ ਨੂੰ। ਸਗੋਂ ਪਿਆਰ ਕਰ, ਸਤਿਕਾਰ ਕਰ, ਮਾਨ ਦੇਹ। ਹਿੰਦੂ ਨਿੰਦਦਾ ਹੈ, ਗੁਰਸਿਖ ਨਹੀਂ। ਔਰਤ ਨਾ ਹੁੰਦੀ ਤੇਰੇ ਬੱਚੇ ਹੀ ਨਾ ਹੁੰਦੇ, ਤੇਰਾ ਪਰਿਵਾਰ ਹੀ ਨਾ ਹੁੰਦਾ, ਤੇਰੀ ਮਾਂ ਨਾ ਹੁੰਦੀ-ਪਿਓ ਨਾ ਹੁੰਦਾ-ਤੂੰ ਨਾ ਹੁੰਦਾ। ਕੋਈ ਵੀ ਨਾ ਹੁੰਦਾ। ਸਤਿਕਾਰ ਦੇ ਔਰਤ ਨੂੰ ਜੁਬਾਨ ਵਿਚ ਮਿਠਾਸ ਰੱਖ-ਫਿੱਕਾ-ਕੌੜਾ-ਗੁੱਸੇ ਭਰਿਆ ਬੋਲ ਨਾ ਬੋਲ। ਨਰਕਾਂ ਵਿਚ ਤੇਰੇ ਹੀ ਮੂੰਹ ਵਿਚ ਥੁੱਕਾਂ ਪੈਣਗੀਆਂ ਯਾਦ ਰੱਖੀਂ। ਮੂਰਖ ਫਿੱਕਾ ਬੋਲਦਾ ਹੈ। ਜੁੱਤੀਆਂ ਪੈਂਦੀਆਂ ਹਨ।

ਪਿਆਰ ਉਹੀ ਹੈ ਜੋ ਰੱਬ ਨਾਲ ਹੈ। ਮਾਇਆ ਦਾ ਪਿਆਰ ਝੂਠਾ ਹੈ।

ਮੱਥਾ ਵੀ ਟੇਕਦਾ ਹੈ ਤੇ ਅੰਮ੍ਰਿਤ ਵੀ ਨਹੀਂ ਛੱਕਦਾ। ਅੰਦਰੋਂ ਗੰਦਾ ਹੈ, ਕੁਰਹਿਤੀਆ ਹੈ।

ਨੌਕਰ ਬਣ ਕੇ ਮਾਲਕ ਦੀ ਸੇਵਾ ਕਰੋ। ਬਰਾਬਰੀ ਨਹੀਂ ਕਰਨੀ। ਜ਼ਹਿਰ ਬੀਜ ਕੇ ਅੰਮ੍ਰਿਤ ਦੀ ਆਸ ਨਾ ਰੱਖੋ।

ਮੰਗ ਕੇ ਚੀਜ਼ ਲਈਏ ਦਾਤਿ ਨਹੀਂ ਕਹੀ ਜਾਂਦੀ। ਦਾਤਿ ਉਹ ਹੈ ਜੋ ਵਾਹਿਗੁਰੂ ਆਪ ਖੁਸ਼ ਹੋ ਕੇ ਦੇਂਦਾ ਹੈ।

ਇਹ ਵੀ ਕੋਈ ਨੌਕਰੀ ਨਹੀਂ ਜੇ ਰੱਬ ਦਾ ਡਰ ਹੀ ਨਹੀਂ ਗਿਆ। ਉਸ ਦੇ ਵਿਚ ਸਮਾ ਜਾਓ।

ਕਰਮਾਂ ਦੀ ਖੇਡ ਹੈ। ਜੀਵ ਕਈ ਬਹੁਤ ਗਰੀਬ ਹਨ। ਕਈ ਬਹੁਤ ਅਮੀਰ ਹਨ। ਇਕ ਰਜਾਈ ਵਿਚ ਪਏ ਹਨ, ਨੌਕਰ ਸੇਵਾ ਲਈ ਸਿਰ ਤੇ ਖੜਾ ਹੈ। ਬਸ। ਉਸ ਦੀ ਮਿਹਰ ਦੀ ਨਿਗਾਹ ਚਾਹੀਦੀ ਹੈ। ਮਿਹਰ ਦੀ ਨਿਗਾਹ ਸਿਮਰਨ ਕਰਨ ਵਾਲੇ ਤੇ ਹੈ। ਅਜ ਵੀ ਅਮੀਰ ਹੋ ਸਕਦਾ ਹੈ। ਨਾਮ ਜਪ। ਦੁਨੀਆਂ ਦੀ ਉਲੱਥ ਪੱਥ ਕਰਦਾ ਹੀ ਰਹਿੰਦਾ ਹੈ। ਉਸ ਨੂੰ ਕੋਈ ਕੁਛ ਨਹੀਂ ਕਹਿ ਸਕਦਾ।

# ਆਨੰਦ ਸਾਹਿਬ ਦਾ ਸਾਰ-ਪਉੜੀ ਅਨੁਸਾਰ

**ਪਹਿਲੀ ਪਉੜੀ :** ਆਨੰਦ ਦਾ ਮੇਲ ਬਾਬੇ ਨਾਨਕ ਨਾਲ ਹੈ। ਉਸ ਦੀ ਚਰਨੀਂ ਪੈ ਜਾਹ, ਅੰਮ੍ਰਿਤ ਛੱਕ-ਆਨੰਦ ਆਉਂਣਾ ਸ਼ੁਰੂ ਹੋ ਜਾਏਗਾ। ਸਹਿਜ ਆਏਗਾ-ਅੰਦਰ

ਖੇੜਾ ਆ ਜਾਏਗਾ ਵਾਹਿਗੁਰੂ ਸਿਮਰਨ ਕਰਨ ਨਾਲ, ਬਾਣੀ ਵਿਚਾਰਨ ਨਾਲ-ਆਨੰਦ ਆਏਗਾ।

**ਦੂਜੀ ਪਉੜੀ :** ਸਿਮਰਨ ਕਰਕੇ-ਸੁਰਤੀ ਜੋੜ ਕੇ ਹਮੇਸ਼ਾ ਵਾਹਿਗੁਰੂ ਨਾਲ ਜੁੜਿਆ ਰਹੁ। ਦੁੱਖ ਸਾਰੇ ਖਤਮ ਹੋ ਜਾਣਗੇ। ਤੇਰੇ ਤੇ ਬਖਸ਼ਿਸ਼ ਕਰੇਗਾ। ਸਾਰੇ ਕੰਮ ਸਵਾਰ ਦੇਏਗਾ। ਸਾਰੀਆਂ ਤਾਕਤਾਂ ਵਾਲਾ ਸਮਰਥ ਵਾਹਿਗੁਰੂ ਹੈ-ਉਸ ਦੇ ਨਾਲ ਸੁਰਤੀ ਲਾ ਕੇ ਜੁੜਿਆ ਰਹੁ-ਆਨੰਦ ਹੀ ਆਨੰਦ ਹੈ।

**ਤੀਜੀ ਪਉੜੀ :** ਉਸ ਵਾਹਿਗੁਰੂ ਦੇ ਘਰ ਕੀ ਨਹੀਂ ਹੈ-ਮੰਗ ਲੈ ਜੋ ਚਾਹੀਦਾ ਹੈ। ਤੂੰ ਉਸ ਦਾ ਪੁੱਤਰ ਹੈ। ਨਾਮ ਦਾ ਵਾਸਾ ਅੰਦਰ ਹੋਣਾ ਚਾਹੀਦਾ ਹੈ-ਬਸ! ਆਨੰਦ ਹੀ ਆਨੰਦ ਹੈ।

**ਚੌਥੀ ਪਉੜੀ :** ਜਿਸ ਅੰਮ੍ਰਿਤਧਾਰੀ ਗੁਰਸਿਖ ਨੂੰ ਵਾਹਿਗੁਰੂ ਨਾਮ ਦਾ ਆਸਰਾ ਹੈ, ਉਸ ਦੇ ਹੋਰ ਸਾਰੇ ਲਾਲਚ ਖਤਮ ਹੋ ਜਾਂਦੇ ਹਨ। ਸਾਰੀ ਇਛਾਂ ਪੂਰੀਆਂ ਹੋ ਜਾਂਦੀਆਂ ਹਨ। ਅੰਦਰ ਅਨੰਦ ਬਣਿਆ ਰਹਿੰਦਾ ਹੈ।

**ਪੰਜਵੀਂ ਪਉੜੀ :** ਅੰਦਰੋਂ ਆਪਣੇ ਆਪ ਇਕ-ਰਸ ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਕਿਸੇ ਵਡਭਾਗੀ ਅੰਮ੍ਰਿਤਧਾਰੀ ਗੁਰਸਿਖ ਨੂੰ ਹੀ ਆਉਂਦੀ ਹੈ। ਪੰਜੇ ਕਾਮਾਦਿਕ ਵੱਸ ਵਿਚ ਆ ਜਾਂਦੇ ਹਨ। ਮੌਤ ਨੇੜੇ ਨਹੀਂ ਆਉਂਦੀ। ਵਾਹਿਗੁਰੂ ਸਚਖੰਡਿ ਤੋਂ ਸਿਧੀ ਜਿਹਨਾਂ ਗੁਰਸਿਖਾਂ ਤੇ ਬਖਸ਼ਿਸ਼ ਕਰਦਾ ਹੈ, ਉਹਨਾਂ ਦੀ ਸੁਰਤਿ ਵਾਹਿਗੁਰੂ ਨਾਮ ਵਿਚ ਜੁੜਦੀ ਹੈ ਤਾਂ ਅਨਹਦ ਵੱਜਦਾ ਹੈ। ਬਸ! ਫਿਰ ਅਨੰਦ ਹੀ ਅਨੰਦ ਹੈ।

**ਛੇਵੀਂ ਪਉੜੀ :** ਮਨੁੱਖਾ ਜਨਮ ਲੈ ਕੇ ਜੇ ਵਾਹਿਗੁਰੂ ਸਿਮਰਨ ਵਿਚ ਸੁਰਤਿ ਨਹੀਂ ਜੁੜੀ ਤਾਂ ਜਨਮ ਵਿਅਰਥ ਗਿਆ। ਹੇ ਵਾਹਿਗੁਰੂ! ਤੇਰੇ ਤੋਂ ਬਗੈਰ ਕੋਈ ਸਮਰਥ ਨਹੀਂ, ਜੋ ਸੁਰਤੀ ਜੋੜ ਸਕੇ, ਤੂੰ ਹੀ ਕ੍ਰਿਪਾ ਕਰ। ਸਿਮਰਨ ਵਿਚ ਜੁੜੇਗਾ ਤਾਂ ਸ਼ੁਧ ਹੋਵੇਗਾ ਨਹੀਂ ਤਾਂ ਵਿਕਾਰੀ ਹੀ ਰਹੇਗਾ । ਸਿਮਰਨ ਤੋਂ ਬਗੈਰ ਸਰੀਰ ਜ਼ੀਰੋ ਹੈ।

**ਸਤਵੀਂ ਪਉੜੀ :** ਸਾਰੇ ਆਨੰਦ ਆਨੰਦ ਦੀਆਂ ਗੱਲਾਂ ਤਾਂ ਕਰਦੇ ਹਨ। ਪਰ ਅੰਦਰਲਾ ਅਨੰਦ ਬਾਬੇ ਨਾਨਕ ਤੋਂ ਬਗੈਰ ਕਿਸੇ ਕੋਲ ਨਹੀਂ। ਪਹਿਲਾਂ ਅੰਦਰੋਂ ਵਿਕਾਰ ਖਤਮ ਹੋਣਗੇ ਤਾਂ ਅਨੰਦ ਆਉਂਦਾ ਹੈ, ਫਿਰ ਰੱਬ ਦਾ ਗਿਆਨ ਹੋਵੇ। ਸਿਮਰਨ ਨਾਲ ਅੰਦਰੋਂ ਮੋਹ ਟੁੱਟਦਾ ਹੈ ਤਾਂ ਅੰਦਰੋਂ ਅਨੰਦ ਆਉਂਦਾ ਹੈ। ਇਹ ਅਸਲ ਅਨੰਦ ਹੈ।

**ਅਠਵੀਂ ਪਉੜੀ :** ਬਾਬਾ ਨਾਨਕ, ਜਿਸ ਨੂੰ ਅਨੰਦ ਦੀ ਅੰਮ੍ਰਿਤ-ਰਸ ਦੀ ਦਾਤਿ

ਦੇਂਦਾ ਹੈ। ਉਹੀ ਅਨੰਦ ਮਾਣਦਾ ਹੈ। ਬੇਅੰਮ੍ਰਿਤੀਆ ਭਾਵੇਂ ਜਿਨੀ ਮਰਜ਼ੀ ਕੋਸ਼ਿਸ਼ ਕਰ ਲਏ। ਉਹ ਮਾਇਆ ਦੀ ਭਟਕਣਾ ਵਿਚ ਪਿਆ ਕੁਰਹਿਤ ਕਰ ਰਿਹਾ ਹੈ। ਰੱਬ ਨਾਲ ਸੁਭਾਵ ਮਿਲਾਉਂਣ ਨਾਲ ਅੰਦਰੋਂ ਅਨੰਦ ਆਉਂਦਾ ਹੈ।

**ਨੌਵੀਂ ਪਉੜੀ :** ਹੇ ਗੁਰਮੁਖੋ! ਆਨੰਦ ਲੈਣਾ ਹੈ ਤਾਂ ਰੱਬ ਦੀ ਵਿਚਾਰ ਕਰਿਆ ਕਰੋ। ਰੱਬ ਕਿਵੇਂ ਮਿਲਦਾ ਹੈ? ਤਨ, ਮਨ, ਧਨ ਉਸ ਨੂੰ ਸਉਂਪ ਦੇਈਏ ਤੇ ਸੁਭਾਵ ਉਸ ਵਾਹਿਗੁਰੂ ਨਾਲ ਮਿਲਾ ਲਈਏ। ਬਾਣੀ ਦੀ ਵਿਚਾਰ ਕਰੀਏ ਤਾਂ ਅਨੰਦ ਆਉਂਦਾ ਹੈ।

**ਦਸਵੀਂ ਪਉੜੀ :** ਸਿਆਣਾ-ਚੰਚਲ-ਚਤੁਰ ਕਦੀ ਵੀ ਅਨੰਦ ਨਹੀਂ ਮਾਣ ਸਕਦਾ। ਕਿਉਂਕਿ ਉਹ ਮਾਇਆ ਨੂੰ ਹੀ ਮਿੱਠੀ ਸਮਝ ਕੇ ਅਨੰਦ ਮਾਣ ਰਿਹਾ ਹੈ। ਉਹ ਵਿਕਾਰਾਂ ਵਿਚੋਂ ਅਨੰਦ ਦੀ ਪ੍ਰਾਪਤੀ ਸਮਝਦਾ ਹੈ।

**11ਵੀਂ ਪਉੜੀ :** ਵਾਹਿਗੁਰੂ ਸਿਮਰਨ ਕਰੋ-ਹਿਰਦੇ ਵਿਚ ਇਸ ਨੂੰ ਸਾਂਭ ਕੇ ਰਖੋ। ਪਰਵਾਰ ਦਾ ਮੋਹ ਛਡੋ। ਜਿੰਦਗੀ ਵਿਚ ਭੁਲ ਕੇ, ਸੁਪਨੇ ਵਿਚ ਵੀ ਕੁਰਹਿਤ ਨਾ ਕਰੀਂ। ਬਾਣੀ ਵਿਚਾਰ। ਅਨੰਦ ਆ ਜਾਏਗਾ।

**12ਵੀਂ ਪਉੜੀ :** ਵਾਹਿਗੁਰੂ! ਤੈਨੂੰ ਕੋਈ ਜਾਣ ਹੀ ਨਹੀਂ ਸਕਦਾ ਤੇ ਆਨੰਦ ਦੀ ਪ੍ਰਾਪਤੀ ਕਿਥੋਂ ਹੋ ਜਾਏਗੀ? ਦੁਨੀਆਂ, ਜੀਆ-ਜੰਤ ਤਾਂ ਇਕ ਖੇਡ ਹੈ। ਬਾਬੇ ਨਾਨਕ ਦੀ ਮਿਹਰ ਤੋਂ ਬਗੈਰ ਕੋਈ ਪਰਾਪਤੀ ਨਹੀਂ ਕਰ ਸਕਦਾ।

**13ਵੀਂ ਪਉੜੀ :** ਦੇਵਤੇ, ਮਨੁੱਖ, ਰਿਸ਼ੀਮੁਨੀ ਅੰਮ੍ਰਿਤ ਲੱਭਦੇ ਰਹੇ, ਉਹ ਅੰਮ੍ਰਿਤ ਵੀ ਗੁਰੂ ਨਾਨਕ ਤੋਂ ਹੀ ਅੰਮ੍ਰਿਤ ਲੱਭਾ। ਬਾਬੇ ਨਾਨਕ ਨੇ ਕ੍ਰਿਪਾ ਕੀਤੀ ਤਾਂ ਅੰਮ੍ਰਿਤ ਲੱਭਿਆ, ਉਹ ਵੀ ਜਦੋਂ ਵਾਹਿਗੁਰੂ ਸਿਮਰਨ ਕਰਕੇ ਰੱਬ ਨੂੰ ਹਿਰਦੇ ਵਿਚ ਵਸਾਇਆ। ਵਿਕਾਰ ਸਾਰੇ ਖਤਮ ਹੋ ਜਾਂਦੇ ਹਨ। ਨਿਰੋਲ ਵਾਹਿਗੁਰੂ ਦੀ ਬਖਸ਼ਿਸ਼ ਨਾਲ ਅੰਮ੍ਰਿਤ ਦੀ ਦਾਤਿ ਮਿਲਦੀ ਹੈ।

**14ਵੀਂ ਪਉੜੀ :** ਭਗਤਾਂ ਨੂੰ ਅੰਮ੍ਰਿਤ-ਰਸ ਆਉਂਦਾ ਹੈ। ਉਹਨਾਂ ਦੀ ਜੀਵਨ ਜਾਂਚ ਨਿਰਾਲੀ ਹੀ ਹੁੰਦੀ ਹੈ। ਸਾਰੇ ਵਿਕਾਰ ਛੱਡ ਦਿੰਦੇ ਹਨ-ਘਟ ਬੋਲਦੇ ਹਨ ਸਿਮਰਨ ਦੇ ਸੂਖਸ਼ਮ ਮਾਰਗ ਤੇ ਚਲਦੇ ਹਨ। ਗੁਰੂ ਦੀ ਕ੍ਰਿਪਾ ਨਾਲ ਹਉਮੈ ਤਿਆਗ ਦੇਂਦੇ ਹਨ ਤਾਂ ਅੰਮ੍ਰਿਤ-ਰਸ ਆਉਂਦਾ ਹੈ।

**15ਵੀਂ ਪਉੜੀ :** ਜੀਵਾਂ ਨੂੰ ਚਲਾਉਂਣ ਵਾਲਾ ਸਿਰਫ ਤੂੰ ਹੈਂ। ਜਿਹਨਾਂ ਤੇ ਮਿਹਰ ਕਰਕੇ, ਸਿਮਰਨ ਵਿਚ ਸੁਰਤੀ ਜੋੜਦਾ ਹੈ ਉਹੀ ਗੁਰਦੁਆਰੇ ਜਾ ਕੇ ਹਮੇਸ਼ਾ ਸਿਮਰਨ ਕਰਦੇ ਹਨ। ਉਹਨਾਂ ਨੂੰ ਹੀ ਆਨੰਦ ਆਉਂਦਾ ਹੈ।

**16ਵੀਂ ਪਉੜੀ :** ਜਿਹੜਾ ਵਾਹਿਗੁਰੂ ਵਾਹਿਗੁਰੂ ਸਿਮਰਨ ਬਾਬੇ ਨਾਨਕ ਨੇ, ਅੰਮ੍ਰਿਤ ਛਕਾਉਂਣ ਲੱਗਿਆ ਦਿੱਤਾ ਸੀ, ਸੁਣਾਇਆ ਸੀ, ਉਹ ਅਨੰਦ ਦੇਣ ਵਾਲਾ ਹੈ। ਸਚਖੰਡਿ ਤੋਂ ਬਖਸ਼ਿਸ਼ ਹੋਵੇ ਤਾਂ ਇਹ ਮਨ ਵਿਚ ਵੱਸਦਾ ਹੈ (ਬਾਕੀ ਸਾਰੇ ਤਾਂ ਗੱਲਾਂ ਹੀ ਕਰਦੇ ਹਨ) ਤਾਂ ਅਨੰਦ ਆਉਂਦਾ ਹੈ।

**17ਵੀਂ ਪਉੜੀ :** ਜਿਹਨਾਂ ਨੇ ਸਿਮਰਨ ਕੀਤਾ ਹੈ, ਅੰਮ੍ਰਿਤ ਛੱਕ ਕੇ ਸਿਮਰਨ ਕੀਤਾ ਹੈ, ਉਹੀ ਪਰਵਾਰ ਸਮੇਤ ਪਵਿੱਤਰ ਹੋਏ ਹਨ ਤੇ ਉਹਨਾਂ ਹੀ ਅਨੰਦ ਮਾਣਿਆ ਹੈ।

**18ਵੀਂ ਪਉੜੀ :** ਬਾਹਰਲੇ ਧਾਰਮਿਕ ਕਰਮ ਕਾਂਡ ਨਾਲ-ਅਡੋਲਤਾ ਨਹੀਂ ਆਉਂਦੀ-ਸਰੀਰ ਸੁੰਨ-ਸਮਾਧ ਨਹੀਂ ਹੁੰਦਾ, ਸੁੰਨ-ਸਮਾਧੀ ਤੋਂ ਬਗੈਰ ਅੰਮ੍ਰਿਤ-ਰਸ ਨਹੀਂ ਆਉਂਦਾ। ਸਿਮਰਨ ਕਰਨ ਨਾਲ ਮਨ ਪਵਿੱਤਰ ਹੁੰਦਾ ਹੈ। ਬਾਬੇ ਨਾਨਕ ਦੀ ਕ੍ਰਿਪਾ ਨਾਲ ਹੀ ਸੁੰਨ ਸਮਾਧੀ ਆਉਂਦੀ ਹੈ। ਅਨੰਦ ਆਉਂਦਾ ਹੈ।

**19ਵੀਂ ਪਉੜੀ :** ਜਿਹੜੇ ਸਿਮਰਨ ਵਿਚ ਸੁਰਤਿ ਨਹੀਂ ਜੋੜਦੇ, ਉਹ ਅੰਦਰੋਂ ਵਿਕਾਰੀ ਹੁੰਦੇ ਹਨ । ਬਾਹਰੋਂ ਧਾਰਮਿਕ ਭੇਖ ਕਰਨ ਨਾਲ ਅੰਦਰ ਆਨੰਦ ਨਹੀਂ ਆਉਂਦਾ-ਜਨਮ ਜੂਐ ਵਿਚ ਹਾਰ ਜਾਂਦੇ ਹਨ । ਅੰਦਰ ਈਰਖਾ ਹੁੰਦੀ ਹੈ, ਮੌਤ ਭੁਲ ਜਾਂਦੀ ਹੈ । ਸਿਮਰਨ ਤੋਂ ਬਗੈਰ ਅਨੰਦ ਆ ਹੀ ਨਹੀਂ ਸਕਦਾ ।

**20ਵੀਂ ਪਉੜੀ :** ਜਿਹੜੇ ਗੁਰਸਿਖ ਅੰਦਰੋਂ ਬਾਹਰੋਂ ਪਵਿੱਤਰ ਹਨ। ਸੁਰਤੀ ਵਾਹਿਗੁਰੂ ਵਿਚ ਜੁੜੀ ਰਹਿੰਦੀ ਹੈ। ਇਹ ਅਸਲ ਨਾਮ ਦੇ ਵਣਜਾਰੇ ਹਨ। ਇਹਨਾਂ ਨੂੰ ਹੀ ਅਨੰਦ ਹੀ ਪਰਾਪਤੀ ਹੈ।

**21ਵੀਂ ਪਉੜੀ :** ਅੰਮ੍ਰਿਤਧਾਰੀ ਗੁਰਸਿਖ ਹੋਵੇ-ਅੰਦਰੋਂ ਵਾਹਿਗੁਰੂ ਨਾਲ ਜੁੜਿਆ ਹੋਵੇ। ਹਰ ਵੇਲੇ ਸਿਮਰਨ ਕਰਦਾ ਹੋਵੇ, ਹਉਮੈ ਤਿਆਗ ਦੇਵੇ, ਗੁਰੂ ਤੋਂ ਬਗੈਰ ਕਿਸੇ ਨੂੰ ਨਾ ਜਾਣੇ। ਉਸਨੂੰ ਅਨੰਦ ਆਉਂਦਾ ਹੈ।

**22ਵੀਂ ਪਉੜੀ :** ਜਿਹੜੇ ਅੰਮ੍ਰਿਤ ਨਹੀਂ ਛੱਕਦੇ, ਉਹ ਬਾਬੇ ਨਾਨਕ ਤੋਂ ਬਗੈਰ ਮੁਕਤੀ ਪਾ ਹੀ ਨਹੀਂ ਸਕਦੇ। ਕਿਸੇ ਪਹੁੰਚੇ ਹੋਏ ਨੂੰ ਪੁਛ ਕੇ ਦੇਖ ਲਓ, ਕਿਸੇ ਹੋਰ ਤਰੀਕੇ ਨਾਲ ਮੁਕਤੀ ਮਿਲ ਹੀ ਨਹੀਂ ਸਕਦੀ ਮਨਮੁਖ, ਚੌਰਾਸੀ ਲੱਖ ਜੂਨਾਂ ਵਿਚ ਚੱਕਰ ਮਾਰ ਕੇ ਫਿਰ ਮਨੁੱਖਾ ਜਨਮ ਲਏਗਾ, ਫਿਰ ਵੀ ਮੁਕਤੀ ਬਾਬੇ ਨਾਨਕ ਤੋਂ ਬਗੈਰ ਨਹੀਂ ਮਿਲਣੀ। ਫਿਰ ਅੰਮ੍ਰਿਤ ਛੱਕੇਗਾ, ਬਾਬਾ ਵਾਹਿਗੁਰੂ ਸਿਮਰਨ ਜਪਨ ਨੂੰ ਕਹੇਗਾ ਤਾਂ ਮੁਕਤੀ ਮਿਲੇਗੀ। ਵਿਚਾਰ ਕੇ ਦੇਖ ਲਓ, ਬਾਬੇ ਨਾਨਕ ਤੋਂ ਬਗੈਰ ਮੁਕਤੀ ਮਿਲ ਹੀ ਨਹੀਂ ਸਕਦੀ। ਫਿਰ ਹੁਣੇ ਹੀ ਅੰਮ੍ਰਿਤ ਛੱਕ ਲੈ। ਅਨੰਦ ਆ

ਜਾਏਗਾ। ਰਸ ਮਾਣੇਗਾ।

**23ਵੀਂ ਪਉੜੀ :** ਗੁਰਸਿਖ ਪਿਆਰਿਓ ! ਗੁਰੂ ਬਾਬੇ ਨਾਨਕ ਕੋਲੋਂ ਅੰਮ੍ਰਿਤ ਛਕੋ ਤੇ ਗੁਰਬਾਣੀ ਵਿਚੋਂ ਜੋ ਸਾਰੀਆਂ ਬਾਣੀਆਂ, ਸਾਰੇ ਗ੍ਰੰਥਾਂ ਤੋਂ ਉਪਰ ਹੈ। ਬਾਬੇ ਦੀ ਬਖਸ਼ਿਸ਼ ਹੋਏਗੀ ਤਾਂ ਮਨ ਵਿਚ ਵਸੇਗੀ ਤਾਂ ਅੰਦਰੋਂ ਅੰਮ੍ਰਿਤ-ਰਸ ਆਵੇਗਾ ਤੇ ਮਸਤ ਰਹੋਗੇ। ਹਮੇਸ਼ਾ ਬਾਣੀ ਵਿਚਾਰੋ।

**24ਵੀਂ ਪਉੜੀ :** ਗੁਰਬਾਣੀ ਤੋਂ ਬਗੈਰ ਬਾਕੀ ਸਾਰੀਆਂ ਬਾਣੀਆਂ-ਧਾਰਮਿਕ ਗ੍ਰੰਥ ਕੱਚੇ ਹਨ-ਮਨਘੜਤ ਹਨ। ਕਹਿਣ ਵਾਲੇ, ਸੁਨਣ ਵਾਲੇ ਸਾਰੇ ਵਿਕਾਰੀ ਹਨ। ਬਾਬੇ ਨਾਨਕ ਤੋਂ ਬਗੈਰ ਅਸਲੀਅਤ ਕਿਸੇ ਕੋਲ ਨਹੀਂ। ਅਨੰਦ ਕਿਥੋਂ ਆਏਗਾ?

**25ਵੀਂ ਪਉੜੀ :** ਵਾਹਿਗੁਰੂ ਸਿਮਰਨ ਰਤਨ ਵਰਗਾ ਕੀਮਤੀ ਹੈ-ਇਸ ਨੂੰ ਹਿਰਦੇ ਵਿਚ ਲੈ ਜਾਓ। ਵਾਹਿਗੁਰੂ ਨੇ ਕਿਰਪਾ ਕੀਤੀ ਤਾਂ ਹੀ ਮਨ ਵਿਚ ਪਿਆਰਾ ਲੱਗਣ ਲੱਗ ਪਏਗਾ। ਸਿਮਰਨ ਵਿਚ ਸੁਰਤਿ ਜੁੜਨ ਤੇ ਅੰਦਰੋਂ ਰਸ ਆਏਗਾ-ਅਨੰਦ ਆਏਗਾ।

**26ਵੀਂ ਪਉੜੀ :** ਸਰੀਰ ਤੇ ਜੀਵ ਪੈਦਾ ਕਰਕੇ ਆਪ ਹੀ ਆਪਣੇ ਹੁਕਮ ਵਿਚ ਤੋਰ ਰਿਹਾ ਹੈ। ਪਰ ਕਿਸੇ ਵਿਰਲੇ ਅੰਮ੍ਰਿਤਧਾਰੀ ਨੂੰ ਹੀ ਅਨੰਦ ਦੀ ਖੇਡ ਸਮਝਾਉਂਦਾ ਹੈ। ਉਹ ਸੁਰਤੀ ਜੋੜਦਾ ਹੈ। ਪਰਵਾਰ ਦੇ ਸਾਰੇ ਮੋਹ-ਬੰਧਨ ਤੋੜ ਦੇਂਦਾ ਹੈ। ਉਸ ਦੇ ਹੁਕਮ ਅਨੁਸਾਰ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

**27ਵੀਂ ਪਉੜੀ :** ਸਿਮਰਤੀਆਂ ਸ਼ਾਸਤਰ ਅਨੰਦ ਦੀ, ਅੰਮ੍ਰਿਤ-ਰਸ ਦੀ ਗਲ ਨੂੰ ਸਮਝ ਹੀ ਨਹੀਂ ਸਕਦੇ। ਕਿਉਂਕਿ ਬਾਬੇ ਨਾਨਕ ਤੋਂ ਬਗੈਰ ਕੋਈ ਵੀ ਰੱਬ ਬਾਰੇ ਜਾਣਦਾ ਹੀ ਨਹੀਂ। ਸੰਸਾਰ ਤਾਂ ਮਾਇਆ ਵਿਚ ਘੂਕ ਸੁੱਤਾ ਪਿਆ ਹੈ, ਸੁਤਿਆਂ ਹੀ ਜ਼ਿੰਦਗੀ ਬੀਤ ਗਈ। ਅਨੰਦ ਕਿਥੋਂ ਆਉਂਣਾ ਹੈ? ਬਾਬੇ ਨਾਨਕ ਦੀ ਕਿਰਪਾ ਨਾਲ ਉਹੀ ਗੁਰਸਿਖ ਵਿਕਾਰਾਂ ਤੋਂ ਸੁਚੇਤ ਰਹਿੰਦੇ ਹਨ ਜਾਗਦੇ ਹਨ, ਜਿਹਨਾਂ ਦੇ ਮਨ ਵਿਚ ਸਿਮਰਨ ਵੱਸਦਾ ਹੈ, ਅੰਮ੍ਰਿਤ ਮਈ ਬਾਣੀ ਉਚਾਰਦੇ ਹਨ। ਉਹਨਾਂ ਨੂੰ ਹੀ ਅਨੰਦ ਦੀ ਪਰਾਪਤੀ ਹੁੰਦੀ ਹੈ।

**28ਵੀਂ ਪਉੜੀ :** ਜਿਸ ਦੀ ਸਿਮਰਨ ਵਿਚ ਸੁਰਤਿ ਜੋੜ ਦੇਂਦਾ ਹੈ, ਉਸ ਨੂੰ ਕੋਈ ਵਿਕਾਰ ਤੰਗ ਨਹੀਂ ਕਰ ਸਕਦਾ। ਮਾਂ ਦੇ ਪੇਟ ਵਿਚ ਖੁਰਾਕ ਕੌਣ ਪਹੁੰਚਾਂਦਾ ਹੈ? ਫਿਰ ਇਹੋ ਜਿਹੇ ਦਾਤੇ ਨੂੰ ਭਲਾਉਂਣਾ ਨਹੀਂ ਚਾਹੀਦਾ। ਐ ਗੁਰਸਿਖ! ਵਾਹਿਗੁਰੂ ਦੀ ਬਖਸ਼ਿਸ਼, ਵਾਹਿਗੁਰੂ ਦਾ ਸਿਮਰਨ ਹੈ, ਤਾਂ ਹੀ ਅੰਦਰੋਂ ਅਨੰਦ ਆਉਂਣਾ ਹੈ।

**29ਵੀਂ ਪਉੜੀ :** ਮਾਂ ਦੇ ਪੇਟ ਵਿਚ ਅੱਗ ਹੈ ਬਾਹਿਰ ਵਿਕਾਰਾਂ ਦੀ ਅੱਗ ਹੈ, ਦੋਵੇਂ

ਜਾਏਗਾ। ਰਸ ਮਾਣੇਗਾ।

**23ਵੀਂ ਪਉੜੀ :** ਗੁਰਸਿਖ ਪਿਆਰਿਓ ! ਗੁਰੂ ਬਾਬੇ ਨਾਨਕ ਕੋਲੋਂ ਅੰਮ੍ਰਿਤ ਛਕੋ ਤੇ ਗੁਰਬਾਣੀ ਵਿਚੋਂ ਜੋ ਸਾਰੀਆਂ ਬਾਣੀਆਂ, ਸਾਰੇ ਗ੍ਰੰਥਾਂ ਤੋਂ ਉਪਰ ਹੈ। ਬਾਬੇ ਦੀ ਬਖਸ਼ਿਸ਼ ਹੋਏਗੀ ਤਾਂ ਮਨ ਵਿਚ ਵਸੇਗੀ ਤਾਂ ਅੰਦਰੋਂ ਅੰਮ੍ਰਿਤ-ਰਸ ਆਵੇਗਾ ਤੇ ਮਸਤ ਰਹੋਗੇ। ਹਮੇਸ਼ਾ ਬਾਣੀ ਵਿਚਾਰੋ।

**24ਵੀਂ ਪਉੜੀ :** ਗੁਰਬਾਣੀ ਤੋਂ ਬਗੈਰ ਬਾਕੀ ਸਾਰੀਆਂ ਬਾਣੀਆਂ-ਧਾਰਮਿਕ ਗ੍ਰੰਥ ਕੱਚੇ ਹਨ-ਮਨਘੜਤ ਹਨ। ਕਹਿਣ ਵਾਲੇ, ਸੁਨਣ ਵਾਲੇ ਸਾਰੇ ਵਿਕਾਰੀ ਹਨ। ਬਾਬੇ ਨਾਨਕ ਤੋਂ ਬਗੈਰ ਅਸਲੀਅਤ ਕਿਸੇ ਕੋਲ ਨਹੀਂ। ਅਨੰਦ ਕਿਥੋਂ ਆਏਗਾ?

**25ਵੀਂ ਪਉੜੀ :** ਵਾਹਿਗੁਰੂ ਸਿਮਰਨ ਰਤਨ ਵਰਗਾ ਕੀਮਤੀ ਹੈ-ਇਸ ਨੂੰ ਹਿਰਦੇ ਵਿਚ ਲੈ ਜਾਓ। ਵਾਹਿਗੁਰੂ ਨੇ ਕਿਰਪਾ ਕੀਤੀ ਤਾਂ ਹੀ ਮਨ ਵਿਚ ਪਿਆਰਾ ਲੱਗਣ ਲੱਗ ਪਏਗਾ। ਸਿਮਰਨ ਵਿਚ ਸੁਰਤਿ ਜੁੜਨ ਤੇ ਅੰਦਰੋਂ ਰਸ ਆਏਗਾ-ਅਨੰਦ ਆਏਗਾ।

**26ਵੀਂ ਪਉੜੀ :** ਸਰੀਰ ਤੇ ਜੀਵ ਪੈਦਾ ਕਰਕੇ ਆਪ ਹੀ ਆਪਣੇ ਹੁਕਮ ਵਿਚ ਤੋਰ ਰਿਹਾ ਹੈ। ਪਰ ਕਿਸੇ ਵਿਰਲੇ ਅੰਮ੍ਰਿਤਧਾਰੀ ਨੂੰ ਹੀ ਅਨੰਦ ਦੀ ਖੇਡ ਸਮਝਾਉਂਦਾ ਹੈ। ਉਹ ਸੁਰਤੀ ਜੋੜਦਾ ਹੈ। ਪਰਵਾਰ ਦੇ ਸਾਰੇ ਮੋਹ-ਬੰਧਨ ਤੋੜ ਦੇਂਦਾ ਹੈ। ਉਸ ਦੇ ਹੁਕਮ ਅਨੁਸਾਰ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

**27ਵੀਂ ਪਉੜੀ :** ਸਿਮਰਤੀਆਂ ਸ਼ਾਸਤਰ ਅਨੰਦ ਦੀ, ਅੰਮ੍ਰਿਤ-ਰਸ ਦੀ ਗਲ ਨੂੰ ਸਮਝ ਹੀ ਨਹੀਂ ਸਕਦੇ। ਕਿਉਂਕਿ ਬਾਬੇ ਨਾਨਕ ਤੋਂ ਬਗੈਰ ਕੋਈ ਵੀ ਰੱਬ ਬਾਰੇ ਜਾਣਦਾ ਹੀ ਨਹੀਂ। ਸੰਸਾਰ ਤਾਂ ਮਾਇਆ ਵਿਚ ਘੂਕ ਸੁੱਤਾ ਪਿਆ ਹੈ, ਸੁਤਿਆਂ ਹੀ ਜਿੰਦਗੀ ਬੀਤ ਗਈ। ਅਨੰਦ ਕਿਥੋਂ ਆਉਂਣਾ ਹੈ? ਬਾਬੇ ਨਾਨਕ ਦੀ ਕਿਰਪਾ ਨਾਲ ਉਹੀ ਗੁਰਸਿਖ ਵਿਕਾਰਾਂ ਤੋਂ ਸੁਚੇਤ ਰਹਿੰਦੇ ਹਨ ਜਾਗਦੇ ਹਨ, ਜਿਹਨਾਂ ਦੇ ਮਨ ਵਿਚ ਸਿਮਰਨ ਵੱਸਦਾ ਹੈ, ਅੰਮ੍ਰਿਤ ਮਈ ਬਾਣੀ ਉਚਾਰਦੇ ਹਨ। ਉਹਨਾਂ ਨੂੰ ਹੀ ਅਨੰਦ ਦੀ ਪਰਾਪਤੀ ਹੁੰਦੀ ਹੈ।

**28ਵੀਂ ਪਉੜੀ :** ਜਿਸ ਦੀ ਸਿਮਰਨ ਵਿਚ ਸੁਰਤਿ ਜੋੜ ਦੇਂਦਾ ਹੈ, ਉਸ ਨੂੰ ਕੋਈ ਵਿਕਾਰ ਤੰਗ ਨਹੀਂ ਕਰ ਸਕਦਾ। ਮਾਂ ਦੇ ਪੇਟ ਵਿਚ ਖੁਰਾਕ ਕੌਣ ਪਹੁੰਚਾਂਦਾ ਹੈ? ਫਿਰ ਇਹੋ ਜਿਹੇ ਦਾਤੇ ਨੂੰ ਭਲਾਉਂਣਾ ਨਹੀਂ ਚਾਹੀਦਾ। ਐ ਗੁਰਸਿਖ! ਵਾਹਿਗੁਰੂ ਦੀ ਬਖਸ਼ਿਸ਼, ਵਾਹਿਗੁਰੂ ਦਾ ਸਿਮਰਨ ਹੈ, ਤਾਂ ਹੀ ਅੰਦਰੋਂ ਅਨੰਦ ਆਉਂਣਾ ਹੈ।

**29ਵੀਂ ਪਉੜੀ :** ਮਾਂ ਦੇ ਪੇਟ ਵਿਚ ਅੱਗ ਹੈ ਬਾਹਿਰ ਵਿਕਾਰਾਂ ਦੀ ਅੱਗ ਹੈ, ਦੋਵੇਂ

ਇਕੋ ਜਿਹੀਆਂ ਹਨ-ਰੱਬ ਸੰਸਾਰ ਨੂੰ ਖਿਡਾ ਰਿਹਾ ਹੈ। ਰੱਬ ਭੁਲ ਗਿਆ ਤਾਂ ਜੀਵ ਮਾਇਆ ਦੇ ਪ੍ਰਭਾਵ ਹੇਠ ਵਿਕਾਰ ਹੀ ਭੋਗੇਗਾ। ਸਿਮਰਨ ਵਿਚ ਸੁਰਤਿ ਜੁੜ ਗਈ ਤਾਂ ਇਸੇ ਸੰਸਾਰ ਵਿਚ ਅਨੰਦ ਆ ਜਾਣਾ ਹੈ।

**30ਵੀਂ ਪਉੜੀ :** ਰੱਬ ਅਮੁਲਾ ਹੈ, ਕੋਈ ਉਸ ਦਾ ਮੁੱਲ ਨਹੀਂ ਪਾ ਸਕਦਾ। ਜੇ ਗੁਰੂ ਨਾਨਕ ਮਿਲ ਪਏ-ਤਾਂ ਹਉਮੈ ਜਾਂਦੀ ਹੈ। ਜੀਵਾਤਮਾ ਰੱਬ ਦੀ ਹੈ ਫਿਰ ਰੱਬ ਵਿਚ ਮਿਲ ਜਾਂਦੀ ਹੈ। ਫਿਰ ਆਨੰਦ ਹੀ ਅਨੰਦ ਹੈ।

**31ਵੀਂ ਪਉੜੀ :** ਸੁਆਸਾਂ ਦੀ ਪੂੰਜੀ, ਵਾਹਿਗੁਰੂ ਨਾਮ ਦਾ ਵਪਾਰ ਕਰਨ ਲਈ ਹੈ। ਸੁਆਸ ਸੁਆਸ ਵਾਹਿਗੁਰੂ ਵਾਹਿਗੁਰੂ ਜਪਨਾ ਹੈ। ਇਹ ਪੂੰਜੀ ਬਾਬੇ ਨਾਨਕ ਤੋਂ ਮਿਲੀ ਹੈ। ਹਮੇਸ਼ਾ-ਹਰ ਵੇਲੇ ਵਾਹਿਗੁਰੂ ਵਾਹਿਗੁਰੂ ਜਪਦੇ ਰਹੋ। ਇਹੀ ਲਾਭ ਹੈ। ਉਸ ਦੀ ਰਜ਼ਾ ਵਿਚ ਹੀ ਇਹ ਦਾਤਿ ਮਿਲਦੀ ਹੈ ਤਾਂ ਅਨੰਦ ਆਉਂਦਾ ਹੈ।

**32ਵੀਂ ਪਉੜੀ :** ਜੀਭ ਨੂੰ ਖਾਣ-ਪੀਣ ਦੇ ਚਸਕੇ ਲੱਗ ਜਾਣ ਤਾਂ ਵੱਧਦੇ ਹੀ ਜਾਂਦੇ ਹਨ ਜਿਨਾਂ ਚਿਰ ਅੰਦਰੋਂ ਰਸ ਨਹੀਂ ਆਉਂਦਾ। ਅੰਦਰਲਾ ਅਨੰਦ ਬਖਸ਼ਿਸ਼ ਨਾਲ ਮਿਲਦਾ ਹੈ ਉਹ ਵੀ ਜਿਸ ਨੂੰ ਬਾਬੇ ਨਾਨਕ ਤੋਂ ਅੰਮ੍ਰਿਤ ਦੀ ਦਾਤਿ ਮਿਲ ਜਾਏ। ਫਿਰ ਸਾਰੇ ਚਸਕੇ ਖਤਮ ਹੋ ਜਾਂਦੇ ਹਨ।

**33ਵੀਂ ਪਉੜੀ :** ਸਰੀਰ ਵਿਚ ਜੋਤ ਰੱਖੀ ਤਾਂ ਹੀ ਸਰੀਰ ਪੈਦਾ ਹੋਇਆ ਹੈ। ਮਾਂ ਪਿਓ ਸਾਰੀ ਸ੍ਰਿਸ਼ਟੀ ਜੀਵਾਤਮਾ ਪਾ ਕੇ ਹੀ ਪੈਦਾ ਕੀਤੀ ਹੈ। ਬਾਬੇ ਤੋਂ ਅੰਮ੍ਰਿਤ ਦੀ ਦਾਤ ਮਿਲੇ, ਸਿਮਰਨ ਵਿਚ ਸੁਰਤੀ ਲੱਗੇ ਤਾਂ ਸਮਝ ਆਉਂਦੀ ਹੈ ਕਿ ਜਗਤ ਇਕ ਮਦਾਰੀ ਦਾ ਤਮਾਸ਼ਾ ਹੈ। ਅਨੰਦ ਦਾ ਸੋਮਾ ਆਪ ਵਾਹਿਗੁਰੂ ਹੈ।

**34ਵੀਂ ਪਉੜੀ :** ਮਨੁੱਖ ਅੰਦਰ ਅਨੰਦ ਉਦੋਂ ਹੀ ਆਉਂਦਾ ਹੈ, ਜਦੋਂ ਅੰਦਰ ਰੱਬੀ ਪ੍ਰਕਾਸ਼ ਹੋ ਜਾਂਦਾ ਹੈ ਅੰਦਰ ਰੱਬੀ ਪ੍ਰਕਾਸ਼ ਹੋ ਜਾਂਦਾ ਹੈ ਅੰਦਰ ਚਾਓ-ਖੁਸ਼ੀਆਂ-ਮਿਲਾਪ ਦਾ ਅਨੰਦ ਮਾਣਦਾ ਹੈ। ਫਿਰ ਸਮਝਦਾ ਹੈ ਉਹ ਦਿਨ ਹੀ ਭਾਗਾਂ ਵਾਲਾ ਸੀ ਜਿਸ ਦਿਨ ਅੰਮ੍ਰਿਤ ਛਕਿਆ। ਗੁਰ ਦੇ ਸਿਮਰਨ ਨਾਲ ਇਕ-ਰਸ ਅੰਦਰੋਂ ਵਾਹਿਗੁਰੂ ਵਾਹਿਗੁਰੂ ਦਾ ਅਨੰਦ ਆਉਂਣ ਲੱਗ ਪੈਂਦਾ ਹੈ।

**35ਵੀਂ ਪਉੜੀ :** ਕਰਮਾਂ ਦਾ ਪ੍ਰੇਰਿਆ ਹੋਇਆ-ਮੁੜ ਮੁੜ ਵੇਕਾਰ ਹੀ ਕਰਦਾ ਹੈ। ਬਾਬੇ ਨਾਨਕ ਦੀ ਕ੍ਰਿਪਾ ਨਾਲ ਵਾਹਿਗੁਰੂ ਮਨ ਵਿਚ ਵੱਸਦਾ ਹੈ-ਇਹ ਵੀ ਪਿਛਲੇ ਚੰਗੇ ਕਰਮਾਂ ਕਰਕੇ ਹੀ ਹੋਇਆ ਹੈ। ਜਿਸਦੀ ਸੁਰਤੀ ਜੁੜ ਗਈ-ਉਹਨਾਂ ਨੂੰ ਹੀ ਅੰਮ੍ਰਿਤ-ਰਸ ਆਉਂਣਾ ਹੈ ਤੇ ਸਚਖੰਡਿ ਪਰਵਾਨ ਹੋਣਾ ਹੈ।

**36ਵੀਂ ਪਉੜੀ :** ਅੱਖਾਂ ਵਿਚ ਰੱਬ ਨੇ ਰੌਸ਼ਨੀ ਪਾਈ ਹੈ, ਫਿਰ ਵੀ ਅੰਨੀਆਂ ਹਨ।

ਰੱਬ ਦਿੱਸਦਾ ਹੀ ਨਹੀਂ। ਜ਼ਹਿਰ ਭਰੇ ਸੰਸਾਰ ਵਿਚੋਂ ਰੱਬ ਦੇਖੋ। ਬਾਬੇ ਨਾਨਕ ਦੀ ਮਿਹਰ ਨਾਲ ਰੱਬ ਦਿੱਸਦਾ ਹੈ। ਇਹ ਅੱਖਾਂ ਵਿਕਾਰੀ ਸਨ। ਬਾਬੇ ਨੂੰ ਮਿਲਣ ਕਰਕੇ ਸਮਝ ਆਈ ਤਾਂ ਅਨੰਦ ਮਿਲਿਆ।

**37ਵੀਂ ਪਉੜੀ :** ਵਾਹਿਗੁਰੂ ਨਾਮ ਸੁਨਣ ਲਈ ਕੰਨ ਲਾਏ ਹਨ। ਬਾਣੀ ਸੁਣੋਗੇ, ਸਿਮਰਨ ਸੁਣਗੋ ਤਾਂ ਅੰਦਰੋਂ ਹਰੇ-ਭਰੇ ਹੋ ਜਾਓਗੇ। ਅਨੰਦ ਆਵੇਗਾ। ਅੰਮ੍ਰਿਤ-ਮਈ ਨਾਮ ਸੁਣੋ। ਅਨੰਦ ਆਵੇਗਾ।

**38ਵੀਂ ਪਉੜੀ :** ਵਾਹਿਗੁਰੂ ਨੇ ਜੀਵਾਤਮਾ, ਸਰੀਰ ਵਿਚ ਪਾ ਕੇ, ਸੁਆਸਾਂ ਦਾ ਵਾਜਾ ਵਜਾ ਦਿੱਤਾ ਹੈ । ਨੌਂ ਦੁਆਰੇ ਠੱਗ ਬਣਾ ਦਿੱਤੇ। ਦਸਵੇਂ ਦੁਆਰ ਵਿਚ ਆਪ ਬੈਠ ਗਿਆ। ਗੁਰੂ ਨਾਲ, ਗੁਰਬਾਣੀ ਨਾਲ ਪਿਆਰ ਪਾਈਐ ਤਾਂ ਦਸਮ-ਦੁਆਰ ਵਿਚ ਰੱਬ ਦਿੱਸਦਾ ਹੈ। ਸਾਰੀ ਦੁਨੀਆਂ ਦੇ ਖਜ਼ਾਨੇ ਉਥੇ ਪਏ ਹਨ। ਸਾਰੇ ਹੀ ਮਿਲ ਜਾਂਦੇ ਹਨ, ਅਨੰਦ ਹੀ ਅਨੰਦ ਹੈ।

**39ਵੀਂ ਪਉੜੀ :** ਅਨੰਦ ਦੇਣ ਵਾਲਾ, ਵਾਹਿਗੁਰੂ ਸਿਮਰਨ ਸੰਗਤਿ ਵਿਚ ਕਰਿਆ ਕਰੋ, ਹਮੇਸ਼ਾ ਸਿਮਰਨ ਹੀ ਕਰਿਆ ਕਰੋ। ਜਿਹੜੇ ਗੁਰਸਿਖ ਸਿਮਰਨ ਕਰਦੇ ਹਨ, ਰੱਬ ਨੂੰ ਚੰਗੇ ਲੱਗਦੇ ਹਨ। ਰੱਬ ਮਾਲਕ ਤਾਂ ਸਾਰਿਆਂ ਦਾ ਹੈ ਪਰ ਅੰਮ੍ਰਿਤ-ਰਸ ਤੇ ਅਨੰਦ ਸਿਰਫ ਅੰਮ੍ਰਿਤਧਾਰੀਆਂ ਨੂੰ ਬਖਸ਼ਦਾ ਹੈ।

**40ਵੀਂ ਪਉੜੀ :** ਹੇ ਵਡੇ ਭਾਗਾਂ ਵਾਲਿਓ ਗੁਰਸਿਖੋ! ਅਨੰਦ ਇਹ ਹੈ ਉਸ ਦੇ ਗੁਣ ਇਹ ਹਨ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। ਸਰੀਰ ਦਾ ਮਨੋਰਥ ਸਚਖੰਡਿ ਪਹੁੰਚਣਾ। ਰੱਬ ਮਿਲ ਜਾਂਦਾ ਹੈ, ਚਿੰਤਾ-ਫਿਕਰ ਸਭ ਦੂਰ ਹੋ ਜਾਂਦੇ ਹਨ। ਦੁਖ-ਬਿਮਾਰੀਆਂ-ਕਲੇਸ਼ ਸਭ ਖਤਮ ਹੋ ਜਾਂਦੇ ਹਨ। ਗਿਆਨ-ਇੰਦ੍ਰੇ ਨਕਾ-ਨਕ ਅੰਮ੍ਰਿਤ-ਰਸ ਨਾਲ ਭਰ ਜਾਂਦੇ ਹਨ। ਇਹ ਸਾਰੀ ਮਿਹਰ ਸਿਰਫ ਤੇ ਸਿਰਫ ਬਾਬੇ ਨਾਨਕ ਦੀ ਹੈ। ਸੁਨਣ ਵਾਲਾ-ਪੜ੍ਹਨ ਵਾਲਾ ਸਾਰੇ ਪਵਿੱਤਰ ਹੋ ਜਾਂਦੇ ਹਨ। ਬਾਬਾ ਨਾਨਕ ਸਰਬ-ਵਿਆਪਕ ਹੈ। ਅੰਦਰੋਂ ਹੀ ਵਾਹਿਗੁਰੂ ਦੀ ਅਵਾਜ਼ ਇਕ-ਰਸ ਆਉਂਣ ਲੱਗ ਪੈਂਦੀ ਹੈ। ਇਹ ਹੈ ਅਸਲ ਅਨੰਦ।

# ਜਪੁਜੀ ਦਾ ਸਾਰ (ਮੂਲ ਮੰਤਰ ਦਾ ਸਾਰ)

੧ ਰੱਬ ਇਕ ਹੈ ੳ ਇਕ-ਰਸ ਹੈ (ਜੋਤ ਘਟਦੀ ਵਧਦੀ ਨਹੀਂ) ⌒ ਸਰਬ-ਵਿਆਪਕ ਹੈ (ਕੋਈ ਐਸੀ ਜਗਾਹ ਹੀ ਨਹੀਂ ਜਿੱਥੇ ਰੱਬ ਦਾ ਪ੍ਰਕਾਸ਼ ਨਹੀਂ (ਸੂਖਸ਼ਮ ਹੋਣ ਕਰਕੇ ਦਿੱਸਦਾ ਨਹੀਂ) ਦਸਮ-ਦੁਆਰ ਖੁਹਲ ਜਾਏ ਤਾਂ ਸਾਰੇ

ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਦਿਸਦਾ ਹੈ। ਇਹੀ ਪ੍ਰਕਾਸ਼ ਸਰੀਰ ਵਿਚ ਹੈ, ਇਹੀ ਪ੍ਰਕਾਸ਼ ਸਚਖੰਡਿ ਹੈ, ਇਹੀ ਪ੍ਰਕਾਸ਼ ਸਾਰੇ ਪਾਸੇ ਹੈ। ਇਹੀ ਪ੍ਰਕਾਸ਼ ਦੇ ਆਸਰੇ ਸਾਰੀ ਕੁਦਰਤਿ ਖੜੀ ਹੈ।

**ਸਤਿਨਾਮੁ :** ਜਿਸ ਦਾ ਨਾਮ ਸਤਿ ਹੈ। ਸਤਯ ਹੈ। ਹੋਂਦ ਵਾਲਾ ਹੈ। ਸਦੀਵੀ ਹੈ। ਹਮੇਸ਼ਾ ਰਹੇਗਾ। ਵਾਹਿਗੁਰੂ ਨਾਮ ਸਤ ਹੈ ਸਚ ਹੈ। ਆਦਿ ਹੈ, ਜੁਗਾਦਿ ਹੈ, ਹੁਣ ਵੀ ਹੈ ਅਗਾਂਹ ਨੂੰ ਵੀ ਰਹੇਗਾ।

**ਕਰਤਾ :** ਸਾਰੀ ਸ੍ਰਿਸ਼ਟੀ ਦਾ ਕਰਨਹਾਰ ਹੈ। ਸਾਰੀ ਕੁਦਰਤਿ ਦਾ ਸਿਰਜਣਹਾਰ ਹੈ। ਸਾਰੇ ਬ੍ਰਹਿਮੰਡਾਂ ਦਾ ਰਚਨਹਾਰ ਹੈ।

**ਪੁਰਖੁ :** ਸਾਰਿਆਂ ਵਿਚ ਸਮਾਇਆ ਹੋਇਆ ਹੈ। ਸਾਰੀ ਕੁਦਰਤਿ ਬ੍ਰਹਿਮੰਡਾਂ ਵਿਚ ਸਮਾਇਆ ਹੋਇਆ ਹੈ।

**ਨਿਰਭਉ :** ਉਸ ਨੂੰ ਕਿਸੇ ਦਾ ਡਰ ਨਹੀਂ। ਬਹੁਤ ਬਹੁਤ ਸ਼ਕਤੀਸ਼ਾਲੀ ਪ੍ਰਕਾਸ਼ ਹੈ।

**ਨਿਰਵੈਰੁ :** ਕਿਸੇ ਨਾਲ ਵੈਰ ਨਹੀਂ ਕਰਦਾ। ਰੱਬ ਨਾ ਕਿਸੇ ਦਾ ਵੈਰੀ, ਵੈਰੀ ਤੇਰੇ ਐਬ ਬੰਦਿਆਂ।

**ਅਕਾਲ :** ਕਾਲ-ਸਮਾਂ। ਅਕਾਲ-ਸਮੇਂ ਤੋਂ ਰਹਿਤ। ਸਮਾਂ ਅਸਰ ਨਹੀਂ ਕਰਦਾ। ਸਮੇਂ ਦਾ ਉਸ ਤੇ ਪ੍ਰਭਾਵ ਨਹੀਂ।

**ਮੂਰਤਿ :** ਮੂਰਤਿ-ਸ਼ਕਲ-ਅਕਾਰ-ਪ੍ਰਕਾਸ਼-ਜੋਤਿ-ਨੂਰ ਨੂੰ ਸਮੇਂ ਦਾ ਅਸਰ ਨਹੀਂ। ਬੁੱਢਾ ਨਹੀਂ ਹੁੰਦਾ, ਮਰਦਾ ਨਹੀਂ, ਕਮਜ਼ੋਰ ਨਹੀਂ ਹੁੰਦਾ, ਬਿਮਾਰ ਨਹੀਂ ਹੁੰਦਾ, ਦੁੱਖੀ ਨਹੀਂ ਹੁੰਦਾ, ਚਿੰਤਾ ਕੋਈ ਨਹੀਂ। ਕੋਈ ਆਸਾ ਮਨਸਾ ਨਹੀਂ।

**ਅਜੂਨੀ :** ਜੂਨੀ ਵਿਚ ਪੈਂਦਾ, ਜੰਮਦਾ ਮਰਦਾ ਨਹੀਂ। ਪੰਜ ਭੂਤਕ ਨਹੀਂ। ਮਾਂ ਪਿਓ ਤੋਂ ਪੈਦਾ ਨਹੀਂ ਹੋਇਆ।

**ਸੈਭੰ :** ਸਵੈ-ਆਪਣੇ ਆਪ ਤੋਂ ਬਣਿਆ ਹੈ। ਭੰ-ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਉਚਾਰਨ ਸ੍ਵੈਭੰਗ ਨਹੀਂ ਕਰਨਾ "ਸੈਭੂ" ਗ ਪੂਰਾ ਨਹੀਂ ਬੋਲਨਾ।

**ਗੁਰਪ੍ਰਸਾਦਿ :** ਪ੍ਰਸਾਦਿ-ਕ੍ਰਿਪਾ। ਗੁਰ-ਗੁਰੂ ਨਾਨਕ : ਬਾਬੇ ਨਾਨਕ ਦੀ ਕ੍ਰਿਪਾ ਨਾਲ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਮਿਲਦਾ ਹੈ। ਅੰਮ੍ਰਿਤ ਛਕਣ ਨਾਲ ਮਿਲਦਾ ਹੈ।-ਹੋਰ ਕਿਸੇ ਵੀ ਤਰੀਕੇ ਨਾਲ ਨਹੀਂ ਮਿਲਦਾ।

**॥ਜਪੁ॥ :** ਸਿਮਰਨ ਕਰਿਆ ਕਰ, ਨਾਮ ਜਪਿਆ ਕਰ। ਬਾਣੀ ਦਾ ਨਾਮ ਹੈ। ਇਸਦਾ ਮੂਲਮੰਤਰ ਨਾਲ ਕੋਈ ਸੰਬੰਧ ਨਹੀਂ। ਦੋ ਡੰਡੀਆਂ ਪਹਿਲਾਂ ਹਨ, ਦੋ

ਡੰਡੀਆਂ ਬਾਦ ਵਿਚ ਹਨ ।।ਜਪ।।

**ਜਪੁ ਜੀ ਦਾ ਮੰਗਲਾ ਚਰਨ ਹੈ :** ਰੱਬ ਜਦੋਂ ਸਮਾਂ ਹੀ ਹੋਂਦ ਵਿਚ ਨਹੀਂ ਸੀ ਆਇਆ, ਰੱਬ ਉਦੋਂ ਵੀ ਹੈਗਾ ਸੀ। ਜੁਗਾਂ ਦੇ ਬਣਨ ਤੋਂ ਪਹਿਲਾਂ ਵੀ ਰੱਬ ਹੈਗਾ ਸੀ। ਹੁਣ ਵੀ ਰੱਬ ਹੈ ਤੇ ਅਗਾਂਹ ਨੂੰ ਵੀ ਸਦੀਵੀ ਰਹੇਗਾ ।

**ਪਹਿਲੀ ਪਉੜੀ :** ਸੁਚੱਤਾ ਰੱਖਣ ਨਾਲ, ਤੀਰਥਾਂ ਤੇ ਸਰੋਵਰਾਂ ਤੇ ਨਾਹੁਣ ਨਾਲ ਮਨ ਪਵਿੱਤਰ ਨਹੀਂ ਹੋ ਜਾਂਦਾ ਭਾਵੇਂ ਲੱਖ ਵਾਰੀ ਇਸ਼ਨਾਨ ਕਰ ਲਓ। ਸੁਚਮਤਾ ਰੱਖ ਲਓ।

ਮੂੰਹ ਤੋਂ ਜੁਬਾਨ ਤੋਂ ਚੁੱਪ ਹੋਣ ਨਾਲ ਮਨ ਚੁੱਪ ਨਹੀਂ ਕਰ ਜਾਂਦਾ ਭਾਵੇ ਇਕ ਤਾਰ ਸਮਾਧੀ ਲਾ ਕੇ ਬੈਠਾ ਰਹਾਂ। ਮਨ ਸ਼ਾਂਤ ਨਹੀਂ ਹੋ ਜਾਂਦਾ।

ਸਾਰੇ ਭਵਨਾਂ ਦੇ ਪਦਾਰਥਾਂ ਦੇ ਢੇਰ ਕੋਲ ਹੋਣ ਤਾਂ ਵੀ ਤ੍ਰਿਸ਼ਨਾ ਦੂਰ ਨਹੀਂ ਹੁੰਦੀ। ਲੱਖਾਂ ਹਜ਼ਾਰਾਂ ਸਿਆਣਪਾਂ, ਚਤੁਰਾਈਆਂ ਹੋਣ ਤਾਂ ਵੀ ਇਕ ਵੀ ਸਿਆਣਪ ਨਾਲ ਅੱਗੇ ਨਹੀਂ ਜਾਂਦੀ। ਉਦਾਹਰਨ : ਇਹ ਬਹੁਤ ਸਿਆਣਾ ਹੈ, ਪੜ੍ਹਿਆ ਹੋਇਆ ਸੀ, ਇਸ ਨੂੰ ਸਚਖੰਡਿ ਲੈ ਜਾਓ। ਤੁਸੀਂ ਲੈ ਜਾਓ। ਕੋਈ ਲੈ ਜਾਵੇ?

ਤਾਂ ਫਿਰ ਸਚੇ ਕਿਵੇਂ ਬਣੀਦਾ ਹੈ? ਰੱਬ ਵਰਗੇ ਕਿਵੇਂ ਬਣੀਦਾ ਹੈ ਤਾਂ ਕਿ ਪ੍ਰਕਾਸ਼ ਹੋ ਜਾਏ। ਕਿਸ ਤਰੀਕੇ ਨਾਲ ਝੂਠ ਦੀ ਕੰਧ ਅੰਦਰੋਂ ਟੂਟੇ? ਸਰੀਰ ਦਾ ਮੋਹ ਕਿਵੇਂ ਟੁੱਟੇ?

ਉਸ ਦੇ ਹੁਕਮ ਵਿਚ ਚਲੋ। ਰੱਬ ਨਾਲ ਸੁਭਾਵ ਮਿਲਾ ਲਓ, ਇਹੀ ਜੀਵ ਦੇ ਨਾਲ ਧੁਰਿ ਤੋਂ ਸਚਖੰਡਿ ਤੋਂ ਲਿਖਿਆ ਚਲਿਆ ਆ ਰਿਹਾ ਹੈ ।।੧।।

**ਪਉੜੀ ਦੂਜੀ :** ਵਾਹਿਗੁਰੂ ਦੇ ਹੁਕਮ ਅਨੁਸਾਰ ਸਾਰਾ ਦਿੱਸਦਾ ਅਕਾਰ ਬਣਿਐ। ਉਸਦਾ ਹੁਕਮ ਦਸਿਆ ਨਹੀਂ ਜਾ ਸਕਦਾ। ਰੱਬ ਦੇ ਹੁਕਮ ਅਨੁਸਾਰ ਸਾਰੇ ਜੀਵ ਜੰਮ ਪੈਂਦੇ ਹਨ, ਹੁਕਮ ਅਨੁਸਾਰ ਸਚਖੰਡਿ ਸੋਭਾ ਮਿਲਦੀ ਹੈ। ਹੁਕਮ ਵਿਚ ਕੋਈ ਚੰਗਾ ਹੈ ਕੋਈ ਭੈੜਾ ਹੈ। ਉਸ ਦੇ ਹੁਕਮ ਅਨੁਸਾਰ ਹੀ ਆਪਣੇ ਕੀਤੇ ਕਰਮਾਂ ਅਨੁਸਾਰ ਦੁੱਖ ਸੁਖ ਪਾਈਦੇ ਹਨ। ਹੁਕਮ ਵਿਚ ਹੀ ਕਈਆਂ ਤੇ ਬਖਸ਼ਿਸ਼ ਹੁੰਦੀ ਹੈ। ਹੁਕਮ ਵਿਚ ਹੀ ਕਈ ਜੂਨਾਂ ਵਿਚ ਘੁਮਾਏ ਜਾਂਦੇ ਹਨ। ਸਾਰੀ ਸ੍ਰਿਸ਼ਟੀ ਉਸ ਵਾਹਿਗੁਰੂ ਦੇ ਹੁਕਮ ਵਿਚ ਚਲ ਰਹੀ ਹੈ, ਉਸ ਦੇ ਹੁਕਮ ਤੋਂ ਬਾਹਿਰਾ ਕੋਈ ਵੀ ਨਹੀਂ ਹੈ। ਆਕੀ ਨਹੀਂ ਹੋ ਸਕਦਾ, ਕੋਈ ਵੀ ਜੀਵ ਉਸਦੇ ਹੁਕਮ ਨੂੰ ਸਮਝ ਲਏ ਤਾਂ ਹੰਕਾਰ ਨਹੀਂ ਕਰਦਾ। ਨਿਮਰਤਾ ਧਾਰਦਾ ਹੈ।।੨।।

**ਪਉੜੀ ਤੀਜੀ :** ਜੇ ਕੋਈ ਤਾਕਤਵਰ ਹੈ ਤਾਂ ਰੱਬ ਦੀ ਤਾਕਤ ਨੂੰ ਗਾਉਂਦਾ ਹੈ।

ਕੋਈ ਉਸ ਦੀਆਂ ਦਾਤਾਂ ਨੂੰ ਗਾਉਂਦਾ ਹੈ, ਉਹ ਦਾਤਾਂ ਨੂੰ ਰੱਬ ਦੀ ਰਹਿਮਤ ਦਾ ਨਿਸ਼ਾਨ ਸਮਝਦਾ ਹੈ। ਕੋਈ ਜੀਵ ਰੱਬ ਦੇ ਸੋਹਣੇ ਗੁਣ ਤੇ ਸੋਹਣੀਆਂ ਵਡਿਆਈਆਂ ਵਰਣਨ ਕਰਦਾ ਹੈ। ਕੋਈ ਵਿਦਿਆ ਦੇ ਗਿਆਨ ਨਾਲ ਰੱਬ ਦੇ ਕਠਨ ਗਿਆਨ ਨੂੰ ਵਰਣਨ ਕਰਦਾ ਹੈ। ਕੋਈ ਯਾਦ ਕਰਦਾ ਹੈ ਕਿ ਰੱਬ ਸਰੀਰ ਬਣਾ ਕੇ ਫਿਰ ਸੁਆਹ ਕਰ ਦੇਂਦਾ ਹੈ। ਸਰੀਰ ਵਿਚੋਂ ਆਤਮਾ ਕੱਢ ਕੇ ਫਿਰ ਪਾ ਦਿੰਦਾ ਹੈ। ਕੋਈ ਯਾਦ ਕਰਦਾ ਹੈ, ਰੱਬ ਦੂਰ ਜਾਪਦਾ ਹੈ ਦੂਰ ਦਿੱਸਦਾ ਹੈ। ਕੋਈ ਆਖਦਾ ਹੈ, ਰੱਬ ਨੇੜੇ ਹੈ, ਸਭ ਥਾਂਈ ਹਾਜ਼ਰ ਹੈ ਸਭ ਨੂੰ ਵੇਖ ਰਿਹਾ ਹੈ। ਕ੍ਰੋੜਾਂ ਹੀ ਜੀਵਾਂ ਨੇ ਉਸ ਨੂੰ ਬਿਆਨ ਕਰਨ ਦਾ ਜਤਨ ਕੀਤਾ ਹੈ ਪਰ ਉਸ ਦੀ ਵਿਆਖਿਆ ਮੁੱਕੀ ਨਹੀਂ ਘਟਨ ਵਾਲੀ ਨਹੀਂ ਹੈ। ਕ੍ਰੋੜਾਂ ਹੀ ਬਿਆਨ ਕਰ ਕਰਕੇ ਥੱਕ ਗਏ। ਉਹ ਦਾਤਾਂ ਦੇਂਦਾ ਰਹਿੰਦਾ ਹੈ, ਲੈਣ ਵਾਲਾ ਥੱਕ ਜਾਂਦਾ ਹੈ। ਸਾਰੇ ਜੀਵ ਜੁਗਾਂ ਤੋਂ ਹੀ ਰੱਬ ਦੇ ਦਿੱਤੇ ਪਦਾਰਥ ਖਾਂਦੇ ਆ ਰਹੇ ਹਨ। ਹੁਕਮ ਚਲਾਉਂਣ ਵਾਲੇ ਰੱਬ ਦਾ ਹੁਕਮ ਹੀ ਸੰਸਾਰ ਨੂੰ ਹੁਕਮ ਵਜੋਂ ਤੋਰ ਰਿਹਾ ਹੈ। ਉਹ ਹਮੇਸ਼ਾ ਬੇ-ਪਰਵਾਹ ਤੇ ਪ੍ਰਸੰਨ ਹੈ। ਸੰਸਾਰ-ਕੁਦਰਤਿ-ਬ੍ਰਹਿਮੰਡਾਂ ਨੂੰ ਚਲਾਉਂਣ ਵਾਲੇ ਰੱਬ ਦੇ ਕੰਮਾਂ ਨੂੰ ਵੇਖ ਕੇ, ਆਪੋ ਆਪਣੀ ਸਮਝ ਅਨੁਸਾਰ ਜੀਵ ਅੰਦਾਜਾ ਲਾਉਂਦੇ ਚਲੇ ਆ ਰਹੇ ਹਨ ਪਰ ਅੰਦਾਜਾ ਲਾ ਨਹੀਂ ਸਕੇ।।੩।।

**ਪਉੜੀ ਚੌਥੀ :** ਸਾਹਿਬ ਸੱਚਾ ਹੈ, ਉਸ ਦਾ ਵਾਹਿਗੁਰੂ ਨਾਮ ਵੀ ਸੱਚਾ ਹੈ। ਉਸ ਦੀ ਬੋਲੀ ਪ੍ਰੇਮ ਹੈ, ਉਹ ਬੇਅੰਤ ਹੈ। ਅਸੀਂ ਜੀਵ ਉਸ ਤੋਂ ਦਾਤਾਂ ਮੰਗਦੇ ਹਾਂ, ਉਹ ਦੇਂਦਾ ਹੈ। ਉਹ ਬਖਸ਼ਿੰਦ ਹੈ ਫਿਰ ਜੇ ਉਸਦਾ ਦਰਬਾਰ, ਸਚਖੰਡ ਨਜ਼ਰ ਆ ਜਾਏ, ਫਿਰ ਸਾਨੂੰ ਕੀ ਭੇਟਾ ਕਰਨਾ ਚਾਹੀਦਾ ਹੈ ਤੇ ਮੂੰਹੋਂ ਕੀ ਬੋਲਣਾ ਚਾਹੀਦਾ ਹੈ, ਜਿਹੜੇ ਬੋਲਾਂ ਨੂੰ ਸੁਣ ਕੇ ਉਹ ਪਿਆਰ ਕਰਨ ਲੱਗ ਪਏ। ਸਾਰਾ ਕੁਛ ਤਾਂ ਉਸ ਦਾ ਹੀ ਦਿੱਤਾ ਹੋਇਆ ਹੈ। ਸਰੀਰ ਤੇ ਜਿੰਦ ਵੀ ਉਸੇ ਦੀ ਹੈ, ਸਾਹ ਵੀ ਉਸੇ ਦੀ ਕ੍ਰਿਪਾ ਨਾਲ ਹੀ ਆ ਰਿਹਾ ਹੈ। ਫਿਰ ਉਸ ਕੋਲੋਂ ਕੋਈ ਮਾਇਕ ਪਦਾਰਥ ਜਾਂ ਦੁਨਿਆਵੀ ਚੀਜ਼ ਨਹੀਂ ਮੰਗਨੀ ਚਾਹੀਦੀ, ਮੰਗਨਾ ਕੀ ਹੈ? ਹੇ ਵਾਹਿਗੁਰੂ! ਮੈਂ ਅੰਮ੍ਰਿਤ ਵੇਲੇ ਉਠ ਕੇ ਤੇਰਾ ਸਿਮਰਨ ਕਰਦਾ ਰਹਾਂ। ਤੇਰਾ ਸ਼ੁਕਰਾਨਾ ਕਰਦਾ ਰਹਾਂ। ਤੈਨੂੰ ਯਾਦ ਕਰਦਾ ਰਹਾਂ, ਤੈਨੂੰ ਕਦੀ ਵੀ ਭੁੱਲਾਂ ਨਾਹ। ਤੇਰੀ ਬਖਸ਼ਿਸ਼ ਨਾਲ ਹੀ ਤਾਂ ਸਰੀਰ ਮਿਲਿਆ ਹੈ ਤੇ ਮਿਹਰ ਦੀ ਨਿਗਾਹ ਨਾਲ ਮੈਨੂੰ ਮੁਕਤੀ ਮਿਲਨੀ ਹੈ ਮੈਂ ਸਚਖੰਡਿ ਪਹੁੰਚਣਾ ਹੈ। ਇਸ ਤੋਂ ਭਾਵ ਇਹ ਨਹੀਂ ਕਿ ਅਸੀਂ ਹੋਰ ਕੁਛ ਮੰਗਨਾ ਹੀ ਨਹੀਂ। ਉਹ ਸਭ ਕੁਛ ਦੇ ਰਿਹਾ ਹੈ। ਆਪਣੇ ਆਪ ਦੇ ਰਿਹਾ ਹੈ, ਕਿਉਂਕਿ ਸਰੀਰ ਉਸਦਾ ਹੈ ਅੰਦਰ ਆਪ ਹੈ। ਜੇ ਵਾਹਿਗੁਰੂ ਪ੍ਰਤਖ ਦਿੱਸ ਪਏ ਤਾਂ ਕੀ ਮੰਗਨਾ ਹੈ? ਮੈਂ ਸਾਰੀ

ਉਮਰ ਤੈਨੂੰ ਯਾਦ ਕਰਦਾ ਰਹਾਂ। ਧੰਨਵਾਦੀ ਬਨਿਆ ਰਹਾਂ।।੪।।

**ਪੰਜਵੀਂ ਪਉੜੀ :** ਰੱਬ ਕਿਸੇ ਦਾ ਬਣਾਇਆ ਨਹੀਂ ਬਣਦਾ। ਉਹ ਪ੍ਰਕਾਸ਼ ਆਪਣੇ ਆਪ ਤੋਂ ਬਣਿਆ ਹੈ। ਜਿਹੜੇ ਵੀ ਉਸ ਨੂੰ ਸਿਮਰਦੇ ਹਨ ਉਹਨਾਂ ਨੂੰ ਸਚਖੰਡਿ ਸਤਿਕਾਰ ਮਿਲਦਾ ਹੈ। ਗੁਣਾਂ ਦੇ ਖਜ਼ਾਨੇ ਵਾਹਿਗੁਰੂ ਨੂੰ ਸਿਮਰਨਾ ਚਾਹੀਦਾ ਹੈ। ਅੰਦਰ ਉਸ ਦਾ ਪਿਆਰ ਬਣਾਈ ਰਖੀਏ। ਅਸੀਂ ਆਪਣੇ ਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਦੇ । ਸ਼ਿਵ ਜੀ, ਬ੍ਰਹਮਾ, ਗੋਰਖ, ਮਾਈ ਪਾਰਬਤੀ ਸਾਡੇ ਲਈ ਕੁਝ ਵੀਂ ਨਹੀਂ ਹਨ। ਇਹ ਤਾਂ ਸਾਡੀ ਚਰਨ-ਧੂੜ ਲੈਂਦੇ ਹਨ, ਸਾਨੂੰ ਧੰਨ ਆਖਦੇ ਹਨ ਕਿ ਤੂੰ ਗੁਰੂ ਨਾਨਕ ਦਾ ਸਿਖ ਹੈ, ਧੰਨ ਹੈ, ਧੰਨ ਹੈ। ਹੇ ਗੁਰੂ ਬਾਬਾ ਨਾਨਕ! ਮੈਨੂੰ ਸਮਝ ਬਖਸ਼। 700 ਕਰੋੜ ਜੀਵਾਂ ਦਾ ਦਾਤਾ ਰੱਬ ਇਕ ਹੀ ਹੈ। ਤੇ ਮੈਂ ਉਸ ਨੂੰ ਭੁਲਾਂ ਨਾ।।੫।।

**ਛੇਵੀਂ ਪਉੜੀ :** ਤੀਰਥਾਂ ਤੇ ਇਸ਼ਨਾਨ ਕਰਨਾ-ਬੇਵਕੂਫਾਂ ਦਾ ਕੰਮ ਹੈ। ਤੇਰੀ ਬਖਸ਼ਿਸ਼ ਤੋਂ ਬਗੈਰ ਕੁਝ ਵੀ ਨਹੀਂ ਮਿਲਦਾ। ਤੇਰੀ ਬਖਸ਼ਿਸ਼ ਸਿਮਰਨ ਕਰਨ ਨਾਲ ਮਿਲਦੀ ਹੈ। ਬਾਬੇ ਨਾਨਕ ਦੀ ਇਕ ਸਿਖਿਆ ਸੁਨਣ ਨਾਲ ਅੰਦਰ ਰੱਬੀ ਗੁਣ ਆ ਜਾਂਦੇ ਹਨ। ਰੱਬ ਵਰਗੇ ਬਣ ਜਾਈਦਾ ਹੈ। ਇਕ ਸਮਝ ਬਖਸ਼ ਸਾਰੇ ਜੀਵ ਤੇਰਾ ਹੀ ਰੂਪ ਹਨ ਤੇ ਮੈਂ ਤੈਨੂੰ ਭੁਲਾਂ ਨਾਹ। ਸਾਰੇ ਰੱਬ ਹਨ ਤਾਂ ਈਰਖਾ ਕਿਸ ਨਾਲ?।।੬।।

**ਸਤਵੀਂ ਪਉੜੀ :** ਬੰਦੇ ਦੀ ਰੱਬ ਜਿੰਨੀ ਉਮਰ ਹੋ ਜਾਏ। ਸਾਰੀ ਸ੍ਰਿਸ਼ਟੀ ਉਸ ਨੂੰ ਜਾਣਦੀ ਹੈ। ਉਸ ਦੇ ਸਤਿਕਾਰ ਵਜੋਂ ਉਸ ਨਾਲ ਜਾਂਦੀ ਹੈ। ਬੰਦੇ ਨੇ ਆਪਣਾ ਨਾਂ ਵਧੀਆ ਰਖਿਆ ਹੋਇਆ ਹੈ ਤੇ ਦੁਨੀਆਂ ਉਸ ਨੂੰ ਜਪਦੀ ਹੈ ਤੇ ਨਾਮ ਦਾ ਨਾਮਣਾ ਉਹ ਖੱਟ ਰਿਹਾ ਹੈ। ਜੇ ਅਜੇ ਵੀ ਰੱਬ ਦੀ ਮਿਹਰ ਨਾ ਹੋਈ ਤਾਂ ਉਸ ਦੀ ਧਰਮਰਾਜ ਨੇ ਗੱਲ ਵੀ ਨਹੀਂ ਸੁਨਣੀ। ਤੂੰ ਦੋਸ਼ੀ ਹੈ, ਵਾਹਿਗੁਰੂ ਨਾਮ ਨਾ ਜਪਨ ਦਾ ਤੇਰੇ ਤੇ ਦੋਸ਼ ਹੈ। ਸਰੀਰ, ਰੱਬ ਕੋਲੋਂ ਲੈ ਕੇ ਵੀ ਨਾਮ ਨਹੀਂ ਜਪਿਆ। ਗੂੰਹ ਦੀ ਕੀੜਾ ਬਣਾਇਆ ਜਾਏਗਾ। ਉਹ ਸਾਰਿਆਂ ਨੂੰ ਗੁਣਾਂ ਦੀ ਦਾਤਿ ਬਖਸ਼ਦਾ ਹੈ। ਉਹ ਸਭ ਤੋਂ ਸਿਆਣਾ ਹੈ।

**ਪਉੜੀ ਅੱਠਵੀਂ, ਨੌਵੀਂ, ਦਸਵੀਂ, ਗਿਆਰਵੀਂ :** ਵਾਹਿਗੁਰੂ ਵਾਹਿਗੁਰੂ ਨਾਮ ਜਪਿਆ ਜਾ ਰਿਹਾ ਹੈ ਸੰਗਤਿ ਵਿਚ, ਗੁਰਦੁਆਰੇ ਜਾਂ ਕਿਤੇ ਹੋਰ, ਘਰ ਵਿਚ। ਅਸੀਂ ਸਿਰਫ ਧਿਆਨ ਨਾਲ ਸੁਣ ਰਹੇ ਹਾਂ। ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਸਾਡੇ ਕੰਨਾਂ ਵਿਚ ਆ ਰਹੀ ਹੈ, ਸੁਣ ਰਹੀ ਹੈ ਤਾਂ ਸਧਾਰਨ ਮਨੁੱਖ ਵੀ ਸਿਧਾਂ,

ਪੀਰਾਂ, ਦੇਵਤਿਆਂ, ਨਾਥਾਂ ਵਰਗਾ ਹੋ ਜਾਂਦਾ ਹੈ। ਸੋਝੀ ਹੋ ਜਾਂਦੀ ਹੈ, ਧਰਤੀ ਅਕਾਸ਼ ਦਾ ਆਸਰਾ ਵਾਹਿਗੁਰੂ ਹੈ। ਸਾਰੇ ਦੀਪਾਂ, ਲੋਕਾਂ ਤੇ ਪਤਾਲਾਂ ਵਿਚ ਰੱਬ ਵਿਆਪਕ ਹੈ। ਭਗਤ ਹਮੇਸ਼ਾ ਖਿੜੇ ਰਹਿੰਦੇ ਹਨ, ਸਿਰਫ ਵਾਹਿਗੁਰੂ ਨਾਮ ਸੁਣਣ ਨਾਲ ਹੀ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਵਾਹਿਗੁਰੂ ਨਾਮ ਸੁਣਣ ਨਾਲ ਹੀ-ਸ਼ਿਵਜੀ, ਬ੍ਰਹਮਾ ਇੰਦਰ ਦੀ ਪਦਵੀ ਮਿਲ ਜਾਂਦੀ ਹੈ। ਵਿਕਾਰੀ ਵੀ ਸਿਮਰਨ ਕਰਨ ਲੱਗ ਜਾਂਦਾ ਹੈ। ਸੁਰਤੀ ਲੱਗਣ ਨਾਲ ਸਰੀਰ ਦੀਆਂ ਗੁਝੀਆਂ ਗੱਲਾਂ ਦੀ ਸਮਝ ਪੈ ਜਾਂਦੀ ਹੈ। ਸਾਸ਼ਤਰਾਂ, ਵੇਦਾਂ, ਸਿਮਰਤੀਆਂ ਦਾ ਗਿਆਨ ਹੋ ਜਾਂਦਾ ਹੈ।

ਵਾਹਿਗੁਰੂ ਨਾਮ ਸੁਣਣ ਨਾਲ ਸੁਰਤੀ ਜੁੜ ਜਾਂਦੀ ਹੈ। ਸੁਰਤਿ ਜੁੜਨ ਨਾਲ, ਬੰਦਾ ਦਾਨੀ ਤੇ ਸੰਤੋਖੀ ਹੋ ਜਾਂਦਾ ਹੈ ਤੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। 68 ਤੀਰਥਾਂ ਦਾ ਇਸ਼ਨਾਨ ਹੋ ਗਿਆ ਸਮਝੋ। ਜੋ ਪੜ੍ਹਾਈ ਕਰ ਕਰ ਡਿਗਰੀਆਂ ਮਾਨ ਪ੍ਰਾਪਤ ਕਰਦੇ ਹਨ, ਸਾਨੂੰ ਰੱਬ ਕੋਲੋਂ ਮਿਲ ਜਾਂਦਾ ਹੈ। ਸੁਰਤੀ ਸੁੰਨ ਸਮਾਧ ਹੋ ਜਾਂਦੀ ਹੈ, ਰੱਬ ਮਿਲ ਜਾਂਦਾ ਹੈ।

ਸੁਰਤਿ ਜੋੜਨ ਨਾਲ, ਬੇਅੰਤ ਗੁਣਾਂ ਦੇ ਮਾਲਕ ਬਣ ਜਾਈਦਾ ਹੈ। ਸ਼ੇਖਾਂ, ਪੀਰਾਂ ਤੇ ਪਾਤਿਸ਼ਾਹਾਂ ਦੀ ਪਦਵੀ ਮਿਲ ਜਾਂਦੀ ਹੈ। ਅਗਿਆਨੀਆਂ ਨੂੰ ਸਚਖੰਡ ਦਾ ਰਸਤਾ ਲੱਭ ਜਾਂਦਾ ਹੈ । ਡੂੰਘੇ ਸਮੁੰਦਰ ਦੀ ਸਮਝ ਆ ਜਾਂਦੀ ਹੈ।

**ਪਉੜੀ 12ਵੀਂ, 13ਵੀਂ, 14ਵੀਂ ਤੇ 15ਵੀਂ :** ਜਿਸ ਨੇ ਵਾਹਿਗੁਰੂ ਨਾਮ ਨੂੰ ਮੰਨ ਲਿਆ-ਮਨ ਪਤੀਜ ਗਿਆ, ਫਿਰ ਉਸ ਦੀ ਅਵਸਥਾ ਬਿਆਨ ਨਹੀਂ ਹੋ ਸਕਦੀ। ਕਾਗਜ਼ ਹੀ ਨਹੀਂ ਨਾ ਹੀ ਕਲਮ ਉਸ ਦੀ ਅਵਸਥਾ ਲਿਖ ਸਕਦੀ ਹੈ। ਬਹਿ ਕੇ ਵਿਚਾਰ ਕਰਦੇ ਹਨ। ਵਾਹਿਗੁਰੂ ਨਾਮ ਐਸਾ ਮਾਇਆ ਤੋਂ ਰਹਿਤ ਹੈ ਜੇ ਕੋਈ ਮੰਨ ਲਏ ਤੇ ਉਸ ਦਾ ਮਨ ਸਿਮਰਨ ਵਿਚ ਪਤੀਜ ਜਾਏ।

ਉਸ ਦੀ ਸੁਰਤਿ ਉਚੀ ਹੋ ਜਾਂਦੀ ਹੈ, ਮਨ ਵਿਚ ਬੁੱਧੀ ਦਾ ਪ੍ਰਕਾਸ਼ ਹੋ ਜਾਂਦਾ ਹੈ, ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ। ਵਿਕਾਰਾਂ ਦੀ ਸੱਟ ਨਹੀਂ ਖਾਂਦਾ। ਫਿਰ ਨਰਕਾਂ ਨਾਲ ਤੇ ਜਮਾਂ ਨਾਲ ਵਾਹ ਹੀ ਨਹੀਂ ਪੈਂਦਾ।

ਸਚਖੰਡ ਜਾਣ ਲਗਿਆਂ, ਰੁਕਾਵਟ ਨਹੀਂ ਪੈਂਦੀ। ਪਰਤੱਖ ਸਚਖੰਡਿ ਇਜ਼ਤ ਨਾਲ ਜਾਂਦਾ ਹੈ । ਕਿਸੇ ਹੋਰ ਧਰਮ ਜੋ ਪਗਡੰਡੀਆਂ ਹਨ, ਨਹੀਂ ਮੰਨਦਾ । ਉਸਦੀ ਸੁਰਤੀ ਸਿਮਰਨ ਵਿਚ ਜੁੜੀ ਰਹਿੰਦੀ ਹੈ । ਸਿੱਧਾ ਸਚਖੰਡਿ ਜਾਂਦਾ ਹੈ। ਸਾਰੇ ਪਰਵਾਰ ਨੂੰ ਨਾਲ ਲੈ ਜਾਂਦਾ ਹੈ। ਆਪ ਤਰਦਾ ਹੈ ਸੰਗੀ ਸਾਥੀ ਵੀ ਤਾਰ ਲੈਂਦਾ ਹੈ। ਫਿਰ ਕਿਸੇ

ਦੀ ਮੁਥਾਜੀ ਨਹੀਂ ਕਰਦੇ।

**ਪਉੜੀ** 16ਵੀਂ, 17ਵੀਂ, 18ਵੀਂ ਤੇ 19ਵੀਂ : ਪੰਚ-ਜਿਸ ਨੇ ਵਾਹਿਗੁਰੂ ਨਾਮ ਸੁਰਤਿ ਲਾ ਕੇ ਸੁਣਿਆ ਤੇ ਮੰਨਣ ਕਰਕੇ ਮਨ ਵੀ ਪਤੀਜ ਗਿਆ ਹੈ ਉਹ ਪੰਚ ਹੈ- ਸਿਆਣਾ, ਗੁਰਸਿਖ, ਜਿਸ ਨੂੰ ਪ੍ਰਕਾਸ਼ ਹੋ ਗਿਆ ਹੈ। ਇਹੋ ਜਿਹਾ ਪੰਚ ਸਚਖੰਡਿ ਪਰਵਾਨ ਹੈ ਉਥੇ ਚੌਧਰੀ ਹੈ। ਸਚਖੰਡਿ ਸਤਿਕਾਰ ਮਿਲਦਾ ਹੈ। ਰਾਜੇ ਮਾਲਕ ਦੇ ਦਰਬਾਰ ਵਿਚ ਸੋਭਦੇ ਹਨ। ਉਹਨਾਂ ਦੀ ਸੁਰਤੀ ਇਕ ਗੁਰੂ ਨਾਨਕ ਵਿਚ ਹੁੰਦੀ ਹੈ। ਧਰਮ-ਦਇਆ ਤੋਂ ਪੈਦਾ ਹੁੰਦਾ ਹੈ। ਧਰਮ ਨੇ ਸੰਤੋਖ ਨੂੰ ਜਨਮ ਦਿੱਤਾ ਹੈ। ਪੰਚ ਇਹ ਗਲ ਸਮਝਦਾ ਹੈ ਤੇ ਉਸ ਦੇ ਅੰਦਰ ਰੱਬ ਦਾ ਪ੍ਰਕਾਸ਼ ਹੋ ਜਾਂਦਾ ਹੈ। ਜੇ ਬਲਦ ਤੇ ਧਰਤੀ ਖੜੀ ਹੈ ਤਾਂ ਬਲਦ ਕਿਸ ਦੇ ਆਸਰੇ ਖੜਾ ਹੈ (ਇਹ ਪੁਰਾਤਨ ਹਿੰਦੂਆਂ ਦਾ ਖਿਆਲ ਹੈ) ਧਰਤੀ ਪਰੇ ਤੋਂ ਪਰੇ ਹੈ। ਉਸ ਦਾ ਭਾਰ ਕਿਸ ਉਤੇ ਹੈ। ਸਾਰੇ ਜੀਵਾਂ ਦਾ ਲੇਖਾ ਆਪਣੇ ਆਪ ਲਿਖਿਆ ਜਾਂਦਾ ਹੈ। ਭਾਗਾਂ ਵਾਲੇ ਉਹ ਗੁਰਸਿਖ ਹਨ ਜਿਹਨਾਂ ਗੁਰੂ ਦਾ ਰਾਹ ਅਪਣਾਇਆ ਹੈ। ਨਾਮ ਵਿਚ ਸੁਰਤਿ ਜੋੜੀ ਹੈ। ਪ੍ਰਭੂ ਨਾਲ ਪਿਆਰ ਦਾ ਰਿਸ਼ਤਾ ਗੰਢਿਆ ਹੈ। ਪ੍ਰਭੂ ਦੀ ਰਜ਼ਾ ਵਿਚ ਰਹਿਣਾ ਹੀ ਉਹਨਾਂ ਨੂੰ ਭਾਉਂਦਾ ਹੈ। ਨਾਮ-ਸਿਮਰਨ ਉਹਨਾਂ ਦੀ ਜਿੰਦਗੀ ਦਾ ਸਹਾਰਾ ਬਣਦਾ ਹੈ। ਸੰਤੋਖ ਵਾਲਾ ਜੀਵਨ ਬਤੀਤ ਕਰਦੇ ਹਨ। ਉਸ ਦੀ ਬਣਾਈ ਕੁਦਰਤ ਦਾ ਕੋਈ ਅੰਤ ਨਹੀਂ ਪਾ ਸਕਦਾ। ਕਿਨੇ ਜਪੀ, ਤਪੀ, ਪਿਆਰ ਵਾਲੇ, ਪੂਜਾ ਕਰਨ ਵਾਲੇ ਹਨ? ਗ੍ਰੰਥਾਂ ਦੇ ਵੇਦਾਂ ਦੇ ਪਾਠ ਕਰਨ ਵਾਲੇ, ਜੋਗੀ ਉਦਾਸੀ, ਗੁਣਾਂ ਦੀ ਵਿਚਾਰ ਕਰਨ ਵਾਲੇ, ਦਾਨੀ, ਦਾਤੇ, ਸੂਰਮੇ, ਮੋਨ ਧਾਰਨ ਵਾਲੇ, ਸੁਰਤੀ ਲਾਉਂਣ ਵਾਲੇ ਬੇਅੰਤ ਹਨ। ਅੰਦਾਜਾ ਲੱਗ ਹੀ ਨਹੀਂ ਸਕਦਾ। ਤੇਰੀ ਕੁਦਰਤਿ ਬੇਅੰਤ ਹੈ, ਜੋ ਤੈਨੂੰ ਚੰਗਾ ਲਗਦਾ ਉਹੀ ਚੰਗਾ ਹੈ।

ਤੇਰੀ ਕੁਦਰਤਿ ਵਿਚ ਬੇਅੰਤ ਮੂਰਖ ਹਨ, ਮਹਾਂਪੁਰਖ ਹਨ, ਚੋਰ, ਹਰਾਮਖੋਰ ਹਨ। ਜੋਰ ਨਾਲ, ਤਾਕਤ ਨਾਲ ਰਾਜ ਕਰ ਜਾਂਦੇ ਹਨ, ਕਾਤਲ, ਪਾਪੀ, ਝੂਠੇ, ਮਲੇਛ, ਗੰਦੇ, ਵਿਕ੍ਰਾਰੀ ਗੰਦ-ਮੰਦ ਖਾਣ ਵਾਲੇ ਬੇਅੰਤ ਹਨ। ਨਿੰਦਕ ਬੇਅੰਤ ਹਨ।

ਕਿੰਨੀਆਂ ਧਰਤੀਆਂ ਤੇ ਕਿੰਨੀਆਂ ਬੋਲੀਆਂ ਕਰਤਾਰ ਨੇ ਰਚੀਆਂ ਹਨ। ਬੋਲੀ ਪ੍ਰਭੂ ਦਾਤਿ ਮਿਲੀ ਹੈ ਪਰ ਮਿਲੀ ਹੈ ਸਿਮਰਨ ਕਰਨ ਨੂੰ।

**ਪਉੜੀ** 20ਵੀਂ : ਹੱਥ ਪੈਰ, ਸਰੀਰ ਮੈਲਾ ਹੋ ਗਿਆ ਪਾਣੀ ਨਾਲ ਧੋ ਲਈਦਾ ਹੈ। ਕਪੜੇ ਮੈਲੇ ਹੋ ਗਏ, ਸਾਬਣ ਨਾਲ ਧੋ ਲਈਦੇ ਹਨ। ਜੇ ਮਨ ਮੈਲਾ ਹੈ ਤਾਂ ਸਿਮਰਨ

ਨਾਲ ਧੋਤਾ ਜਾਂਦਾ ਹੈ। ਵਿਕਾਰਾਂ ਵਿਚ ਡੁੱਬਾ ਜੀਵ ਸਿਮਰਨ ਨਾਲ ਪਵਿੱਤਰ ਹੋ ਸਕਦਾ ਹੈ।

**ਪਉੜੀ 21ਵੀਂ :** ਜਿਸ ਅੰਮ੍ਰਿਤਧਾਰੀ ਗੁਰਸਿਖ ਨੇ ਸਿਮਰਨ ਵਿਚ ਸੁਰਤਿ ਜੋੜੀ ਹੈ, ਸਿਮਰਨ ਕਰਨ ਲਈ ਉਤਸ਼ਾਹ ਹੈ, ਜਿਸ ਦੇ ਮਨ ਵਿਚ ਪ੍ਰਭੂ ਦਾ ਪਿਆਰ ਉਪਜਿਆ ਹੈ। ਉਹ ਜੀਵ ਸੁੱਧ ਪਵਿੱਤਰ ਹੋ ਜਾਂਦਾ ਹੈ। ਪਰ ਇਹ ਭਗਤੀ ਦੀ ਦਾਤਿ ਉਸ ਦੀ ਮਿਹਰ ਨਾਲ ਹੀ ਮਿਲਦੀ ਹੈ।

ਬੰਦਗੀ ਦਾ ਮਤਲਵ ਇਹ ਨਹੀਂ ਕਿ ਕੁਦਰਤਿ ਦਾ ਅੰਤ ਪਾਇਆ ਜਾ ਸਕੇ। ਕੋਈ ਵੀ ਅੰਤ ਨਹੀਂ ਪਾ ਸਕਦਾ।

**ਪਉੜੀ 22ਵੀਂ :** ਵਾਹਿਗੁਰੂ ਦੀ ਕੁਦਰਤਿ ਦਾ ਹਿਸਾਬ ਕਰਨ ਲੱਗਿਆਂ ਹਜ਼ਾਰਾਂ ਲੱਖਾਂ ਦੇ ਹਿੰਦਸੇ ਵੀ ਥੋਹੜੇ ਹਨ। ਇਤਨੀ ਬੇਅੰਤ ਕੁਦਰਤਿ ਹੈ ਕਿ ਹਿਸਾਬ ਕਰਨ ਲਗਿਆਂ ਗਿਣਤੀ ਹੀ ਮੁੱਕ ਜਾਂਦੀ ਹੈ।

**ਪਉੜੀ 23ਵੀਂ :** ਬੰਦਗੀ ਨਾਲ ਵਾਹਿਗੁਰੂ ਦਾ ਅੰਤ ਨਹੀਂ ਪੈ ਸਕਦਾ। ਪਰ ਇਸ ਦਾ ਭਾਵ ਨਹੀਂ ਕਿ ਬੰਦਗੀ ਦਾ ਕੋਈ ਲਾਭ ਨਹੀਂ। ਬੰਦਗੀ ਵਾਲਾ ਮਨੁੱਖ ਸ਼ਾਹ ਪਾਤਿਸ਼ਾਹ ਹੈ ਤੇ ਕਿਸੇ ਦੀ ਪਰਵਾਹ ਨਹੀਂ ਕਰਦਾ। ਨਾਮ ਦੇ ਸਾਹਮਣੇ ਬੇਅੰਤ ਧਨ ਵੀ ਉਸ ਨੂੰ ਤੁਛ ਹੀ ਜਾਪਦਾ ਹੈ ।

**ਪਉੜੀ 24ਵੀਂ :** ਵਾਹਿਗੁਰੂ ਬੇਅੰਤ ਗੁਣਾਂ ਦਾ ਮਾਲਕ ਹੈ, ਉਸ ਦੀ ਪੈਦਾ ਕੀਤੀ ਰਚਨਾ ਵੀ ਬੇਅੰਤ ਹੈ। ਜਿਉਂ ਜਿਉਂ ਆਖੀਐ, ਉਹ ਵਡਾ ਹੈ, ਹੋਰ ਵਡਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਜਗਤ ਵਿਚ ਨਾ ਕੋਈ ਵਾਹਿਗੁਰੂ ਜੇਡਾ ਹੈ ਨਾ ਹੀ ਕੋਈ ਦੱਸ ਸਕਦਾ ਹੈ ਕਿ ਵਾਹਿਗੁਰੂ ਕੇਡਾ ਵੱਡਾ ਹੈ।

**ਪਉੜੀ 25ਵੀਂ :** ਪ੍ਰਭੂ ਦੀ ਵਡਿਆਈ ਦਸਨੀ ਤਾਂ ਕਿਤੇ ਰਹੀ, ਉਸ ਦੀ ਬਖਸ਼ਿਸ਼ ਹੀ ਇਤਨੀ ਵੱਡੀ ਹੈ ਕਿ ਲਿਖਤ ਵਿਚ ਲਿਆਂਦੀ ਨਹੀਂ ਜਾ ਸਕਦੀ। ਦੁਨੀਆਂ ਵਿਚ ਜੋ ਵੀ ਵੱਡੇ ਵੱਡੇ ਦਿੱਸਦੇ ਹਨ, ਇਹ ਪ੍ਰਭੂ ਦੇ ਦਰ ਤੋਂ ਮੰਗਦੇ ਹਨ। ਉਹ ਇਤਨਾ ਵੱਡਾ ਹੈ ਕਿ ਜੀਵਾਂ ਦੇ ਮੰਗਣ ਤੋਂ ਬਗੈਰ ਹੀ ਇਹਨਾਂ ਦੀ ਲੋੜਾਂ ਜਾਣ ਕੇ ਆਪਣੇ ਆਪ ਹੀ ਦਾਤਾਂ ਦੇਈ ਜਾਂਦਾ ਹੈ। ਜੀਵ ਦੀ ਮੂਰਖਤਾ ਦੇਖੋ, ਦਾਤਾਂ ਵਰਤਦਾ ਵਰਤਦਾ, ਦਾਤਾਰ ਨੂੰ ਵਿਸਾਰ ਕੇ ਵਿਕਾਰਾਂ ਵਿਚ ਪੈ ਜਾਂਦਾ ਹੈ ਤੇ ਕਈ ਦੁੱਖ ਕਲੇਸ਼ ਸਹੇੜ ਲੈਂਦਾ ਹੈ। ਪਰ ਇਹ ਦੁਖ-ਕਲੇਸ਼ ਵੀ ਪ੍ਰਭੂ ਦੀ ਦਾਤਿ ਹੈ, ਕਿਉਂਕਿ ਇਹਨਾਂ ਦੁੱਖਾਂ, ਕਲੇਸ਼ਾਂ ਦੇ ਕਾਰਨ ਹੀ ਮਨੁੱਖ ਨੂੰ ਉਸ ਦੀ ਰਜ਼ਾ ਵਿਚ ਤੁਰਨ ਦੀ ਸਮਝ ਪੈਂਦੀ ਹੈ, ਫਿਰ ਅੰਮ੍ਰਿਤ ਛੱਕ ਕੇ, ਗੁਰਬਾਣੀ ਵਿਚਾਰ ਕੇ

ਸਿਮਰਨ ਕਰਨ ਲੱਗ ਜਾਂਦਾ ਹੈ। ਉਹ ਪਾਤਿਸ਼ਾਹਾਂ ਦਾ ਪਾਤਿਸ਼ਾਹ ਬਣ ਜਾਂਦਾ ਹੈ।

**ਪਉੜੀ 26ਵੀਂ :** ਦੁਨੀਆਂ ਵਿਚ ਬੇਅੰਤ ਵਿਦਵਾਨ ਹੋ ਚੁੱਕੇ ਹਨ ਤੇ ਪੈਦਾ ਹੁੰਦੇ ਰਹਿਣਗੇ। ਪਰ ਨਾ ਹੀ ਅਜੇ ਤਕ ਕੋਈ ਲੇਖਾ ਕਰ ਸਕਿਆ ਹੈ ਨਾਹੀ ਕੋਈ ਅਗਾਂਹ ਨੂੰ ਕਰ ਸਕੇਗਾ। ਪ੍ਰਭੂ ਵਿਚ ਕਿਤਨੀਆਂ ਵਡਿਆਈਆਂ ਹਨ, ਕਿਤਨੀਆਂ ਬਖਸ਼ਸ਼ਾਂ ਜੀਵਾਂ ਉਤੇ ਉਹ ਕਰ ਰਿਹਾ ਹੈ। ਬੇਅੰਤ ਹਨ ਉਸ ਦੇ ਗੁਣ, ਬੇਅੰਤ ਹਨ ਉਸ ਦੀਆਂ ਦਾਤਾਂ। ਇਸ ਭੇਤ ਨੂੰ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ। ਇਹ ਕੰਮ ਮਨੁੱਖ ਦੀ ਤਾਕਤ ਤੋਂ ਪਰੇ ਦਾ ਹੈ। ਜੋ ਮਨਮੁਖ ਭੈੜੇ ਬੋਲ ਬੋਲਦਾ ਹੈ ਉਹ ਮੂਰਖਾਂ ਦਾ ਮੂਰਖ ਹੈ।

**ਪਉੜੀ 27ਵੀਂ :** ਰੱਬ ਨੇ ਦੁਨੀਆਂ ਰੰਗ-ਬਰੰਗੀ ਪੈਦਾ ਕੀਤੀ ਹੈ। ਇਸ ਸ੍ਰਿਸ਼ਟੀ ਦੀ ਸੰਭਾਲ ਵੀ ਆਪ ਹੀ ਕਰ ਰਿਹੈ। ਉਹ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ। ਕਿਸ ਅਸਥਾਨ ਤੇ ਬੈਠ ਕੇ ਉਹ ਸਾਰੀ ਕੁਦਰਤਿ ਦੀ ਸੰਭਾਲ ਕਰ ਰਿਹਾ ਹੈ। ਜੀਵ ਦਾ ਬਸ! ਇਕੋ ਹੀ ਕੰਮ ਹੈ, ਅੰਮ੍ਰਿਤ ਛਕੇ ਤੇ ਸਿਮਰਨ ਕਰੇ ਤੇ ਉਸ ਦੀ ਰਜ਼ਾ ਵਿਚ ਰਹੇ। ਵੇਖੋ ! ਹਵਾ ਪਾਣੀ, ਸਾਰੇ ਦੇਵੀ ਦੇਵਤੇ ਉਸ ਦੇ ਹੁਕਮ ਵਿਚ ਚਲ ਰਹੇ ਹਨ।

**ਪਉੜੀ 28ਵੀਂ :** ਸਾਰੀ ਕੁਦਰਤਿ ਨੂੰ ਪੈਦਾ ਕਰਨ ਵਾਲੇ ਤੇ ਸਦਾ ਥਿਰ ਰਹਿਣ ਵਾਲੇ ਵਾਹਿਗੁਰੂ ਦਾ ਸਿਮਰਨ ਹੀ ਜੀਵਨ ਮਨੋਰਥ ਹੈ। ਸਿਮਰਨ ਦੀ ਰਜ਼ਾ ਵਿਚ ਟਿਕਾ ਕੇ ਜੀਵ ਨੂੰ ਰੱਬ ਨਾਲ ਮਿਲ ਦੇਂਦਾ ਹੈ। ਜੋਗ-ਮਤ ਦੀ ਖਿੰਥਾ, ਮੁੰਦਰਾਂ, ਝੋਲੀ, ਪ੍ਰਭੂ ਨਾਲੋਂ ਤੋੜਦੀ ਹੈ, ਜੋੜਦੀ ਨਹੀਂ। ਜਿਉਂ ਜਿਉਂ ਸਿਮਰਨ ਕਰੋਗੇ, ਸੰਤੋਖ ਵਾਲਾ ਜੀਵਨ ਬਣੇਗਾ, ਹੱਕ ਦੀ ਕਮਾਈ, ਮਿਹਨਤ ਕਰਨ ਦੀ ਜਾਂਚ ਆਵੇਗੀ। ਮੌਤ ਹਮੇਸ਼ਾ ਯਾਦ ਰਹੇਗੀ, ਵਿਕਾਰਾਂ ਵਲੋਂ ਬਚੇ ਰਹੋਗੇ। ਪ੍ਰਭੂ ਦੀ ਹੋਂਦ ਤੇ ਯਕੀਨ ਆਵੇਗਾ ਤੇ ਸਾਰੀ ਖਲਕਤ ਵਿਚ ਵੱਸਦਾ ਵਾਹਿਗੁਰੂ ਦਿਸੇਗਾ।

**ਪਉੜੀ 29ਵੀਂ :** ਸਿਮਰਨ ਦੀ ਬਰਕਤਿ ਨਾਲ ਇਹ ਗਿਆਨ ਪੈਦਾ ਹੋਵੇਗਾ ਕਿ ਪ੍ਰਭੂ ਸਭ ਥਾਂ ਭਰਪੂਰ ਹੈ। ਸਭ ਦਾ ਮਾਲਕ ਹੈ। ਉਸ ਦੀ ਰਜ਼ਾ ਵਿਚ ਜੀਵ ਇਥੇ ਇਕੱਠੇ ਹੁੰਦੇ ਹਨ, ਰਜ਼ਾ ਵਿਚ ਹੀ ਤੁਰ ਪੈਂਦੇ ਹਨ। ਇਸ ਤਰ੍ਹਾਂ ਖਲਕਤ ਨਾਲ ਪਿਆਰ ਕਰਨ ਦੀ ਜਾਂਚ ਆਉਂਦੀ ਹੈ। ਰਿਧੀਆਂ ਸਿਧੀਆਂ ਨੂੰ ਉਚੱਾ ਜੀਵਨ ਸਮਝਣਾ ਭੁੱਲ ਹੈ, ਇਹ ਤਾਂ ਸਗੋਂ ਕੁਰਾਹੇ ਲੈ ਜਾਂਦੀਆਂ ਹਨ। ਜੋਗੀ ਇਹਨਾਂ ਦੀ ਵਰਤੋਂ ਕਰਕੇ ਇਨਸਾਨ ਨੂੰ ਇਨਸਾਨੀਅਤ ਤੋਂ ਡੇਗਦਾ ਹੈ।

**ਪਉੜੀ 30ਵੀਂ :** ਸਿਮਰਨ ਕਰਨ ਵਾਲਾ ਸਮਝਦਾ ਹੈ, ਬ੍ਰਹਮਾ, ਵਿਸ਼ਨੂੰ, ਸ਼ਿਵ

ਆਦਿਕ ਜਗਤ ਦਾ ਪ੍ਰਬੰਧ ਨਹੀਂ ਚਲਾ ਰਹੀਆਂ। ਇਹ ਤਾਂ ਰੱਬ ਨੂੰ ਜਾਣਦੇ ਵੀ ਨਹੀਂ। ਇਹਨਾਂ ਨੂੰ ਤਾਂ ਆਪਣੇ ਪਿਓ ਦਾ ਨਾਂ ਪਤਾ ਨਹੀਂ। ਸ੍ਰਿਸ਼ਟੀ ਨੂੰ ਸਿਰਫ ਵਾਹਿਗੁਰੂ ਚਲਾ ਰਿਹਾ ਹੈ ਜੋ ਦਿੱਸਦਾ ਨਹੀਂ।

**ਪਉੜੀ 31ਵੀਂ :** ਸਿਮਰਨ ਦੀ ਬਰਕਤਿ ਨਾਲ ਹੀ ਇਹ ਸਮਝ ਪੈਂਦੀ ਹੈ ਕਿ ਭਾਵੇਂ ਕਰਤਾਰ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਬੇਅੰਤ ਹੈ, ਫਿਰ ਵੀ ਉਸ ਦੀ ਪਾਲਣਾ ਕਰਨ ਲਈ ਉਸ ਦੇ ਭੰਡਾਰੇ ਵੀ ਬੇਅੰਤ ਹਨ, ਕਦੇ ਮੁੱਕ ਨਹੀਂ ਸਕਦੇ, ਉਸ ਦੇ ਪ੍ਰਬੰਧ ਦੇ ਰਾਹ ਵਿਚ ਕੋਈ ਰੋਕ ਨਹੀਂ ਪੈ ਸਕਦੀ।

**ਪਉੜੀ 32ਵੀਂ :** ਜੀਵ ਦੁਨੀਆਂ ਦੇ ਚਿੰਤਾ-ਫਿਕਰ, ਦੁਖ ਕਲੇਸ਼ ਦੇ ਡੂੰਘੇ ਟੋਏ ਵਿਚ ਡਿੱਗਾ ਰਹਿੰਦਾ ਹੈ। ਰੱਬ ਬਹੁਤ ਉਚੱਾ ਹੈ ਜਿੱਥੇ ਠੰਡ ਹੀ ਠੰਡ ਹੈ ਸ਼ਾਂਤੀ ਹੀ ਸ਼ਾਂਤੀ ਹੈ। ਇਸ ਨੀਵੇ ਟੋਏ ਤੋਂ ਰੱਬ ਤਕ ਅਪੜਣ ਲਈ ਤਾਂ ਹੀ ਪਹੁੰਚ ਸਕਦਾ ਹੈ ਜੇ ਸਿਮਰਨ ਦਾ ਸਹਾਰਾ ਲਏ। ਹੁਣ ਸੁਆਲ ਹੈ ਜੀਵ ਕਿੰਨਾ ਸਿਮਰਨ ਕਰੇ ਕਿ ਰਬ ਤਕ ਪਹੁੰਚ ਜਾਏ। ਇਕ ਜੀਭ ਤੋਂ 99 ਲੱਖ ਜੀਭਾਂ ਤੋਂ ਜਾਣ ਤੇ 99 ਲੱਖ ਜੀਭਾਂ ਹੋਰ 20 ਗੁਣਾਂ ਹੋ ਜਾਣ ਇਕ ਜੀਭ ਲਖ ਲਖ ਵਾਰੀ ਵਾਹਿਗੁਰੂ ਵਾਹਿਗੁਰੂ ਆਖੇ ਤਾਂ ਰੱਬ ਤਕ ਸਚਖੰਡੁ ਪਹੁੰਚ ਸਕਦਾ ਹੈ ਜੀਵ। ਜੀਵ ਦੀ ਚਾਲ ਕੀੜੀ ਵਰਗੀ ਹੈ। ਨਿਰੋਲ ਬਖਸ਼ਿਸ਼ ਦੀ ਖੇਡ ਹੈ ਮਿਹਨਤ ਦੀ ਨਹੀਂ। ਵਾਹਿਗੁਰੂ ਬਖਸ਼ਿਸ਼ ਕਰਕੇ ਨਾਮ ਜਪਵਾ ॥

**ਪਉੜੀ 33ਵੀਂ :** ਸਿਮਰਨ ਕਰਨਾ ਜਾਂ ਵਿਕਾਰ ਭੋਗਣੇ, ਜੀਵ ਦੇ ਆਪਣੇ ਵੱਸ ਦੀ ਖੇਡ ਨਹੀਂ। ਜਿਸ ਨੇ ਪੈਦਾ ਕੀਤੇ ਹਨ, ਉਹੀ ਖਿਡਾ ਰਿਹਾ ਹੈ। ਜੇ ਕੋਈ ਸਿਮਰਨ ਕਰ ਰਿਹੈ ਉਸ ਦੀ ਮਿਹਰ ਹੈ ਜੇ ਕੋਈ ਕੁਰਹਿਤ ਕਰ ਰਿਹਾ ਹੈ ਤਾਂ ਉਸ ਦੀ ਰਜ਼ਾ ਹੈ। ਜੇ ਅਸੀਂ ਦਾਤਾਂ ਮੰਗਦੇ ਹਾਂ ਤਾਂ ਪ੍ਰੇਰਨਾ ਕਰਨ ਵਾਲ਼ਾ ਵੀ ਆਪ ਹੀ ਹੈ। ਦਾਤਾਂ ਦੇਂਦਾ ਵੀ ਆਪ ਹੀ ਹੈ। ਪ੍ਰੇਰਣ ਵਾਲਾ, ਅਰਦਾਸ ਕਰਨ ਵਾਲਾ, ਮੰਗਣ ਵਾਲਾ, ਸੁਨਣ ਵਾਲਾ ਤੇ ਦਾਤਾਂ ਦੇਣ ਵਾਲਾ ਆਪ ਹੀ ਹੈ। ਰਾਜ ਧਨ ਵਿਚ ਮਸਤ ਹੈ ਤਾਂ ਵੀ ਆਪ ਹੀ ਹੈ ਜੇ ਸੁਰਤਿ ਜੋੜ ਕੇ ਬੈਠਾ ਹੈ ਤਾਂ ਵੀ ਆਪ ਹੀ ਹੈ।

**ਪਉੜੀ 34ਵੀਂ :** ਜਿਸ ਜੀਵ ਉਤੇ ਮਿਹਰ ਹੁੰਦੀ ਹੈ, ਉਹ ਸਭ ਤੋਂ ਪਹਿਲਾਂ ਇਹ ਸਮਝਦਾ ਹੈ ਕਿ ਮੈਂ ਕੋਈ ਰੱਬ ਦਾ ਕੰਮ ਕਰਨ ਆਇਆ ਹਾਂ। ਹਰ ਜੀਵ ਦੇ ਕੀਤੇ ਕਰਮਾਂ ਅਨੁਸਾਰ ਹੀ ਨਿਬੇੜਾ ਹੁੰਦਾ ਹੈ। ਅੰਮ੍ਰਿਤ ਹੀ ਨਹੀਂ ਛੱਕਿਆ-ਨਰਕਾਂ ਵਿਚ। ਨਾਮ ਜਪਿਆ ਹੈ-ਸਚਖੰਡਿ। ਜੀਵ ਸਾਰਿਆਂ ਨੂੰ ਸਮਝਾਉਂਣ ਆਇਆ ਹੈ ਜੀਵ ਤੂੰ ਰੱਬ ਹੈਂ, ਰੱਬ ਦਾ ਪੁੱਤਰ ਰੱਬ। ਇਥੇ ਛੋਟੇ ਵੱਡੇ ਦੀ ਕੋਈ ਕੀਮਤ ਨਹੀਂ।

ਅੱਗੇ ਸਚਖੰਡਿ ਕਿਸਨੂੰ ਆਦਰ ਮਿਲਦਾ ਹੈ ਤੇ ਕਿਸਨੂੰ ਨਰਕਾਂ ਵਿਚ ਜੁੱਤੀਆਂ ਪੈਂਦੀਆਂ ਹਨ?

**ਪਉੜੀ 35ਵੀਂ :** ਮਨੁੱਖਾ ਜਨਮ ਦੇ ਧਰਮ ਦੀ ਸਮਝ ਪਿਆਂ, ਮਨੁਖ ਦਾ ਮਨ ਬੜਾ ਵਿਸ਼ਾਲ ਹੋ ਜਾਂਦਾ ਹੈ। ਪਹਿਲਾਂ ਆਪਣਾ ਫਰਜ਼ ਹੀ ਟੱਬਰ ਦੇ ਸੁਆਰਥ ਵਿਚ ਬੱਝਾ ਹੋਇਆ ਤੰਗ-ਦਿਲ ਸੀ। ਹੁਣ ਇਸ ਨੂੰ ਗਿਆਨ ਹੋ ਜਾਂਦਾ ਹੈ। ਬੇਅੰਤ ਪ੍ਰਭੂ ਦਾ ਪੈਦਾ ਕੀਤਾ ਹੋਇਆ ਇਕ ਬੇਅੰਤ ਟੱਬਰ ਹੈ। ਜਿਸ ਵਿਚ ਬੇਅੰਤ ਕ੍ਰਿਸ਼ਨ, ਬੇਅੰਤ ਵਿਸ਼ਨੂੰ, ਬੇਅੰਤ ਬ੍ਰਹਮੇ, ਬੇਅੰਤ ਧਰਤੀਆਂ, ਬੇਅੰਤ ਧਰੂਅ ਭਗਤ, ਬੇਅੰਤ ਇੰਦਰ, ਬੇਅੰਤ ਚੰਦਰਮਾ, ਬੇਅੰਤ ਸੂਰਜ ਆਦਿਕ ਹਨ। ਤੰਗਦਿਲੀ ਹਟਦੀ ਹੈ। ਖੁਸ਼ੀ ਬਣੀ ਰਹਿੰਦੀ ਹੈ।

**ਪਉੜੀ 36ਵੀਂ :** ਜਦੋਂ ਦਸਮ-ਦੁਆਰ ਖੁਹਲਦਾ ਹੈ ਤਾਂ ਸਾਰਾ ਜਗਤ ਇਕ ਸਾਂਝਾ ਟੱਬਰ ਦਿੱਸਦਾ ਹੈ । ਸਾਰੇ ਹੀ ਇਕ ਵਡੇ ਪਿਤਾ ਦੇ ਪੁੱਤਰ ਹਾਂ। ਈਰਖਾ ਦ੍ਵੈਖ, ਤੇਰ-ਮੇਰ ਛਡ ਕੇ ਵਿਸ਼ਾਲਤਾ, ਉਦਾਰਤਾ ਖਲਕਤ ਦੀ ਸੇਵਾ, ਘਾੜਤ ਨਵੇਂ ਸਿਰੋਂ ਘੜੀ ਜਾਂਦੀ ਹੈ। ਇਕ ਨਵੀਂ ਜਾਗਰਤੀ ਆਉਂਦੀ ਹੈ । ਸੁਰਤਿ ਉਚੀ ਹੋਣ ਲੱਗ ਪੈਂਦੀ ਹੈ । ਰੱਬ ਨਾਲ ਜੁੜ ਜਾਂਦੀ ਹੈ।

**ਪਉੜੀ 37ਵੀਂ :** ਹੁਣ ਜੀਵ ਸਚਖੰਡਿ ਪਹੁੰਚਦਾ ਹੈ, ਦੇਖਦਾ ਹੈ ਮੈਂ ਹੀ ਰੱਬ ਹਾਂ, ਪਰ ਛੋਟਾ ਹਾਂ। ਸਾਰੇ ਪਾਸੇ ਰੱਬੀ ਪ੍ਰਕਾਸ਼ ਹੀ ਦਿੱਸਦਾ ਹੈ। 20 ਘੰਟੇ ਸਚਖੰਡਿ ਹੀ ਬੈਠਾ ਰਹਿੰਦਾ ਹੈ। ਮਾਇਆ ਹੁਣ ਇਸ ਨੂੰ ਠੱਗ ਨਹੀਂ ਸਕਦੀ। ਹੁਣ ਇਸ ਨੂੰ ਪ੍ਰਤੱਖ ਜਾਪਦਾ ਹੈ ਕਿ ਬੇਅੰਤ ਕੁਦਰਤਿ ਰਚ ਕੇ ਪ੍ਰਭੂ ਸਭ ਨੂੰ ਆਪਣੀ ਰਜ਼ਾ ਵਿਚ ਤੋਰ ਰਿਹਾ ਹੈ, ਸਭ ਤੇ ਮਿਹਰ ਦੀ ਨਿਗਾਹ ਕਰ ਰਿਹਾ ਹੈ।

**ਪਉੜੀ 38ਵੀਂ :** ਜੀਵ ਸਚਖੰਡਿ ਤਾਂ ਪਹੁੰਚਦਾ ਹੈ, ਜੇ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਜਰਨ ਦਾ ਹੌਸਲਾ ਹੋਵੇ, ਉਚੀ ਤੇ ਵਿਸ਼ਾਲ ਸਮਝ ਹੋਵੇ, ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਘਾਲੇ, ਖਾਲਕ ਤੇ ਖਲਕਤ ਦਾ ਪਿਆਰ ਦਿਲ ਵਿਚ ਹੋਵੇ। ਇਹ ਜਤ, ਧੀਰਜ, ਮੱਤ ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣ ਇਕ ਸਚੀ ਟਕਸਾਲ ਹੈ। ਇਹ ਸਚਖੰਡੁ ਹੈ ਜਿਥੇ ਜੀਵ ਦੀ ਘਾੜਤ ਘੜੀ ਜਾਂਦੀ ਹੈ। ਜਿਥੇ ਗੁਰੂ ਸ਼ਬਦ, ਵਾਹਿਗੁਰੂ ਸਿਮਰਨ ਦੀ ਮੋਹਰ ਘੜੀ ਜਾਂਦੀ ਹੈ-ਜੋ ਸਿੱਖ ਨੂੰ ਸਚਖੰਡਿ ਲੈ ਜਾਂਦੀ ਹੈ।

**ਸਲੋਕ ਦਾ ਸਿਧਾਂਤ :** ਜਗਤ ਇਕ ਰੰਗ-ਭੂਮੀ ਹੈ। ਜਿਸ ਦੀ ਜੀਵ ਖਿਲਾੜੀ ਆਪੋ ਆਪਣੀ ਖੇਡ, ਖੇਲ ਰਹੇ ਹਨ । ਜਿਵੇਂ ਜੀਵ ਨੂੰ ਹਵਾ ਦੀ ਲੋੜ ਹੈ, ਸਾਹ ਲੈਣ

ਲਈ। ਤਿਵੇਂ ਆਤਮਾ ਨੂੰ ਸਾਹ ਲੈਣ ਲਈ ਬਾਬੇ ਨਾਨਕ ਦੀ ਲੋੜ ਹੈ। ਗੁਰਬਾਣੀ ਦੀ ਲੋੜ ਹੈ। ਅੰਮ੍ਰਿਤ ਛੱਕਣ ਦੀ ਲੋੜ ਹੈ (ਅੰਮ੍ਰਿਤ ਛਕਣ ਤੋਂ ਬਗੈਰ ਕੋਈ ਜੀਵ ਕੁਰਹਿਤ ਕਰਨ ਤੋਂ ਬਚ ਗਿਆ ਹੋਵੇ ਇਕ ਹੀ ਦਿਖਾ ਦਿਓ) ਸਰੀਰ ਨੂੰ ਪਾਣੀ ਦੀ ਲੋੜ ਹੈ। ਮਾਂ ਧਰਤੀ ਹੈ। ਜੀਵ ਵੀ ਪੰਜ ਭੂਤਕ ਸਰੀਰ ਵਿਚ ਹੀ ਆਉਂਦਾ ਹੈ। ਜੀਵ ਦੇ ਕਰਮਾਂ ਦੀ ਖੇਡ ਬੜੀ ਗਹੁ ਨਾਲ ਧਰਮਰਾਜ ਦੀ ਕਚਹਿਰੀ ਵਿਚ ਪੜਤਾਲੀ ਜਾਂਦੀ ਹੈ। ਜਿਹੜੇ ਮਾਇਆ ਦੀ ਖੇਡ ਖੇਲ ਗਏ ਹਾਰ ਗਏ–ਨਰਕਾਂ ਵਿਚ ਗਏ। ਜਿਹੜੇ ਵਾਹਿਗੁਰੂ ਨਾਮ ਜਪ ਕੇ ਗਏ, ਬੜੀ ਮਿਹਨਤ ਕੀਤੀ–ਉਹ ਸਚਖੰਡਿ ਗਏ ਆਪਣੇ ਸਾਥੀਆਂ ਨੂੰ ਵੀ ਸਚਖੰਡਿ ਲੈ ਗਏ। ਆਪਾਂ ਨੂੰ ਵੀ ਇਹੀ ਹੁਕਮ ਹੈ, ਮੈਂ ਸਚਖੰਡਿ ਜਾਣਾ ਹੈ ਬਾਕੀਆਂ ਨੂੰ ਵੀ ਲਿਜਾਣਾ ਹੈ–ਗੁਰੂ ਦੀ ਮਿਹਰ ਨਾਲ। ਇਕ ਜਗਦਾ ਦੀਵਾ ਕਰੋੜਾਂ ਬੁੱਝੇ ਹੋਏ ਦੀਵਿਆਂ ਨੂੰ ਜਗਾ ਸਕਦਾ ਹੈ। Enlightened Gursikh, Light up others.

**ਸੋਦਰ :** (2) ਰੱਬ ਬਹੁਤ ਵੱਡਾ ਹੈ, ਉਸ ਨੂੰ ਕੋਈ ਵੀ ਜਾਣ ਨਹੀਂ ਸਕਦਾ। ਸੁਣ ਸੁਣ ਕੇ ਸਭ ਵਡਾ ਹੈ ਵਡਾ ਹੈ ਆਖੀ ਜਾਂਦੇ ਹਨ। ਦਰਸ਼ਨ ਕਰਨ ਤੇ ਪਤਾ ਲੱਗਦਾ ਹੈ ਕਿਡਾ ਵੱਡਾ ਹੈ? ਸਿਮਰਨ ਕਰਨ ਵਾਲੇ ਸੁਰਤੀ ਲਾ ਕੇ ਸਮਾ ਜਾਂਦੇ ਹਨ। ਕੋਈ ਨਹੀ ਜਾਣ ਸਕਦਾ, ਕਿੱਡਾ ਵੱਡਾ ਹੈ? ਤੇਰੀ ਕੋਈ ਤਿਲ ਜਿਨੀ ਵੀ ਵਡਿਆਈ ਬਿਆਨ ਨਹੀਂ ਕਰ ਸਕਦਾ। ਤੇਰੀ ਬਖਸ਼ਿਸ਼ ਤੋਂ ਬਗੈਰ ਕੋਈ ਜੀਵ ਕੁਛ ਵੀ ਨਹੀਂ ਹਾਸਲ ਕਰ ਸਕਦਾ। ਤੇਰੀ ਬਖਸ਼ਿਸ਼ ਵਿਚ ਕੋਈ ਰੁਕਾਵਟ ਨਹੀਂ ਪਾ ਸਕਦਾ। ਜੀਵ ਜੇ ਸਿਮਰਨ ਕਰ ਰਿਹਾ ਹੈ ਤਾਂ ਉਸਦੀ ਮਿਹਰ ਹੈ।

(3) ਜੇ ਸਿਮਰਦਾ ਹਾਂ ਤਾਂ ਇਨਸਾਨੀਅਤ ਆਉਂਦੀ ਹੈ ਜੇ ਵਿਸਰਦਾ ਹੈਂ, ਤਾਂ ਕੁਰਹਿਤ ਹੋ ਹੀ ਜਾਂਦੀ ਹੈ। ਨਾਮ ਜਪਣਾ ਬਹੁਤ ਔਖਾ ਹੈ, ਜੇ ਨਾਮ ਦੀ ਭੁੱਖ ਲੱਗ ਜਾਏ ਤਾਂ ਸਾਰੇ ਲਾਲਚ ਖਤਮ ਹੋ ਜਾਂਦੇ ਹਨ। ਉਸ ਵਾਹਿਗੁਰੂ ਵਰਗਾ ਹੋਰ ਕੋਈ ਨਹੀਂ, ਨਾ ਹੀ ਹੋ ਸਕਦਾ ਹੈ। ਜਿਡਾ ਵਡਾ ਆਪ ਹੈ ਉਡੀ ਵਡੀ ਉਸ ਦੀ ਵਖਸ਼ਿਸ਼ ਵੀ ਹੈ। ਦਿਨ ਤੇ ਰਾਤ ਉਸ ਨੇ ਕਿਵੇਂ ਬਣਾਏ ਹਨ? ਉਸ ਦੀ ਬਣਾਈ ਕੁਦਰਤਿ ਨੂੰ ਦੇਖੋ। ਜਿਹੜੇ ਸਿਮਰਨ ਨਹੀਂ ਕਰਦੇ ਅਸਲ ਚੂਹੜੇ ਹਨ। ਸੂਦਰ ਹਨ।

(4) ਅਸੀਂ ਕੀੜੇ ਹਾਂ, ਨਾਮ ਦੀ ਦਾਤਿ ਦੇ ਕੇ ਪ੍ਰਕਾਸ਼ ਕਰ ਦੇ। ਗੁਰਸਿਖ ਬਹੁਤ ਬਹੁਤ ਵਡਭਾਗੀ ਹਨ ਜਿਹੜੇ ਸੰਗਤਿ ਵਿਚ ਨਾਮ ਜਪਦੇ ਹਨ। ਉਹਨਾਂ ਨੂੰ ਪ੍ਰਕਾਸ਼ ਹੋ ਜਾਂਦਾ ਹੈ। ਜਿਹਨਾਂ ਨੇ ਅੰਮ੍ਰਿਤ ਹੀ ਨਹੀਂ ਛਕਿਆ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਮ ਹੀ ਨਹੀਂ ਜਪਿਆ, ਫਿਟੇ ਮੂੰਹ ਉਹਨਾਂ ਦੇ ਜੀਵਨ ਦੇ ਲਾਹਨਤ ਹੈ। ਧੰਨ ਹਨ ਉਹ ਗੁਰਸਿਖ, ਧੰਨ ਹਨ, ਜਿਹੜੇ ਸੰਗਤਿ ਵਿਚ ਆ ਕੇ ਨਾਮ ਜਪਦੇ

ਹਨ ਤੇ ਉਹਨਾਂ ਨੂੰ ਅੰਦਰ ਪ੍ਰਕਾਸ਼ ਹੋ ਗਿਆ ਹੈ। ਉਹਨਾਂ ਨੂੰ ਧੁਰੋਂ ਸਚਖੰਡਿ ਤੋਂ ਬਖਸ਼ਿਸ਼ ਹੈ। ਧੰਨ ਵਡਭਾਗੇ ਹਨ, ਧੰਨ ਹਨ।

(5) (ਸਾਡੀ ਅਗਿਆਨਤਾ ਹੈ) ਕਿ ਰੱਬ ਪਹਿਲਾਂ ਰੋਟੀ ਰੋਜ਼ੀ ਬਣਾ ਕੇ ਜੀਵ ਨੂੰ ਪੈਦਾ ਕਰਦਾ ਹੈ। ਸਾਨੂੰ ਪਤਾ ਨਹੀਂ, ਅਸੀਂ ਜਾਨਣਾ ਵੀ ਨਹੀਂ ਚਾਹੁੰਦੇ। ਪੱਥਰਾਂ ਵਿਚ ਕੀੜਿਆਂ ਨੂੰ ਰੋਜ਼ੀ ਕੌਣ ਦੇ ਰਿਹਾ ਹੈ। ਸੰਗਤਿ ਵਿਚ ਸਿਮਰਨ ਕਰੋਗੇ ਤਾਂ ਸਚਖੰਡਿ ਪਹੁੰਚੋਗੇ। ਬਾਬੇ ਨਾਨਕ ਦੀ ਕਿਰਪਾ ਨਾਲ ਹੀ ਦਸਮ-ਦੁਆਰ ਖੁਲ੍ਹਦਾ ਹੈ। ਮਨਮੁਖ ਵੀ ਗੁਰਮੁਖ ਬਣ ਜਾਂਦਾ ਹੈ। ਸਾਰੀ ਦੁਨੀਆਂ ਦੇ ਖਜ਼ਾਨੇ ਤੇ ਅਠਾਰਾਂ ਸਿਧੀਆਂ, ਰੱਬ ਦੀ ਹੱਥ ਦੀ ਤਲੀ ਤੇ ਪਈਆਂ ਹਨ। ਪੁੱਤਰ ਬਣ ਕੇ ਝੋਲੀ-ਗੋਦ ਵਿਚ ਬੈਠ ਕੇ ਚੁੱਕ ਲੈ।

**ਸੋ ਪੁਰਖ :** (1) ਵਾਹਿਗੁਰੂ ਸਾਰੇ ਜੀਵਾਂ ਵਿਚ ਵਿਆਪਕ ਹੈ। ਸਰੀਰ ਮਾਇਆ ਦਾ ਪੁਤਲਾ ਹੈ, ਰੱਬ ਫਿਰ ਵੀ ਮਾਇਆ ਤੋਂ ਰਹਿਤ ਹੈ, ਅਪਹੁੰਚ ਹੈ, ਬੇਅੰਤ ਹੈ। ਸਾਰੇ ਉਸ ਨੂੰ ਸਿਮਰਦੇ ਹਨ। ਸਾਰੇ ਜੀਵ ਉਸ ਦੇ ਹਨ ਤੇ ਉਹ ਸਭ ਦਾ ਦਾਤਾ ਹੈ। ਮਾਲਕ ਵੀ ਤੇ ਸੇਵਕ ਵੀ ਆਪ ਹੀ ਹੈ।

ਤੂੰ ਸਾਰਿਆਂ ਅੰਦਰ ਹੈਂ, ਫਿਰ ਵੀ ਕੋਈ ਮੰਗਤਾ ਹੈ, ਕੋਈ ਰਾਜਾ ਹੈ। ਆਪ ਦੀ ਦਾਤਾਂ ਦਿੰਦਾ ਹੈ ਆਪ ਹੀ ਭੋਗਦਾ ਹੈ, ਤੇਰੇ ਬਗੈਰ ਕੋਈ ਹੈ ਹੀ ਨਹੀਂ। ਰੱਬ ਨੂੰ ਆਪ ਹੀ ਨਹੀਂ ਪਤਾ ਕਿ ਮੈਂ ਕਿੰਨਾ ਤਾਕਤਵਰ ਹਾਂ, ਕੀ ਅੰਦਾਜ਼ਾ ਲਾ ਕੇ ਦਸੇ, ਅੰਦਾਜੇ ਤੋਂ ਬਾਹਿਰ ਹੈ।

ਜਿਹੜੇ ਸਿਮਰਦੇ ਹਨ, ਉਹ ਸੁਖੀ ਰਹਿੰਦੇ ਹਨ । ਉਹਨਾਂ ਦੀ ਜਮ ਦੀ ਫਾਹੀ ਟੁੱਟ ਜਾਂਦੀ ਹੈ ਤੇ ਸਚਖੰਡਿ ਚਲੇ ਜਾਂਦੇ ਹਨ, ਉਹਨਾਂ ਦਾ ਡਰ ਸਾਰਾ ਖਤਮ ਹੋ ਜਾਂਦਾ ਹੈ। ਜਿਹੜੇ ਸਿਮਰਦੇ ਹਨ ਉਹ ਵਾਹਿਗੁਰੂ ਵਰਗੇ ਹੀ ਹੋ ਜਾਂਦੇ ਹਨ। ਉਹ ਗੁਰਸਿਖ ਧੰਨ ਹਨ ਵਡਭਾਗੇ ਹਨ।

ਤੇਰੀ ਭਗਤੀ ਦੇ ਭੰਡਾਰ ਭਰੇ ਪਏ ਹਨ। ਕਿਸੇ ਨ ਕਿਸੇ ਤਰੀਕੇ ਤੈਨੂੰ ਸਾਰੀ ਸ੍ਰਿਸ਼ਟੀ ਯਾਦ ਕਰ ਰਹੀ ਹੈ। ਪਰ ਅਸਲ ਭਗਤੀ ਤੇ ਭਗਤ ਉਹੀ ਹਨ ਜੋ ਤੈਨੂੰ ਚੰਗੇ ਲੱਗਦੇ ਹਨ।

ਪ੍ਰਭੂ ਸਾਰੇ ਜਗਤ ਦਾ ਮੂਲ ਹੈ। ਸਾਰੇ ਜੁਗਾਂ ਵਿਚ ਤੂੰ ਆਪ ਹੀ ਹੈ। ਤੈਨੂੰ ਜੋ ਚੰਗਾ ਲੱਗਦਾ ਹੈ ਉਹੀ ਜਗਤ ਵਿਚ ਵਰਤਦਾ ਹੈ। ਜੋ ਤੂੰ ਕਰਦਾ ਹੈ ਉਹੀ ਹੁੰਦਾ ਹੈ। ਸ੍ਰਿਸ਼ਟੀ ਪੈਦਾ ਵੀ ਕਰਦਾ ਹੈ ਮਾਰਦਾ ਵੀ ਤੂੰ ਹੀ ਹੈਂ। ਤੂੰ ਸਾਰਿਆਂ ਨੂੰ ਜਾਣਦਾ ਹੈ।

(2) ਸਾਰੀ ਸ੍ਰਿਸ਼ਟੀ ਤੇਰੀ ਹੈ, ਸਾਰੇ ਤੈਨੂੰ ਯਾਦ ਕਰਦੇ ਹਨ। ਪਰ ਜਿਸ ਤੇ ਤੂੰ

ਕਿਰਪਾ ਕਰਦਾ ਹੈਂ, ਸਿਰਫ ਉਸੇ ਨੂੰ ਹੀ ਅੰਮ੍ਰਿਤ ਦੀ ਦਾਤਿ ਮਿਲਦੀ ਹੈ ਤੇ ਵਾਹਿਗੁਰੂ ਨਾਮ ਮਿਲਦਾ ਹੈ। ਅੰਮ੍ਰਿਤਧਾਰੀ ਅੰਦਰੋਂ ਤੈਨੂੰ ਲੱਭ ਲੈਂਦਾ ਹੈ ਤੇ ਮਨਮੁਖ ਗਵਾ ਬੈਠਦਾ ਹੈ। ਤੂੰ ਆਪ ਹੀ ਵਿਛੋੜਦਾ ਹੈਂ, ਆਪ ਹੀ ਮਿਲਾਉਂਦਾ ਹੈਂ। ਸਿਰਫ ਅੰਮ੍ਰਿਤਧਾਰੀ ਗੁਰਸਿਖ ਨੂੰ ਪਰਤੱਖ ਮਿਲਦਾ ਹੈਂ।

(3) ਸਰੀਰ-ਸਰੋਵਰ ਵਿਚ ਤੇਰਾ ਨਿਵਾਸ ਹੈ, ਪਰ ਉਥੇ ਪਾਣੀ ਨਹੀਂ ਅੱਗ ਹੈ। ਇਹੀ ਵਿਕਾਰੀ ਅੱਗ ਤੋਂ ਈਰਖਾ ਦੀ ਅੱਗ ਤੋਂ ਬਚਨਾ ਹੈ। ਮੋਹ ਦੇ ਚਿੱਕੜ ਵਿਚ ਸਾਰਿਆਂ ਦਾ ਪੈਰ ਫਸਿਆ ਪਿਆ ਹੈ, ਮੇਰੇ ਵੇਖਦਿਆਂ ਹੀ ਸਾਰੇ ਹੀ ਡੁੱਬ ਗਏ, ਨਰਕਾਂ ਵਿਚ ਗਏ । ਇਕ ਸਿਮਰਨ ਨਾ ਕਰਨ ਕਰੇ ਸਾਰੇ ਰੱਬੀ ਗੁਣ ਖਤਮ ਹੋ ਜਾਂਦੇ ਹਨ। ਤੂੰ ਹੀ ਰੱਬ ਹੈਂ। ਅਰਦਾਸ ਕਰ। ਵਾਹਿਗੁਰੂ ਮੈਂ ਤਾਂ ਮੂਰਖ ਹਾਂ, ਪੜ੍ਹਿਆ ਵੀ ਨਹੀਂ, ਜਤੀ ਸਤੀ ਵੀ ਨਹੀਂ, ਮੂਰਖਾਂ ਦਾ ਮੂਰਖ ਹਾਂ, ਮੈਨੂੰ ਉਹਨਾਂ ਦੀ ਸੰਗਤਿ ਬਖਸ਼ ਜਿਹੜੇ ਸਿਮਰਨ ਹੀ ਕਰਦੇ ਰਹਿੰਦੇ ਹਨ ।

(4) ਤੈਨੂੰ ਮਨੁੱਖਾ ਜਨਮ ਮਿਲਿਆ ਹੈ, ਇਹ ਬੜਾ ਕੀਮਤੀ ਹੈ, ਰੱਬ ਨੂੰ ਮਿਲਣ ਲਈ ਮਿਲਿਆ ਹੈ। ਰੱਬ ਦੀ ਬੁਝਾਰਤ ਨੂੰ ਸਮਝ, ਨਹੀਂ ਤਾਂ ਮਾਰਿਆ ਜਾਵੇਂਗਾ, ਜੂਨਾਂ ਵਿਚ ਘੁੰਮੇਗਾ। ਸਿਮਰਨ ਨੂੰ ਛੱਡ ਕੇ ਜੋ ਵੀ ਕੰਮ ਕਰ ਰਿਹਾ ਹੈਂ, ਤੇਰੇ ਕਿਤੇ ਕੰਮ ਨਹੀਂ ਆਉਂਣੇ। ਸਿਰਫ ਤੇ ਸਿਰਫ ਸੰਗਤਿ ਵਿਚ ਨਾਮ ਜਪ । ਸਚਖੰਡੁ ਜਾਣ ਦਾ ਉਦੱਮ ਕਰ। ਤੇਰਾ ਜੀਵਨ ਵਿਅਰਥ ਜਾ ਰਿਹਾ ਹੈ, ਮਾਇਆ ਦੇ ਪਿਆਰ ਵਿਚ। ਅੰਮ੍ਰਿਤ ਛਕ ਕੇ ਅਰਦਾਸ ਕਰ ਮੈਂ ਕੋਈ ਜਪ ਨਹੀਂ ਕੀਤਾ, ਕੋਈ ਤਪ ਨਹੀਂ ਕੀਤਾ, ਗਿਆਨ ਇੰਦ੍ਰਿਆਂ ਨੂੰ ਰੋਕ ਕੇ ਨਹੀਂ ਰੱਖਿਆ, ਧਰਮ ਦੀ ਸਿਮਰਨ ਦੀ ਕਮਾਈ ਨਹੀਂ ਕੀਤੀ। ਨਾ ਸੰਗਤ ਦੀ ਸੇਵਾ ਕੀਤੀ ਹੈ ਨਾ ਗੁਰੂ ਦੀ ਦਸੀ ਸੇਵਾ ਕੀਤੀ ਹੈ ਨਾ ਹੀ ਵਾਹਿਗੁਰੂ! ਮੈਂ ਤੈਨੂੰ ਜਾਣ ਸਕਿਆ ਹਾਂ। ਮੈਂ ਬਹੁਤ ਭੈੜੇ ਕਰਮਾਂ ਵਾਲਾ ਵਿਕਾਰੀ ਹਾਂ। ਵਾਹਿਗੁਰੂ! ਮੈਂ ਅੰਮ੍ਰਿਤ ਛੱਕ ਲਿਆ ਹੈ, ਹੁਣ ਮੇਰੀ ਇਜ਼ਤ ਸਚਖੰਡਿ ਰੱਖ ਲਈਂ। ਤੇਰਾ ਪੁੱਤਰ ਤਾਂ ਬਣ ਹੀ ਗਿਆ ਹਾਂ।

**ਸੋਹਿਲਾ :** ਸੁਭਾਗ ਭਰਿਆ ਗੀਤ-ਵਿਆਹ ਦਾ ਗੀਤ-ਅਨੰਦ ਦਾ ਗੀਤ-ਮਿਲਾਪ ਦਾ ਗੀਤ।

(1) ਐ ਜੀਵ! ਤੂੰ ਰੱਬ ਨਾਲ ਵਿਆਹ ਕਰਾਉਂਣ ਆਇਆ ਹੈਂ। ਤੇਰੀ ਮੌਤ ਦਾ ਸਮਾਂ ਜੰਮਣ ਤੋਂ ਪਹਿਲਾਂ ਲਿਖਿਆ ਸੀ ਰੱਬ ਨੇ। ਸਮਾਂ ਥੋਹੜਾ ਹੈ। ਮਿਲਾਪ ਸੰਗਤ ਵਿਚ ਸਿਮਰਨ ਕਰਨ ਨਾਲ ਸੁਰਤੀ ਜੋੜਨ ਨਾਲ ਹੋਣਾ ਹੈ । ਸੰਗਤੀ ਅਰਦਾਸ ਕਰ ਮੇਰਾ ਮਿਲਾਪ ਜਲਦੀ ਹੋ ਜਾਏ ਤੇ ਮੈਂ ਆਪਣੇ ਅਸਲੀ ਘਰ ਸਚਖੰਡਿ ਚਲੀ ਜਾਵਾਂ।

(2) ਸਾਰੀ ਸ੍ਰਿਸ਼ਟੀ ਬਣਾਉਂਣ ਵਾਲਾ ਰੱਬ ਇਕ ਹੀ ਹੈ। ਸੰਗਤਿ ਵਿਚ ਸਿਮਰਨ ਹੁੰਦਾ ਹੈ। ਉਸ ਸਿਮਰਨ ਨੂੰ ਹਿਰਦੇ ਵਿਚ ਸਾਂਭ ਕੇ ਰੱਖ, ਇਸ ਵਿਚ ਤੇਰੀ ਹੀ ਭਲਾਈ ਹੈ।

(3) ਆਰਤੀ ਕਰਨ ਦੀ ਲੋੜ ਨਹੀਂ, ਕੁਦਰਤ ਵਿਚ ਰੱਬ ਦੀ ਆਰਤੀ ਹੋ ਰਹੀ ਹੈ। ਜੀਵ ਹੀ ਰੱਬ ਦਾ ਰੂਪ ਹੈ-ਤੇ ਸੁਰਤੀ ਲਾ ਕੇ ਰੱਬ ਵਿਚ ਟਿਕਿਆ ਰਹੁ। ਸਮਾ ਜਾ। ਲੀਨ ਹੋ ਜਾਹ।

(4) ਸਰੀਰ ਸਾਰਾ ਵਿਕਾਰਾਂ ਨਾਲ ਭਰਿਆ ਪਿਆ ਹੈ। ਅੰਮ੍ਰਿਤ ਛੱਕ ਕੇ-ਗੁਰੂ ਨੂੰ ਮਿਲ ਕੇ-ਗੁਰਬਾਣੀ ਵਿਚਾਰ ਕੇ ਹੀ-ਵਿਕਾਰਾਂ ਨੂੰ ਖਤਮ ਕੀਤਾ ਜਾ ਸਕਦਾ ਹੈ। ਨਾਸਤਿਕ ਇਸ ਖੇਡ ਨੂੰ ਸਮਝ ਹੀ ਨਹੀਂ ਸਕਦਾ-ਉਸ ਦੇ ਪਿਛਲੇ ਕਰਮ ਬਹੁਤ ਗੰਦੇ ਹਨ। ਅੰਮ੍ਰਿਤਧਾਰੀ ਗੁਰਸਿਖਾਂ ਨੂੰ ਵਾਹਿਗੁਰੂ ਸਿਮਰਨ ਵਿਚ ਸੁਰਤਿ ਜੋੜਨ ਕਰਕੇ ਰੱਬ ਮਿਲ ਜਾਂਦਾ ਹੈ ਤੇ ਖੰਡਾਂ ਬ੍ਰਹਮੰਡਾਂ ਵਿਚ ਸੋਭਾ ਹੁੰਦੀ ਹੈ। ਹੇ ਵਾਹਿਗੁਰੂ ! ਅਸੀਂ ਤੇਰੇ ਗਰੀਬ ਬੱਚੇ ਹਾਂ। ਸਾਨੂੰ ਬਚਾ ਲਈਂ।।

(5) ਇਹ ਮਨੁੱਖਾ ਜਨਮ ਵਾਹਿਗੁਰੂ ਦਾ ਸਿਮਰਨ ਕਰਨ ਲਈ ਤੇ ਸੰਗਤ ਦੀ ਸੇਵਾ ਕਰਨ ਲਈ ਮਿਲਿਆ ਹੈ। ਮਨੁੱਖਾ ਜਨਮ ਦਾ ਇਹੀ ਲਾਭ ਹੈ ਜੋ ਖੱਟ ਕੇ ਅੱਗੇ ਜਾਣਾ ਹੈ ਤੇ ਸਦੀਵੀ ਸੁਖ ਸਚਖੰਡਿ ਵਿਚ ਵਸਿਆਂ ਹੀ ਮਿਲਣਾ ਹੈ। ਉਮਰ ਘਟਦੀ ਜਾ ਰਹੀ ਹੈ, ਅੰਮ੍ਰਿਤ ਛੱਕ ਕੇ, ਆਪਣਾ ਜੀਵਨ ਦਾ ਮਨੋਰਥ ਪੂਰਾ ਕਰ ਲੈ। ਇਸ ਵਿਕਾਰਾਂ ਭਰੇ ਸੰਸਾਰ ਤੋਂ ਬਚ। ਜਿਸ ਕੰਮ ਲਈ ਮਨੁੱਖਾ ਜਨਮ ਮਿਲਿਆ ਹੈ-ਉਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਮ ਦਾ ਵਪਾਰ ਕਰ। ਗੁਰੂ ਨਾਨਕ ਦੀ ਬਖਸ਼ਿਸ਼ ਨਾਲ ਹੀ ਉਹ ਨਾਮ ਵਾਹਿਗੁਰੂ ਮਨ ਵਿਚ ਵੱਸਦਾ ਹੈ। ਸੁੰਨ-ਸਮਾਧ ਹੋ ਕੇ ਸੁਰਤੀ ਲਾ ਕੇ ਆਪਣੇ ਘਰ ਸਚਖੰਡਿ ਪਹੁੰਚੋ, ਉਥੇ ਸੁਖ ਹੀ ਸੁਖ ਹੈ ਤੇ ਦੁਬਾਰਾ ਜੂਨਾਂ ਵਿਚ ਨਹੀਂ ਭਟਕਣਾ ਪਏਗਾ। ਅਰਦਾਸ ਕਰ ਹੇ ਵਾਹਿਗੁਰੂ! ਸਾਰੀ ਸ੍ਰਿਸ਼ਟੀ ਨੂੰ ਸਾਜਨ ਵਾਲੇ ਵਾਹਿਗੁਰੂ! ਮੇਰੀ ਵੀ ਇਛਾ ਪੂਰੀ ਕਰ, ਮੈਨੂੰ ਗੁਰਮੁਖਾਂ ਦੇ ਚਰਨਾਂ ਦੀ ਧੂੜ ਬਣਾ ਦੇਹ। ਮੇਰੀ ਹਉਮੈ ਹੀ ਨਾ ਰਹੇ ਤੇ ਸਚਖੰਡਿ ਪਹੁੰਚ ਜਾਵਾਂ। ਨਿਮਰਤਾ ਵਾਲਾ ਜੀਵਨ ਗੁਜਾਰਨਾ ਹੈ। ਸੇਵਾਦਾਰ ਬਣ ਕੇ ਰਹਿਣਾ ਹੈ।।

# ਰੱਬ ਦੇ ਪ੍ਰਤੱਖ ਦਰਸ਼ਨ

ਸਭ ਤੋਂ ਪਹਿਲਾਂ ਰੱਬ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕਿਸੇ ਵਿਦਵਾਨ ਨੇ ਮਿਸ਼ਨਰੀ ਨੇ ਰੱਬ ਨੂੰ ਨਹੀਂ ਸਮਝਿਆ। ਸਾਰੇ ਰੱਬ ਦੀ ਹੋਂਦ ਨੂੰ ਮੰਨਦੇ ਹਨ, ਰੱਬ ਨੂੰ ਪ੍ਰਤੱਖ, ਉਸ ਦੇ ਸਰੂਪ ਨੂੰ ਨਹੀਂ ਮੰਨਦੇ। ਸਾਰੇ ਹੀ ਆਖਦੇ ਹਨ,

**ਚਕ੍ਰ ਚਿਹਨ ਅਰ ਬਰਨ, ਜਾਤਿ ਅਰ ਪਾਤਿ ਨਹਿ ਨ ਜਿਹ ॥**
**ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥**

ਇਸ ਦਾ ਅਰਥ ਹੈ ਕੋਈ ਉਸੁ ਦਾ ਚੱਕਰ ਚਿਹਨ ਨਹੀਂ ਹੈ, ਕੋਈ ਜਾਤ ਪਾਤ ਨਹੀਂ ਹੈ। ਉਸ ਦਾ ਰੂਪ ਰੰਗ ਲਿਬਾਸ ਕੋਈ ਕਹਿ ਹੀ ਨਹੀਂ ਸਕਦਾ, ਕਿਉਂਕਿ ਕੋਈ ਵੀ ਉਸ ਨੂੰ ਜਾਣ ਨਹੀਂ ਸਕਦਾ।

ਇਸ ਤੋਂ ਭਾਵ ਇਹ ਤਾਂ ਨਹੀਂ ਕਿ ਗੁਰਸਿਖ ਵੀ ਨਹੀਂ ਜਾਣ ਸਕਦਾ, ਗੁਰੂ ਬਾਬੇ ਨਾਨਕ ਦੀ ਮਿਹਰ ਨਾਲ, ਕੋਈ ਵੀ ਅੰਮ੍ਰਿਤ ਛੱਕ ਕੇ ਰੱਬ ਨੂੰ ਜਾਣ ਸਕਦਾ ਹੈ। ਵਾਹਿਗੁਰੂ, ਬਾਬਾ ਨਾਨਕ ਕਿਉਂ ਬਣ ਕੇ ਆਇਆ। ਇਹ ਗੱਲ ਵੀ ਕੋਈ ਨਹੀਂ ਆਖਦਾ, ਨਾਹ ਹੀ ਮੰਨਦਾ ਹੈ।

ਕੋਈ ਵਿਦਵਾਨ ਬਾਬੇ ਨਾਨਕ ਨੂੰ ਰੱਬ ਨਹੀਂ ਆਖਦਾ। ਨਾ ਹੀ ਕੋਈ ਕਰਤਾ ਆਖਦਾ ਹੈ ਸਿਰਜਣਹਾਰ ਆਖਦਾ ਹੈ। ਨਾ ਹੀ ਕੋਈ Creater of Whole Universe ਆਖਦਾ ਹੈ।

ਨਾ ਹੀ ਬਾਬੇ ਨਾਨਕ ਨੂੰ ਕੋਈ ਆਦਿ ਆਖਦਾ ਹੈ, ਜੁਗਾਦਿ ਆਖਦਾ ਹੈ ਹੈ ਭੀ ਆਖਦਾ ਨਾ ਹੀ ਹੋਸੀ ਭੀ ਆਖਦਾ ਹੈ। ਬਾਬੇ ਨੂੰ ਕੋਈ ਪਰਚਾਰਕ ਸਰਬ-ਵਿਆਪਕ ਨਹੀਂ ਆਖਦਾ।

ਸੱਤ ਸੌ ਕਰੋੜ ਵਿਚੋਂ ਕੋਈ ਵੀ ਅਗਲੀ ਦੁਨੀਆਂ ਨੂੰ ਨਹੀਂ ਜਾਣਦਾ। ਨਾ ਹੀ ਕਦੀ ਕਿਸੇ ਨੇ ਪਰਚਾਰ ਕੀਤਾ ਹੈ।

ਸਾਡੇ ਵਿਦਵਾਨਾਂ ਨੇ ਪਰਚਾਰਕਾਂ ਨੇ ਕਦੀ ਵੀ ਸਚਖੰਡਿ ਦਾ ਨਾਂ ਹੀ ਨਹੀਂ ਲਿਆ, ਨਾ ਹੀ ਲੈਣਾ ਹੈ, ਨਾ ਹੀ ਲੈਣਗੇ, ਕਿਉਂਕਿ ਉਹਨਾਂ ਨੂੰ ਅਕਲ ਹੀ ਨਹੀਂ। ਵਿਦਵਾਨ ਸਿਆਣਾ ਕਾਂ ਹੁੰਦਾ ਹੈ।

ਕਦੀ ਵਾਹਿਗੁਰੂ ਸਿਮਰਨ ਦੀ ਗਲ ਹੀ ਨਹੀਂ ਕਰਨਗੇ। ਜੇ ਥੋਹੜੀ ਬਹੁਤ ਗੱਲ ਕਰਨਗੇ ਤਾਂ ਕਹਿਣਗੇ ਜਪਿਆ ਕਰੋ, ਸਿਮਰਨ ਕਰਨਾ ਚਾਹੀਦਾ ਹੈ, ਪਰ ਕਰਨਗੇ ਕਦੀ ਨਹੀਂ, ਨਾ ਹੀ ਕਰਵਾਉਂਣਗੇ। ਸੁਰਤੀ, ਲਿਵ, ਧਿਆਨ ਬਾਰੇ

ਉਹ ਜਾਣਦੇ ਹੀ ਨਹੀਂ। ਕਦੀ ਵੀ ਕਥਾ ਨਹੀਂ ਕਰਦੇ।

ਰੱਬ ਦੇ ਮਿਲਾਪ ਦੀ ਗੱਲ ਤਾਂ ਉਹਨਾਂ ਦੇ ਜ਼ੁਬਾਨ ਤੇ ਆ ਗਈ ਤਾਂ ਬੱਜਰ ਤੋਂ ਬੱਜਰ ਕੁਰਹਿਤ ਹੋ ਗਈ ਸਮਝੋ। ਮਿਲਾਪ ਬਾਰੇ ਉਹ ਕੁਝ ਜਾਣਦੇ ਹੀ ਨਹੀਂ। ਤੁਸੀਂ ਕਦੀ ਵਿਦਵਾਨਾਂ ਦੇ ਮੂੰਹੋਂ ਸੁਣਿਆ ਹੈ? ਇਸ ਤਰ੍ਹਾਂ ਜੀਵ ਦਾ ਰੱਬ ਨਾਲ ਮਿਲਾਪ ਹੁੰਦਾ ਹੈ। ਕਦੀ ਨਹੀਂ। ਪਰਚਾਰਕ ਦੀ ਕਿੰਨੀ ਜਾਇਦਾਦ ਹੈ, ਕਿੰਨੇ ਅਮੀਰ ਹਨ, ਕਿੰਨੇ ਪਲਾਟ ਉਹਨਾਂ ਖਰੀਦੇ, ਕਿੰਨੇ ਵੇਚ ਦਿੱਤੇ। ਮਾਇਆ ਦੀ ਗੱਲ ਕਰੋ। Whole System is Commercialised. Gurudwaras are money making systems.

ਗੁਰਬਾਣੀ ਵਲੋਂ ਅਗਿਆਨੀ ਭਾਈ ਗੋਲਕ ਵਿਚੋਂ ਪੈਸੇ ਕਢਨ ਲਈ ਬੜਾ ਹੁਸ਼ਿਆਰ ਹੈ। ਸੋਨੇ ਦੀ ਚੌਕੀ ਪਤਾ ਹੀ ਨਹੀਂ ਲੱਗਣ ਦਿੱਤਾ ਕਿੱਥੇ ਗਈ। ਸੁੱਚੇ ਹੀਰਿਆਂ ਦਾ ਹਾਰ ਹੇਮਕੁੰਟ ਤੋਂ ਲੈ ਕੇ ਥੱਲੇ ਵੀ ਉਤਰ ਗਿਆ ਭਾਈ। ਕਿਸੇ ਨੂੰ ਪਤਾ ਹੀ ਨਹੀਂ ਲੱਗਾ। ਇਨੇ ਪੈਸੇ ਕੀ ਕਰਨੇ ਹਨ? ਬਾਬਾ ਸਾਡਾ ਮਾਇਆ ਨੂੰ ਸੁਆਹ, ਮਿੱਟੀ, ਕੌਡੀਆਂ ਆਖਦਾ ਹੈ, ਕਿਸੇ ਕੰਮ ਨਹੀਂ ਆਉਂਣੀ। ਹੀਰਿਆਂ ਦਾ ਵਪਾਰ ਕਰਨ ਲਈ ਕੋਈ ਭਾਈ, ਗ੍ਰੰਥੀ, ਪਰਚਾਰਕ, ਵਿਦਵਾਨ ਤਿਆਰ ਨਹੀਂ। ਅੱਗੇ ਭੁੱਖੇ ਕੀ ਖਾਣਗੇ? ਸਹੀ ਪਰਚਾਰ ਤੇ ਕੋਈ ਪੈਸਾ ਨਹੀਂ ਲਾਉਂਦੇ। ਬਡੂੰਗਰ ਸਾਹਿਬ ਆਖ ਰਹੇ ਹਨ, 500 ਪਰਚਾਰਕ ਹਨ। 10000 ਤਨਖਾਹ ਹੈ, ਕਿਸੇ ਨੂੰ ੧ਓ ਦੇ ਅਰਥ ਨਹੀਂ ਆਉਂਦੇ। ਕਰ ਲਓ ਪਰਚਾਰ। ਪਰਚਾਰਕ ਨੂੰ ਬਾਹਿਰ ਨਹੀਂ ਕੱਢ ਸਕਦੇ, ਕਾਨੂੰਨ ਹੀ ਨਹੀਂ। ਕਿਆ ਬਾਤਾਂ ਹਨ ? ਸਾਰੇ ਸਿਆਸੀ ਲੀਡਰਾਂ ਦੇ ਸਿਫਾਰਸ਼ੀ ਰੱਖੇ ਹੋਏ ਹਨ। ਕਰ ਲਓ ਪਰਚਾਰ । ਵੈਸੇ ਮੈਨੂੰ ਕਿਸੇ ਨਾਲ ਵਿਰੋਧ ਨਹੀਂ, ਕੋਈ ਈਰਖਾ ਨਹੀਂ। ਪਰ ਮੈਂ ਤਾਂ ਪੰਥ ਲੈਵਲ ਦੀ ਗੱਲ ਕਰ ਰਿਹਾ ਹਾਂ, ਜੋ ਅਸਲੀਅਤ ਹੈ।

ਇਨਾ ਗੰਦ ਦੇਖ ਕੇ ਬੰਦਾ ਧਰਮ ਹੀ ਬਦਲ ਲਏ, ਪਰ ਹੋਰ ਕੋਈ ਧਰਮ ਨਹੀਂ, ਜੋ ਰੱਬ ਨੂੰ ਜਾਣਦਾ ਹੋਵੇ। ਵਾਹਿਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਹਨਾਂ ਨੂੰ ਰੱਬ ਵੀ ਪੂਜਦਾ ਹੈ। ਸਾਰੀ ਸ੍ਰਿਸ਼ਟੀ ਨੂੰ ਇਹ ਗੱਲ ਦਸਨੀ ਸੀ, ਪਰ ਸਾਡੇ ਸਿਖ, ਵਿਦਵਾਨ, ਪਰਚਾਰਕ, ਮਿਸ਼ਨਰੀ-ਮਸ਼ੀਨਰੀ ਹੀ ਇਸ ਗਲ ਨੂੰ ਨਹੀਂ ਜਾਣਦੇ ਨਾ ਹੀ ਮੰਨਦੇ ਹਨ। ਵੈਸੇ ਸਿਖ ਸਿਆਣੇ ਕਾਂ ਆਪਣਾ ਧਰਮ ਕਹਿੰਦੇ ਹਨ। ਜਿਹੜਾ ਕਿ ਉਹਨਾਂ ਦਾ ਹੈ ਨਹੀਂ। ਅਸੂਲਾਂ ਦਾ ਵਾਹਿਗੁਰੂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬ ਦੇ ਅਸੂਲ ਹੀ ਹਨ। ਕੋਈ ਵੀ ਸਾਰੀ ਸ੍ਰਿਸ਼ਟੀ ਵਿਚੋਂ ਚਰਨੀਂ ਲੱਗ ਕੇ ਅੰਮ੍ਰਿਤ ਛੱਕ ਕੇ, ਰਹਿਤ ਰੱਖ ਕੇ, ਕੁਰਹਿਤ ਛੱਡ ਕੇ, ਗੁਰਬਾਣੀ ਵਿਚਾਰ ਕੇ ਸਿਮਰਨ ਵਿਚ

ਸੁਰਤਿ ਜੋੜ ਕੇ ਰੱਬ ਨੂੰ ਪਾ ਸਕਦਾ ਹੈ। ਇਹ ਗੱਲ ਕਦੀ ਕਿਸੇ ਨੇ ਕਹੀ ਨਹੀਂ। ਸਿਖਾਂ ਦੇ ਗੁਰੂ ਗੁਰੂ ਨਾਨਕ। ਸਿਖਾਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 100% Wrong 110% Wrong. ਗਲਤ ਹੈ।

ਜਿਹੜੇ ਸਿਆਣੇ ਕਾਂ ਵਿਦਵਾਨ ਭਾਈ ਸਾਹਿਬ ਜੀ ਸਿਰਫ ਪਾਠਾਂ ਤੇ ਹੀ ਜ਼ੋਰ ਦਿੰਦੇ ਹਨ। 10 ਪਾਠ ਰੋਜ਼ ਜਪੁਜੀ ਸਾਹਿਬ। 50 ਪਾਠ ਸੁਖਮਨੀ ਸਾਹਿਬ। 5 ਪਾਠ ਜਪੁ ਸਾਹਿਬ। 1000 ਪਾਠ ਚੌਪਈ। ਗੁਰਪੁਰਬ ਆ ਰਿਹਾ ਹੈ ਭਾਈ! ਲੱਖ ਪਾਠ ਚੌਪਈ ਦਾ ਕਰਕੇ ਲਿਖ ਭੇਜੋ। ਲੱਖ ਪਾਠ ਕਰਕੇ ਦਿਓ। ਕਿਹਨੂੰ ਦਿਓ? ਕਾਂ ਨੂੰ। ਇਹੋ ਜਿਹੇ ਕਾਂ ਦਰਸਨਾਂ ਦੀ ਕਦੋਂ ਗੱਲ ਕਰਨਗੇ। ਉਹ ਕੀ ਜਾਨਣ ਦਰਸ਼ਨ ਕੀ ਹੁੰਦੇ ਹਨ, ਕਿਸ ਬਲਾ ਦਾ ਨਾਂ ਹੈ? ਜਿਹੜਾ ਬ੍ਰਹਮਾ ਨੂੰ ਤਾਇਆ ਤੇ ਸ਼ਿਵ ਜੀ ਨੂੰ ਚਾਚਾ ਆਖਦਾ ਹੈ ਉਹ ਕੀ ਜਾਣੇ ਦਰਸ਼ਨ ਕੀ ਹੁੰਦੇ ਹਨ? ਕਿਵੇਂ ਹੁੰਦੇ ਹਨ, ਕਿਸ ਦੇ ਹੁੰਦੇ ਹਨ? ਅੱਗੇ ਕੀ ਹੈ? ਪੈਸੇ ਲਿਆਓ ਪੈਸੇ। ਮੈਂ ਤੁਹਾਨੂੰ ਕੌਮ ਦਾ ਪੈਸਾ ਬਰਬਾਦ ਕਰ ਕੇ ਦਿਖਾਵਾਂ। ਉਜਾੜ ਕੇ ਦਿਖਾਵਾਂ। ਸਿੱਖੀ ਬਰਬਾਦ ਕਰ ਕੇ ਦਿਖਾਵਾਂ। ਆਪਣੀ ਹਉਮੈ ਨੂੰ ਪੱਠੇ ਪਾ ਕੇ ਦਿਖਾਵਾਂ। ਮੇਰਾ ਹੀ ਨਾਂ ਹੋਵੇ। ਮੇਰੀ ਬਸ ਤੇ ਤੀਰਥ ਯਾਤਰਾ ਕਰਨ ਜਾਇਆ ਕਰੋ। ਗੁਰੂ ਸਾਹਿਬ ਕਹਿੰਦੇ ਤੇ ਕਹਿੰਦੇ ਰਹਿਣ **ਤੀਰਥ ਨਾਵਣ ਜਾਉ ਤੀਰਥ ਨਾਮੁ ਹੈ** ਕੌਣ ਪਰਵਾਹ ਕਰਦਾ ਹੈ ਗੁਰੂ ਦੀ? **ਬਿਬੇਕਹੀਨ ਦੇਹੀ ਧੋਇ** ਮੂਰਖ ਬੰਦੇ ਇਸ਼ਨਾਨ ਕਰਦੇ ਹਨ। ਸਮੈਕ ਵੇਚ ਕੇ ਕਰੋ ਪਰਚਾਰ, ਕੌਮ ਨੂੰ ਬਣਾਓ ਬੇਵਕੂਫ?

ਭਾਈ ਜਸਬੀਰ ਸਿੰਘ ਜੀ ਖੰਨੇ ਵਾਲੇ, ਸੋਹਾਣੇ ਵਾਲੇ ਸੰਗਤਿ ਤਾਂ ਬਹੁਤ ਜੋੜੀ ਬੈਠੇ ਹਨ। ਸਿਮਰਨ ਵੀ ਕਰਦੇ ਹਨ, ਪਰ ਦਰਸ਼ਨਾਂ ਨੂੰ ਨਹੀਂ ਮੰਨਦੇ। ਉਹਨਾਂ ਨੂੰ ਸ਼ਾਇਦ ਸਮਝ ਹੀ ਨਹੀਂ। ਸ਼ਬਦ ਦਰਸ਼ਨ ਹੀ ਆਖਦੇ ਹਨ। ਨਰਸਰੀ ਕਲਾਸ ਵਿਚ ਬੱਚੇ ਬਹੁਤ ਹੁੰਦੇ ਹਨ। ਗੁਰੂ ਨਾਨਕ ਸਕੂਲ ਵਿਚ A ਤੋਂ H ਤਕ ਸ਼ਾਇਦ Section ਕਲਾਸਾਂ ਹਨ। MA ਤੇ Phd ਦੇ ਕਿੰਨੇ ਸੈਕਸ਼ਨ ਹੁੰਦੇ ਹਨ। ਕਿੰਨੀਆਂ ਕਲਾਸਾਂ ਹੁੰਦੀਆਂ ਹਨ। A ਤੋਂ H ਤਕ। Phd ਕਰਾਉਣ ਵਾਲੇ ਕਿੰਨੇ ਟੀਚਰ ਹੁੰਦੇ ਹਨ ਉਹ ਆਪ ਕੀ ਪੜ੍ਹੇ ਹੁੰਦੇ ਹਨ? ਨਰਸਰੀ ਕਲਾਸ ਨੂੰ ਪੜ੍ਹਾਉਂਣ ਵਾਲਾ only JBT ਜਾਂ only Matric ਉਹ ਵੀ ਗੋਰਮਿੰਟ ਸਕੂਲਾਂ ਵਿਚ JBT ਤੇ ਪਰਾਈਵੇਟ ਵਿਚ ਦਸਵੀਂ ਪਾਸ ਵੀ ਗੁਜਾਰਾ ਕਰ ਲੈਂਦੇ ਹਨ ਕਿਉਂਕਿ ਬੱਚੇ ਬਹੁਤ ਹੁੰਦੇ ਹਨ ABC, One Two Three ੳ ਅ ੲ ਹੀ ਸਿਖਾਉਂਣੀ ਹੁੰਦੀ ਹੈ। ਸਿਖਾ ਲੈਂਦੇ ਹਨ।

ਅਸੀਂ ਵੀ ਛੋਟੀ ਕਲਾਸ ਵਿਚ ਸੀ। ਮਾਸਟਰ ਕਿਹਾ ਕਰਦੇ ਸਨ Light

Travels in Straight Line. ਕਾਲਜ ਚਲੇ ਗਏ। ਪ੍ਰੋਫੈਸਰ ਸਾਹਿਬ ਨੇ ਪਰੂਵ ਕਰ ਦਿੱਤਾ Light Travels in Waves ਉਹ ਮਾਸਟਰ ਸੀ, ਉਹ ਪਰੋਫੈਸਰ ਸੀ। ਫਰਕ ਬਹੁਤ ਨਹੀਂ ਹੁੰਦਾ। ਭਾਈ ਸਾਹਿਬ ਨੇ, ਇਕ ਵਾਰੀ ਪੰਜ ਪਿਆਰੇ ਸਿੰਘ, ਸਾਡੀ ਸੰਗਤਿ ਦੀ ਇਕ ਦਸਮ-ਦੁਆਰੀ ਬੀਬੀ ਕੋਲ ਮੋਹਾਲੀ ਭੇਜੇ। ਬੀਬੀ ਨੇ ਸੁਰਤੀ ਲਾ ਕੇ ਦਿਖਾ ਦਿੱਤੀ ਤੇ ਸਚਖੰਡਿ ਬਾਰੇ ਵੀ ਸਾਰਾ ਕੁਝ ਦਸ ਦਿੱਤਾ। ਭਾਈ ਸਾਹਿਬ ਜੀ ਤੁਸੀਂ ਵੀ ਕੁਝ ਅਗਲੀ ਦੁਨੀਆਂ ਬਾਰੇ ਦਸਿਆ ਕਰੋ। ਮੈਂ ਦੱਸਾਂ ਕੀ, ਜਦੋਂ ਮੈਨੂੰ ਕੁਛ ਪਤਾ ਹੀ ਨਹੀਂ। ਫਿਰ ਸ਼ਬਦ-ਦਰਸ਼ਨ ਕਹਿ ਕੇ ਸਾਰੀ ਸੰਗਤਿ ਨੂੰ ਗੁਮਰਾਹ ਹੀ ਕਰ ਰਹੇ ਹੋ। ਸ਼ਬਦ ਦਰਸ਼ਨ ਤਾਂ ਬਹੁਤ ਕਾਨਫੀਡੈਂਸ ਨਾਲ ਕਹਿੰਦੇ ਹੋ। ਜਿਵੇਂ ਤੁਹਾਡੇ ਤੋਂ ਬਗੈਰ ਹੋਰ ਕੋਈ ਕੁਝ ਵੀ ਨਹੀਂ ਜਾਣਦਾ। IAS ਸਰਦਾਰ ਹਰਦਿਆਲ ਸਿੰਘ ਜੀ ਅਗਲੀ ਦੁਨੀਆਂ ਨੂੰ ਮੰਨਦੇ ਤਾਂ ਹਨ। ਕਹਿੰਦੇ ਸਨ ਜਦੋਂ ਬਾਣੀ ਵਿਚ ਲਿਖਿਆ ਹੈ, ਮੈਂ ਕਿਵੇਂ ਮੁਨਕਰ ਹੋ ਸਕਦਾ ਹਾਂ? ਹਾਂ ਪਰ ਮੈਂ ਆਪ ਨਿੱਜੀ ਤੌਰ ਤੇ ਨਹੀਂ ਜਾਣਦਾ ਨਹੀਂ ਬਿਆਨ ਕਰ ਸਕਦਾ ਹਾਂ। ਪਰ ਉਹ ਜੋ ਕੰਮ ਕਰ ਰਹੇ ਹਨ ਸਿਧਾਂਤਕ ਤੌਰ ਤੇ ਬਿਲਕੁਲ ਠੀਕ ਹੈ। ਇਕ ਪੁਆਇੰਟ ਕਜ਼ਮੋਰ ਹੈ। ਸਾਰਿਆਂ ਨੂੰ ਅੰਮ੍ਰਿਤ ਨਹੀਂ ਛੁਕਾਉਂਦੇ। ਬੇ-ਅੰਮ੍ਰਿਤੀਏ ਨੂੰ ਬਾਬਾ ਨਾਨਕ ਜੀ ਕੁੱਤਾ ਬਿੱਲਾ ਸੂਰ ਕਾਂ ਆਖਦੇ ਹਨ। ਇਹਨਾਂ ਤੇ ਕਿਵੇਂ ਨਾਮ ਦਾ ਪੂਰਾ ਅਸਰ ਹੋ ਜਾਏਗਾ। ਨਾਮ ਦਾ ਅਸਰ ਤਾਂ ਗੁਰੂ ਨੇ ਕਰਨਾ ਹੈ ਉਹ ਗੁਰਸਿਖ ਤੇ ਮਿਹਰ ਕਰੇਗਾ ਕਿ ਕੁੱਤੇ ਬਿੱਲੇ ਸੂਰ ਕਾਂ ਸੱਪ ਤੇ। ਸੋਚੋ ਡੂੰਘੀ ਸੋਚ ਜੇ ਸਾਰਿਆਂ ਤੇ ਅਸਰ ਹੋ ਸਕਦਾ ਹੈ ਤਾਂ ਦਸਵੇਂ ਪਾਤਿਸ਼ਾਹ ਨੇ ਅੰਮ੍ਰਿਤ ਛੱਕ ਕੇ ਗਲਤੀ ਕੀਤੀ। ਅਸੀਂ ਥੋਹੜਾ ਜਿਹਾ Quantity & Quality ਭੁੱਲ ਜਾਂਦੇ ਹਨ। ਬੇ-ਅੰਮ੍ਰਿਤੀਏ ਨੂੰ ਲੰਗਰ ਛਕਾਉਂਣਾ, ਕੁੱਤੇ ਬਿਲੇ ਸੂਰ ਕਾਂ ਸੱਪ ਨੂੰ ਦੁੱਧ ਪਿਆਉਂਣ ਦੇ ਬਰਾਬਰ ਹੈ। ਸਿੱਖੀ 80% ਪਤਿਤ ਹੋ ਗਈ। ਤੁਸੀਂ ਲੰਗਰ ਛਿਕਾਈ ਜਾਣੈ। ਅੱਗੋਂ ਰਹਿੰਦੀ ਸਿੱਖੀ ਵੀ ਖਤਮ ਹੋ ਜਾਣੀ ਹੈ।

ਜੇ ਦਰਸ਼ਨਾਂ ਦੀ ਗੱਲ ਨਾ ਕੀਤੀ। ਸਿਮਰਨ ਵਿਚ ਸੁਰਤੀ ਜੋੜਨ ਦੀ ਗੱਲ ਨਾ ਕੀਤੀ। ਸੁਰਤਿ ਵਿਚ ਸੁਰਤੀ ਜੋੜਨ ਦਾ ਢੰਗ ਨਾ ਦੱਸਿਆ ਅਗਲੀ ਦੁਨੀਆਂ ਦੀ ਗੱਲ ਨ ਕੀਤੀ। ਸਚਖੰਡ ਨਰਕਾਂ ਨੂੰ ਪੂਰੀ ਤਰ੍ਹਾਂ ਨਾ ਸਮਝਾਇਆ ਤਾਂ ਸਿੱਖੀ 90% ਪਤਿਤ ਹੋ ਜਾਵੇਗੀ। ਅਜ ਦਾ ਆਇਆ ਹੋਇਆ ਹੜ੍ਹ ਰੁਕਨਾ ਨਹੀਂ। ਸਾਰਿਆਂ ਨੂੰ ਰੋੜ੍ਹ ਕੇ ਲੈ ਜਾਏਗਾ।

ਅਕਾਲੀਆਂ ਦੀ ਤਾਂ ਗੱਲ ਹੀ ਨਾ ਕਰੋ। ਇਹ ਸਾਰੇ ਸਿਆਸੀ ਹਨ, ਇਹਨਾਂ ਵਿਚ ਧਾਰਮਿਕ ਪੱਖ 1% ਵੀ ਨਹੀਂ। 1% ਤਾਂ ਅੰਮ੍ਰਿਤਧਾਰੀ ਹਨ। ਉਹ

ਵੀ ਪੀ ਲੈਂਦੇ ਹਨ। ਦਿਖਾਵੇ ਮਾਤਰ ਧਰਮੀ ਹਨ, ਵੈਸੇ ਅੰਦਰ ਕੁਛ ਵੀ ਨਹੀਂ, ਵਿਚਾਰੇ ਕੀ ਜਾਨਣ ਦਰਸ਼ਨ ਕੀ ਹੁੰਦੇ ਹਨ?

ਨਾਨਕ ਸਰੀਏ-ਗੱਲਾਂ ਤਾਂ ਬਹੁਤ ਕਰਦੇ ਹਨ, ਭਗਤੀ ਦੀਆਂ, ਭਗਤੀ ਦਾ ਉਹਨਾਂ ਨੂੰ ਪਤਾ ਵੀ ਨਹੀਂ। ਜਿਹੜਾ ਵੀ ਪੰਥ ਦੀ ਰਹਿਤ-ਮਰਿਆਦਾ ਛੱਡ ਕੇ ਆਪਣੀ ਮਰਿਆਦਾ ਬਣਾਏਗਾ ਉਹ ਡੁੱਬਾ ਹੀ ਡੁੱਬਾ, ਖਤਮ ਹੋਇਆ ਕੇ ਹੋਇਆ। ਅਜ ਵੀ ਹੈ ਨਹੀਂ ਕਲ ਵੀ ਹੈ ਨਹੀਂ। ਹਾਂ ਸੰਗਤਿ ਬਹੁਤ, ਪਰ ਸਾਰੇ ਸੂਰ ਕਾਂ, ਗੁਰੂ ਦਾ ਸਿਖ ਕੋਈ ਵਿਰਲਾ ਵਿਰਲਾ ਕੀ ਜਾਨੈ ਦਰਸ਼ਨ ਕੀ ਹੁੰਦੇ ਹਨ? ਹਾਂ ਬੀਬੀਆਂ ਨੂੰ ਬੱਚੇ ਜ਼ਰੂਰ ਦਿੰਦੇ ਹਨ। ਬੀਬੀਆਂ ਮੁੰਡੇ ਲੈਣ ਆਉਂਦੀਆਂ ਹਨ, ਇਹ ਦੇ ਦੇਂਦੇ ਹਨ। ਸਾਰੇ ਵਿਆਹ ਤਾਂ ਕਰਾਉਂਦੇ ਨਹੀਂ, ਕੀ ਕਰਨ ਵਿਚਾਰੇ? ਕੋਈ ਸਮਝਾਉਂਦਾ ਨਹੀਂ। ਬਾਬੇ ਨੇ ਵਿਆਹ ਕਰਵਾਇਆ ਸੀ, ਸਾਰਿਆਂ ਗੁਰੂਆਂ ਦੇ ਘਰ ਬੱਚੇ ਸਨ। ਕਾਮ ਤੋਂ ਪੈਦਾ ਹੋਇਆ ਸਰੀਰ ਕਾਮ ਤੋਂ ਨਹੀਂ ਬੱਚ ਸਕਦਾ, ਨਹੀਂ ਗੁਰੂ ਦੀ ਸਿਖਿਆ ਤਾਂ ਮੰਨਣੀ ਕੋਈ ਨਹੀਂ। ਛੜੇ ਹੀ ਰਹਿਣਾ ਤੇ ਪਰਾਈ ਇਸਤਰੀ ਹੀ ਭੋਗਣੀ ਹੈ। ਇਹਨਾਂ ਦੇ ਡੇਰਿਆਂ ਤੇ ਬਹੁਤ ਕੇਸ ਹੋਏ ਹਨ। ਬਲਾਤਕਾਰ ਕਰਕੇ ਦਰਿਆ ਵਿਚ ਸੁੱਟ ਦਿੰਦੇ ਹਨ। ਡੇਰਾ ਹੀ ਦਰਿਆ ਦੇ ਕੰਢੇ ਤੇ ਹੈ। ਹੁਣ ਦੱਸੋ ਕਿਥੇ ਦਰਸ਼ਨ ਕਿਥੇ ਬਲਾਤਕਾਰੀ?

ਦੋਦਹੜਾ ਸਾਹਿਬ ਵਾਲੇ ਕੀਰਤਨ ਬਹੁਤਾ ਤੇ ਸਿਮਰਨ ਘੱਟ ਕਰਦੇ ਹਨ। ਉਹਨਾਂ ਨੂੰ ਸੁੰਨ ਸਮਾਧੀ ਦਾ ਪਤਾ ਹੀ ਨਹੀਂ ਤੇ ਨਾ ਹੀ ਸਚਖੰਡਿ ਨੂੰ ਮੰਨਦੇ ਹਨ। ਬਾਊ ਜੀ ਤਾਂ ਪੈਰੀ ਮੱਥਾ ਵੀ ਟਿਕਾਉਂਦੇ ਸਨ। ਅਗਲੀ ਦੁਨੀਆਂ ਨੂੰ ਨਹੀਂ ਮੰਨਦੇ। ਮੇਰੀ ਜਰਨੈਲ ਸਿੰਘ ਨਾਲ ਵਿਚਾਰ ਵੀ ਹੋਈ ਸੀ। ਚਲੋ ਖੈਰ ਫਿਰ ਵੀ ਕਾਫੀ ਠੀਕ ਹਨ । ਗੁਰਬਾਣੀ ਦੀ ਵਿਚਾਰ ਤਾਂ ਕਰਦੇ ਹਨ।

ਅਖੰਡ ਕੀਰਤਨ ਜੱਥਾ ਬਾਣੀ ਦੀ ਵਿਚਾਰ ਨੂੰ ਬੱਜਰ ਕੁਰਹਿਤ ਸਮਝਦਾ ਹੈ। ਅਲਰਜੀ ਹੈ ਕਥਾ ਤੋਂ। ਪੂਰਨ ਪੰਡਿਤ ਹਨ। ਸੁਚਮਤਾ ਦਾ ਬਹੁਤ ਖਿਆਲ ਰਖਦੇ ਹਨ। ਲੰਗਰ ਵੱਖਰਾ ਬਿਬੇਕੀ ਤੇ ਆਮ। ਇਹਨਾਂ ਦਾ ਬਾਣਾ, ਸੇਵਾ, ਸਿਮਰਨ, ਕੀਰਤਨ। ਹੋਰ ਬਾਕੀ ਸਾਰੇ ਇਹਨਾਂ ਤੋਂ ਨੀਵੇ ਹਨ। ਇਸ ਵੇਲੇ ਇਹੀ ਉਚੇ ਹਨ ਪਰ ਇਹ ਵੀ ਅਕਾਲ ਤਖਤ ਦੀ ਰਹਿਤ ਮਰਿਆਦਾ ਨਹੀਂ ਮੰਨਦੇ। ਦੋ-ਫਾੜ ਹੋਏ ਪਏ ਹਨ। ਐਤਕੀ ਤਿੰਨ ਜਗਾਹ ਤੇ ਰੈਣ-ਸਬਾਈ ਹੋਈ। ਜੋ ਏਕਤਾ ਨਹੀਂ ਕਰ ਸਕਦੇ-ਮਿਲ ਕੇ ਨਹੀਂ ਬੈਠ ਸਕਦੇ। ਸ਼ਬਦ ਦੋਵੇ ਜ਼ਰੂਰ ਪੜ੍ਹਦੇ ਹਨ –

**ਹੋਵੋ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ॥**

ਅਗਲੀ ਦੁਨੀਆਂ ਨੂੰ ਮੰਨਦੇ ਹਨ। ਸਚਖੰਡ ਨੂੰ ਮੰਨਦੇ ਹਨ। ਦਰਸ਼ਨਾਂ ਨੂੰ ਮੰਨਦੇ

ਹਨ। ਆਖਦੇ ਹਨ, ਭਾਈ ਸਾਹਿਬ ਨੂੰ ਦਰਸ਼ਨ ਹੋਏ ਸਨ, ਸਾਰਿਆਂ ਨੂੰ ਥੋੜਾ ਹੋ ਸਕਦੇ ਹਨ। ਦੂਸਰੀ ਗਲ ਆਖਦੇ ਹਨ ਬਾਣੀ ਅਗਾਧ ਬੋਧ ਹੈ ਸਮਝ ਨਹੀਂ ਆ ਸਕਦੀ। ਸਭ ਤੋਂ ਉੱਤਮ ਹੋਣ ਦਾ ਹੰਕਾਰ ਵੀ ਹੈ। ਚਰਨ-ਧੂੜ ਨਹੀਂ ਲੈਂਦੇ। ਵਹੁਟੀ ਨਾਲ ਇਹਨਾਂ ਦੀ ਬਣਦੀ ਨਹੀਂ। ਇਕੱਲਾ ਰੈਣ-ਸਬਾਈ ਕਰ ਸਕਦਾ ਹੈ। ਥੋਹੜਾ ਗੁੱਸੇ-ਖੋਰੇ ਹਨ। ਅਜ ਦੇ ਸਮੇਂ ਵਿਚ ਇਹਨਾਂ ਵਿਚੋਂ ਕਿਸੇ ਨੂੰ ਪ੍ਰਤੱਖ ਦਰਸ਼ਨ ਨਹੀਂ ਹੁੰਦੇ। ਫਿਰ ਵੀ ਪੰਥ ਵਿਚੋਂ ਬਾਕੀ ਸਾਰਿਆਂ ਤੋਂ ਚੰਗੇ ਹਨ, ਜੇ ਇਕ ਹੋ ਜਾਣ ਗੁਰੂ ਸਾਹਿਬ ਦਾ ਕਹਿਣ ਹੈ। ਸੁਰਤੀ ਸੰਗਤਿ ਵਿਚ ਲਾਉਂਣ, ਸੁੰਨ ਸਮਾਧੀ ਵਿਚ ਬੈਠਣ। ਹਰ ਸਮਾਗਮ ਤੇ ਇਕ ਗੁਰਸਿਖ ਸਚਖੰਡਿ ਪਹੁੰਚ ਸਕਦਾ ਹੈ। ਮੇਰੀ ਇਕ ਬੇਨਤੀ ਹੈ ਕਿਉਂਕਿ ਮੈਂ ਵੀ ਅਖੰਡ ਕੀਰਤਨ ਜੱਥੇ ਦਾ ਮੈਂਬਰ ਹਾਂ, ਅਕਾਲ-ਤਖਤ ਦੀ ਰਹਿਤ ਮਰਿਆਦਾ ਨੂੰ ਮੰਨੋ। ਨਹੀਂ ਤਾਂ ਪੰਥ ਇਕ ਨਹੀਂ ਰਹੇਗਾ, ਸਾਰਿਆਂ ਤੋਂ ਤਾਕਤਵਰ ਤੁਸੀਂ ਹੋ, ਜੇ ਕੋਈ ਤੁਹਾਨੂੰ ਪੁਆਇੰਟ ਲਗਦਾ ਹੈ, ਤਬਦੀਲ ਹੋਣ ਵਾਲਾ ਹੈ ਤਾਂ ਜੋਰ ਪਾ ਕੇ ਚੇਂਜ਼ ਕਰ ਦਿਓ। ਪਰ ਰਹਿਤ-ਮਰਿਆਦਾ ਪੰਥ ਦੀ ਇਕ ਹੋਣੀ ਚਾਹੀਦੀ ਹੈ।

ਟਕਸਾਲੀਏ ਜੋਧੇ ਹਨ, ਪਰ ਬਹੁਤੇ ਅਨਪੜ੍ਹ। ਇਹ ਵੀ ਪੰਥਕ ਰਹਿਤ-ਮਰਿਆਦਾ ਨੂੰ ਨਹੀਂ ਮੰਨਦੇ। ਗ੍ਰੰਥੀ ਸਾਰੇ ਟਕਸਾਲੀਏ ਹਨ, ਪਰ ਅਗਿਆਨੀ ਹਨ, ਜਾਣਦੇ ਕੁਝ ਨਹੀਂ। ਗੁਰਬਾਣੀ ਵਿਆਕਰਨ ਨੂੰ ਜਾਨਣਾ ਹੀ ਨਹੀਂ ਚਾਹੁੰਦੇ। ਸਿੱਖੀ ਇਕ ਮਾਡਰਨ ਲੇਟੈਸਟ ਤੇ ਕੁਦਰਤੀ ਧਰਮ ਹੈ। ਪਰ ਇਹ ਨਹੀਂ ਬਦਲਨਾ ਚਾਹੁੰਦੇ। ਗਉੜੀ ਮਹੱਲਾ ਪਜਵਾ ਹੀ ਪੜ੍ਹਨਾ ਹੈ। ਇਹ ਵਿਚਾਰੇ ਦਰਸ਼ਨਾਂ ਨੂੰ ਜਾਣ ਵੀ ਨਹੀਂ ਸਕਦੇ।

ਮੁਕਦੀ ਗੱਲ ਹੋਰ ਬਹੁਤ ਡੇਰੇ ਹਨ, ਸੰਤ ਵਾਦ ਹੈ ਜੋ ਪੰਥਕ ਰਹਿਤ-ਮਰਿਆਦਾ ਨੂੰ ਨਹੀਂ ਮੰਨਦਾ। ਸੰਤ-ਸਮਾਜ ਨਹੀਂ ਮੰਨਦਾ। ਸੰਤਾਂ ਦੀ ਯੂਨੀਅਨ ਨਹੀਂ ਮੰਨਦੀ। ਸਾਰੇ ਪੰਥ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ, ਇਹ ਨਹੀਂ ਸਮਝਦੇ ਪੰਥ ਕਮਜ਼ੋਰ ਹੋਣ ਨਾਲ ਤੁਸੀਂ ਜ਼ੀਰੋ ਹੋ ਜਾਓਗੇ। ਸਰਕਾਰ ਦੇ ਗੁਲਾਮ ਬਣ ਕੇ ਰਹੋਗੇ। ਕੁਝ ਅਕਲ ਕਰੋ। ਪਰ ਉਹ ਤੁਹਾਨੂੰ ਆ ਨਹੀਂ ਸਕਦੀ, ਪਿਛੇ ਮਾਇਆ ਦਾ ਹੱਥ ਹੈ, ਤੁਸੀਂ ਮਾਇਆਧਾਰੀ ਹੋ।

ਪਰ ਜੇ ਰੱਬ ਦੇ ਗੁਰੂ ਸਾਹਿਬ ਦੇ ਦਰਸ਼ਨ ਹੀ ਨਹੀਂ ਹਨ ਤਾਂ ਸਿੱਖੀ ਨੂੰ ਕਰਨਾ ਕੀ ਹੈ? ਕਿਉਂਕਿ ਬਾਕੀ ਸਾਰੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਤਾਂ ਦਰਸ਼ਨ ਹੋ ਹੀ ਨਹੀਂ ਸਕਦੇ, ਕਿਉਂਕਿ ਉਹਨਾਂ ਦੇ ਧਰਮ ਪੂਰਨ ਨਹੀਂ ਹਨ। ਉਹ ਰੱਬੀ ਧਰਮ ਨਹੀਂ ਹਨ। ਇਹ ਸਾਨੂੰ ਪਤਾ ਨਹੀਂ, ਅਸੀਂ ਵੀ ਅਗਿਆਨੀ ਹਾਂ। ਸਾਰੀ

ਉਮਰ ਜੇਲ੍ਹਾਂ ਵਿਚ ਸੜਨ ਨਾਲੋਂ ਚੰਗਾ ਨਹੀਂ ਧਰਮ ਬਦਲ ਲਈਏ। ਸਾਰੀ ਉਮਰ ਦੋ ਨੰਬਰ ਦੇ ਸ਼ਹਿਰੀ ਕਹਾਉਂਣ ਨਾਲੋਂ ਚੰਗਾ ਨਹੀਂ ਧਰਮ ਬਦਲ ਲਈਏ। ਸਰਕਾਰ ਕੋਈ ਵੀ ਹੋਵੇ ਸਾਨੂੰ ਚੰਗਾ ਨਹੀਂ ਸਮਝਦੀ, ਚੰਗਾ ਨਹੀਂ ਧਰਮ ਬਦਲ ਲਈਏ। ਸਾਨੂੰ ਕਿਤੇ ਨੌਕਰੀ ਨਹੀਂ, ਚੰਗੀ ਪੋਸਟ ਨਹੀਂ SC ਨੂੰ ਹੈ SC ਨਾ ਬਣ ਜਾਈਏ। ਕਰਿਸ਼ਚਨਾਂ ਨੂੰ ਬਹੁਤ ਸੁਵਿਧਾਵਾਂ ਹਨ ਕਰਿਸ਼ਚਨ ਬਣ ਜਾਈਏ? ਹਿੰਦੂਆਂ ਦਾ ਦੇਸ਼ ਹੈ। ਹਿੰਦੂ ਸ਼ੈਤਾਨ, ਸਾਰੇ ਹਿੰਦੂ ਹੀ ਬਣ ਜਾਂਦੇ ਹਾਂ। ਮਾੜਾ ਕੀ ਹੈ? ਅੱਗੇ ਕੁਛ ਹੈ ਹੀ ਨਹੀਂ ਨਾ ਸਚਖੰਡ ਨਾ ਨਰਕਾਂ।

ਜੋ ਐਸ਼ ਕਰਦੇ ਹਨ, ਉਹ ਸਹੀ ਹਨ। ਉਹਨਾਂ ਨੂੰ ਐਸ਼ ਕਰ ਲੈਣ ਦਿਓ। ਸਿੱਖੀ ਪਤਿਤ ਹੋ ਗਈ, ਰੌਂਦੇ ਕਿਉਂ ਹੋ? ਕੀ ਲੈਣ ਸਿੱਖੀ ਤੋਂ? ਅੱਗੇ ਤਾਂ ਕੁਛ ਹੈ ਨਹੀਂ। ਕੋਈ ਹਿਸਾਬ ਕਿਤਾਬ ਹੀ ਨਹੀਂ। ਕੋਈ ਧਰਮ ਰਾਜ ਨਹੀਂ। ਕੋਈ ਸਜਾਵਾਂ ਨਹੀਂ, ਕੋਈ ਨਰਕਾਂ ਨਹੀਂ, ਕੋਈ ਜਮਦੂਤ ਨਹੀਂ, ਕੋਈ ਭੂਤ-ਪਰੇਤ ਨਹੀਂ।

**ਦਸਵੇਂ ਵਾਹਿਗੁਰੂ ਨੇ ਬਹੁਤ ਵਡੀ ਗਲਤੀ ਕੀਤੀ ਅੰਮ੍ਰਿਤ ਛੱਕ ਕੇ।** ਫਿਰ ਜਿਹੜੀ ਸਿੱਖੀ ਪਤਿਤ ਹੋ ਰਹੀ ਹੈ, ਉਸ ਦਾ ਨਾਂ ਕੁਰਹਿਤ ਹੈ। ਇਹ ਸਾਰੀਆਂ ਕੁਰਹਿਤਾਂ ਹੀ ਤਾਂ ਬਾਬੇ ਦੀ ਰੋਕ ਹੈ। ਪੁੱਤਰ! ਜੇ ਮੇਰਾ ਪੁੱਤਰ ਹੈ ਤਾਂ ਜਿੰਦਗੀ ਵਿਚ ਭੁੱਲ ਕੇ ਵੀ ਕੁਰਹਿਤ ਨਾ ਕਰੀਂ। ਸੁਪਨੇ ਵਿਚ ਵੀ ਕੁਰਹਿਤ ਨਾ ਕਰੀਂ। ਬਾਬਾ ਵਾਹਿਗੁਰੂ ਗਲਤ ਕਹਿ ਰਿਹਾ ਹੈ ਕਿ ਆਪਾਂ ਗਲਤ ਹਾਂ। ਸੋਚਣਾ ਪਏਗਾ।

ਸਾਡੀ ਈਰਖਾ ਦੇਖਣਾ ਚਾਹੁੰਦੇ ਹੋ-ਸਾਡੀ ਸਿੱਖੀ ਦੀ ਸੰਤਾਂ ਦੀ, ਮਹਾਂਪੁਰਖਾਂ ਦੀ। ਅਸੀਂ ਅੰਮ੍ਰਿਤ-ਸੰਚਾਰ ਕਰਨ ਜਾ ਰਹੇ ਸੀ। ਮੈਂ ਇਕ-ਸਾਰਤਾ ਇਕ-ਰਹਿਤ ਇਕ-ਪੰਥ ਇਕ-ਪਿਆਰ ਦੀ ਗੱਲ ਸਮਝਾ ਰਿਹਾ ਸੀ। ਵਿਚ ਦੋ ਪੂਰਨ ਗੁਰਸਿਖ ਬੈਠੇ ਸਨ, ਉਹ ਸੁਣ ਕੇ ਹੀ ਹੈਰਾਨ ਹੋ ਗਏ, ਕਹਿਣ ਲੱਗੇ ਸਾਨੂੰ ਤਾਂ ਹੁਕਮ ਹੈ ਜੇ ਭਾਈ ਜਸਬੀਰ ਸਿੰਘ ਦਾ ਦੀਵਾਨ ਹੋਵੇ ਤਾਂ ਤੁਸੀਂ ਨਹੀਂ ਜਾਣਾ। ਦੂਸਰਾ ਬੋਲਿਆ, ਜੇ ਭਾਈ ਗੁਰਇਕਬਾਲ ਸਿੰਘ ਦਾ ਸਮਾਗਮ ਹੋਵੇ ਤਾਂ ਤੁਸੀਂ ਨਹੀਂ ਜਾਣਾ। ਇਹ ਸਾਡੀ ਸਿੱਖੀ ਦੀ ਅੱਗ ਹੈ। ਅਸੀਂ ਸਿੱਖ ਹਾਂ?

ਸੰਤ ਜਸਵੰਤ ਸਿੰਘ ਜੀ ਤਾਬਿਆ ਬੈਠੇ ਸਨ, ਸੰਤ ਸੁੱਚਾ ਸਿੰਘ ਜੀ ਗੁਰਦੁਆਰੇ ਆ ਰਹੇ ਸਨ। ਇਕ ਸ਼ਰਧਾਲੂ ਨੇ ਜਸਵੰਤ ਸਿੰਘ ਨੂੰ ਤਾਬਿਆ ਬੈਠੇ ਦੇਖ ਕੇ ਕਿਹਾ ਬਾਬਾ ਜੀ ਤੁਸੀਂ ਕਿੱਥੇ ਬੈਠੋਗੇ? ਬਸ! ਅੰਦਰਲੀ ਸਿੱਖੀ ਭੜਕ ਉਠੀ। ਸੰਤ ਸੁੱਚਾ ਸਿੰਘ ਜੀ ਸਣੇ ਆਪਣੇ ਜਥੇ ਸਮੇਤ ਮੱਥਾ ਟੇਕਣ ਤੋਂ ਬਗੈਰ ਬਾਹਰੋਂ ਹੀ ਵਾਪਿਸ ਚਲੇ ਗਏ, ਕਿਆ ਸਿੱਖੀ ਹੈ? ਸਾਰੇ ਸੰਤਾਂ ਵਿਚ ਇਕ

ਪਿਆਰ ਹੋਵੇ, ਅੰਦਰ ਈਰਖਾ ਨਾ ਹੋਵੇ। ਇਕ ਸੰਤ ਦੂਜੇ ਦੀ ਨਿੰਦਾ ਨਾ ਕਰਦਾ ਹੋਵੇ, ਉਸਤਤਿ ਕਰਦਾ ਹੋਵੇ, ਦਿਖਾ ਦਿਓ। ਬਾਬੇ ਨਾਨਕ ਦਾ ਮਾਰਗ-ਧਰਮ-ਪੰਥ ਇਕ Universal ਧਰਮ ਹੈ ਪਰ ਕੀ ਇਸ ਦਾ Universal ਲੈਵਲ ਤੇ ਪਰਚਾਰ ਹੋ ਰਿਹਾ ਹੈ? ਕਿਸੇ ਨੂੰ ਨਾ ਬਾਬੇ ਬਾਰੇ ਪਤਾ ਹੈ ਨਾ ਹੀ ਧਰਮ ਬਾਰੇ ਨਾ ਹੀ ਸਿਮਰਨ ਸੁਰਤੀ ਬਾਰੇ ਫਿਰ ਪਰਚਾਰ ਕੌਣ ਕਰਨ?

ਸਾਡੀ ਸਾਰਿਆਂ ਤੋਂ ਵੱਡੀ ਸਿਰੋਮਣੀ ਕਮੇਟੀ ਹੈ, ਜਿਸ ਦੇ ਕੋਲ ਪੈਸਾ ਵੀ ਬੇ-ਲੋੜਾ ਹੈ। ਉਹ ਪਰਚਾਰ ਕਰ ਸਕਦੀ ਹੈ। ਉਹਨਾਂ ਵੱਢੀਖੋਰਾਂ ਨੂੰ ਰੱਬ ਦਿੱਸਦਾ ਹੋਵੇ ਤਾਂ। ਉਹ ਮਾਇਆ ਦੇ ਭੁਖਿਆਂ ਨੂੰ ਮਾਇਆ ਤੋਂ ਉਤੇ ਕੋਈ ਗਲ ਸੁਝਦੀ ਹੀ ਨਹੀਂ। ਸਿਮਰਨ ਵਾਹਿਗੁਰੂ ਵਾਹਿਗੁਰੂ ਨੂੰ ਬਕਰੀ ਵਾਂਗੂੰ ਮੂੰਹ ਮਾਰਨਾ ਆਖਦੇ ਹਨ। ਆਪਣਾ ਜੀਵਨ ਦੇਖਣਾ ਨਹੀਂ। ਦਰਸ਼ਨਾਂ ਦੀ ਗੱਲ ਕਿਸ ਨਾਲ ਕਰਾਂ, ਕਿਹਨੂੰ ਸਮਝਾਵਾਂ? ਕਿਵੇਂ ਸਮਝਾਵਾਂ? ਬਾਣੀ ਵਿਚ ਤਾਂ ਉਦੇਸ਼ ਹੀ ਸਿਮਰਨ ਦਾ ਹੈ ਤੇ ਦਰਸ਼ਨ ਕਰਨ ਦਾ ਹੈ। ਮਿਸ਼ਨਰੀ ਆਖਦੀ ਹੈ ਸਚਖੰਡ ਹੈ ਹੀ ਨਹੀ।

**ਗੁਰੂ ਪਾਤਿਸ਼ਾਹ ਆਖਦੇ ਹਨ ਫਿਰ ਅੰਮ੍ਰਿਤ ਛਕਣ ਦੀ ਲੋੜ ਹੀ ਕੀ ਹੈ?**

ਮਿਸ਼ਨਰੀ ਕੋਲ ਇਸ ਦਾ ਜੁਆਬ ਨਹੀਂ ਹੈ। ਕਿਹਨੂੰ ਦਿਖਾਉਂਣਾ ਇਹ ਸੱਚਾ ਸੁੱਚਾ ਜੀਵਨ। ਵਾਹਿਗੁਰੂ ਨੂੰ। ਕਦੀ ਸਰਕਾਰ ਨੇ ਕਿਸੇ ਮੰਤਰੀ ਨੇ ਤੁਹਾਨੂੰ ਸਿਰੋਪਾਓ ਦਿੱਤਾ ਹੈ, ਤੂੰ ਧੰਨ ਹੈਂ ਗੁਰਸਿਖਾ, ਆਪਣਾ ਜੀਵਨ ਬੜਾ ਉਚੱਾ ਰਖਿਆ ਹੈ? ਬਾਬਾ ਸਿੱਖਾਂ ਨੂੰ ਧੰਨ ਧੰਨ ਕਿਉਂ ਆਖਦਾ ਹੈ? ਸਚਖੰਡਿ ਸਿਰੋਪਾਓ ਕਿਉਂ ਦੇਂਦਾ ਹੈ? **ਹਰਿ ਦਰਗਹ ਪੈਨਾਈਅਹਿ**

ਸਿੱਖੀ ਗੋਰਮਿੰਟ ਦੀ ਦਖਲ-ਅੰਦਾਜ਼ੀ ਨਾਲ ਰੁਲ ਚੁੱਕੀ ਹੈ। ਹੁਣ ਸਿਰਫ ਵਾਹਿਗੁਰੂ ਹੀ ਬਖਸ਼ਿਸ਼ ਕਰੇ ਤਾਂ ਸੁਧਾਰ ਆ ਸਕਦਾ ਹੈ।

ਵਾਹਿਗੁਰੂ ਕੋਲ ਬਖਸ਼ਿਸ਼ ਕਰਨ ਨੂੰ ਬਹੁਤ ਢੰਗ ਹਨ। ਬਖਸ਼ਿਸ਼ ਵੀ ਤਾਂ ਤੁਹਾਡੇ ਰਾਹੀਂ ਹੀ ਕਰਨੀ ਹੈ। ਵਾਹਿਗੁਰੂ ਸਿਖਾਂ ਨੂੰ ਜਾਗਰਤ ਕਰੇ। ਅਤਿਵਾਦ ਤਾਂ ਚਾਹੀਦਾ ਸੀ, ਸਿਖਾਂ ਨੂੰ ਸੁਧਾਰਨ ਲਈ। ਤੁਸੀਂ ਬੰਦੇ ਮਾਰਨੇ ਸ਼ੁਰੂ ਕਰ ਦਿੱਤੇ, ਇਹ ਕਿਹੜਾ ਧਰਮ ਸੀ, ਜੋ ਤੁਸੀਂ ਅਪਨਾ ਲਿਆ? ਉਸ ਦਾ ਨਤੀਜਾ ਵੀ ਦੇਖ ਲਿਆ। 50 ਸਾਲ ਕੌਮ-ਪ੍ਰਾਂਤ-ਤਰੱਕੀ ਪਿਛੇ ਜਾ ਡਿਗੀ। ਸਿੱਖੀ ਵੀ ਪਤਿਤ ਹੋਈ ਹੈ, ਵਧੀ ਨਹੀਂ। ਤੁਸੀਂ ਗੁਰਦੁਆਰੇ ਬੈਠੇ ਅਜੇ ਵੀ ਗਾਣੇ, ਗਾਈ ਜਾ ਰਹੇ ਹੋ। ਕਦੀ ਕਿਸੇ ਪਰਚਾਰਕ ਨੇ ਕਿਹਾ ਹੈ, ਹੇ ਭਾਈ! ਜਿਸ ਨੇ ਅੰਮ੍ਰਿਤ ਨਹੀਂ ਛੱਕਿਆ, ਉਹ ਗੁਰਦੁਆਰੇ ਕੀ ਕਰਨ ਆਇਆ ਹੈ? ਕਿਹੜੀ ਬਖਸ਼ਿਸ਼ ਲੈਣ ਆਇਆ ਹੈ ਤੇ ਕਿਹੜਾ ਗੁਰੂ ਬਖਸ਼ਿਸ਼ ਕਰੇਗਾ। ਸੂਰ ਕਾਂ ਸੱਪ ਤੇ। ਹੇ ਭਾਈ! ਕੋਈ ਐਸਾ ਜੀਵ,

ਜਿਸਨੇ ਅੰਮ੍ਰਿਤ ਨਹੀਂ ਛੱਕਿਆ, ਕੁਰਹਿਤ ਹੀ ਨਾ ਕੀਤੀ ਹੋਵੇ, ਕੋਈ ਵੀ ਕੁਰਹਿਤ। ਆਪਣੇ ਅੰਦਰ ਝਾਤੀ ਮਾਰੋ। ਰੱਬ ਬਾਰੇ ਕੀ ਜਾਣਦੇ ਹੋ, ਤੇ ਕੀ ਕਰਨ ਆਏ ਹੋ? ਮੇਲਾ ਵੇਖਣ ਜਾਂ ਸਟਾਲ ਤੋਂ ਗਜਰੇਲਾ, ਬਰੈਡ ਪਕੌੜਾ ਖਾਣ, ਕੇਸਰ ਵਾਲਾ ਦੁੱਧ ਪੀਣ, ਪਨੀਰ ਵਾਲੇ ਪਕੌੜੇ ਖਾਣ, ਕਾਫੀ ਪੀਣ, ਚਾਹ ਪੀਣ ਕੁਝ ਹਾਸਲ ਵੀ ਕੀਤਾ ਹੈ ਕਿ ਨਹੀਂ। ਜਾਂ ਕੁੜੀਆਂ ਦੇਖ ਕੇ ਛੇੜ ਕੇ ਵਾਪਿਸ ਚਲੇ ਗਏ।

ਬੇ-ਅੰਮ੍ਰਿਤੀਏ ਦਾ ਤਾਂ ਦਰਵਾਜਾ ਹੀ ਬੰਦ ਹੈ, ਕੁਝ ਵੀ ਅੰਦਰ ਨਹੀਂ ਜਾ ਸਕਦਾ। ਕੋਈ ਭਾਈ ਇਹ ਗਲ ਸਮਝਾਉਂਦਾ ਹੈ? ਕੋਈ ਸੰਤ ਇਹ ਗੱਲ ਸਮਝਾਉਂਦਾ ਹੈ। ਕੋਈ ਪੰਥ ਇਹ ਗੱਲ ਸਮਝਾਉਂਦਾ ਹੈ। ਕੋਈ ਨਹੀਂ। ਮੱਥਾ ਟੇਕੋ- 100 ਰੁਪਏ, 50 ਰੁਪਏ, 25 ਰੁਪਏ, 10 ਰੁਪਏ ਕੁਛ ਲੰਗਰ ਲਈ ਦੇ ਜਾਓ, ਕੁਛ ਬਿਲਡਿੰਗ ਲਈ ਦੇ ਜਾਓ। ਇਕ ਅਖੰਡ ਪਾਠ ਕਰਵਾ ਜਾਓ 5100 ਰੁਪਏ ਪਹਿਲਾਂ ਹੀ ਦੇ ਦਿਓ, ਜਦੋਂ ਅੱਠ ਸਾਲਾਂ ਬਾਅਦ ਵਾਰੀ ਆਏਗੀ, ਚਿੱਠੀ ਪਾ ਦਿਆਂਗੇ। ਬੜਾ ਪੁੰਨ ਹੋਵੇਗਾ। ਅਗਿਆਨੀ ਸਮਝਦਾ ਹੈ, ਮੈਂ ਤਾਂ ਕੁਛ ਕਰਨਾ ਨਹੀਂ, ਇਹਨਾਂ ਮਸੰਦਾਂ ਨੂੰ ਹੀ ਕੁਛ ਦੇ ਜਾਂਦਾ ਹਾਂ। ਇਹ ਪੰਡਿਤ ਮੇਰਾ ਅੱਖਾਂ ਮੀਟ ਕੇ ਪਾਠ ਕਰ ਦੇਣਗੇ। ਮੈਂ ਸ਼ਾਇਦ ਕੁਰਹਤਾਂ ਕਰਦਾ ਹੋਇਆ ਨਰਕਾਂ ਤੋਂ ਬਚ ਜਾਵਾਂਗਾ। ਉਹ ਇਸੇ ਖੁਸ਼ੀ ਵਿਚ ਭਾਈਆਂ ਨੂੰ ਵੀ ਲੰਗਰ ਛਕਾਉਂਣ ਲੱਗਾ ਸ਼ਰਾਬ ਪਿਆਉਂਦਾ ਹੈ। ਇਹ ਮਸੰਦ ਖੁਸ਼ ਹੋ ਕੇ ਪੀਂਦੇ ਹਨ।

ਜਦ ਅੱਗੇ ਕੋਈ ਦੁਨੀਆਂ ਨਹੀਂ, ਅੱਗੇ ਕੋਈ ਦਰਸ਼ਨ ਨਹੀਂ, ਅੱਗੇ ਕੋਈ ਨਰਕ ਨਹੀਂ, ਕੋਈ ਸਜ਼ਾ ਨਹੀਂ, ਅੱਗੇ ਕੋਈ ਜੂਨਾਂ ਨਹੀਂ। ਮਨਮੁਖ! ਤੂੰ ਇੰਨਾ ਦਾਨ ਕਿਉਂ ਕਰ ਰਿਹਾ ਹੈਂ। ਆਖੰਡ-ਪਾਠ ਕਰਾਉਂਣਾ ਵੀ ਮਨਮੁਖ ਦਾ ਕੰਮ ਹੈ ਤੇ ਕਰਵਾ ਰਿਹਾ ਹੈ। ਮਨਮੁਖ ਜੀ! 90% ਦਾਨ ਦਿੱਤਾ ਹੋਇਆ ਤੇਰਾ ਹੈ। ਤੈਨੂੰ ਫਿਰ ਕਾਹਦਾ ਡਰ ਹੈ? ਘਰ ਟੀ.ਵੀ. ਦੇਖ, ਹੋਟਲ ਵਿਚ ਜਾਹ ਐਸ਼ ਕਰ। 50 ਹਜ਼ਾਰ ਤੋਂ ਇਕ ਲੱਖ ਬੰਦਾ ਰੋਜ਼ ਮੱਥਾ ਟੇਕਣ ਆਉਂਦਾ ਹੈ। 49 ਹਜ਼ਾਰ ਤੋਂ 99 ਹਜ਼ਾਰ ਮਨਮੁਖ ਹੁੰਦੇ ਹਨ। ਬਈ, ਤੁਸੀਂ ਕਿਵੇਂ ਆਏ, ਕੀ ਕਰਨ ਆਏ, ਪ੍ਰਾਪਤੀ ਕੋਈ ਹੋਣੀ ਨਹੀਂ। ਜਿਤਨਾ ਮਨਮੁਖ ਉਤਨਾ ਜ਼ਿਆਦਾ ਅੰਦਰ ਡਰ ਹੈ। ਹਾਏ! ਮੈਨੂੰ ਕਿਸੇ ਤਰ੍ਹਾਂ ਰੱਬ ਬਚਾ ਲਏ। ਕੀ ਕਰੀਏ ਮਨਮੁਖ! ਰੱਬ ਅਸੂਲਾਂ ਦਾ ਹੈ ਤੇਰਾ ਨਹੀਂ। ਤੇਰਾ ਦਾਨ ਦਿੱਤਾ ਰੱਬ ਨੂੰ ਪਰਵਾਨ ਲਈ, ਇਸੇ ਲਈ ਮਸੰਦ ਸ਼ਰਾਬਾਂ ਪੀਂਦੇ ਹਨ। ਸ਼ਰਾਬੀਆਂ ਦੇ ਦਾਨ ਨਾਲ ਸ਼ਰਾਬ ਹੀ ਪੀਣੀ ਹੈ, ਭੁਕੀ ਹੀ ਖਾਣੀ ਹੈ। ਹੋਰ ਕੀ ਸ਼ਰਾਬੀਆਂ ਦੇ ਦਾਨ ਨਾਲ ਸਿਮਰਨ ਕਰਨ, ਸੁਰਤੀ ਲਾਉਂਣ, ਦਰਸ਼ਨ ਹੋ ਜਾਣਗੇ, ਸਚਖੰਡਿ ਪਹੁੰਚ ਜਾਣਗੇ ਪੰਡਿਤ। ਕੀ ਹੋਏਗਾ? ਉਹੀ ਹੋਏਗਾ, ਜੋ ਹੋ ਰਿਹਾ ਹੈ।

ਗੁਰਦੁਆਰੇ ਲੜਾਈਆਂ ਦਾ ਕਾਰਣ ਇਹ ਮਨਮੁਖ ਹਨ, ਇਹਨਾਂ ਦਾ ਦਿੱਤਾ ਦਾਨ ਹੈ। ਪੈਸੇ ਪਿਛੇ ਲੜਾਈਆਂ ਹਨ। ਬੰਦਾ ਲੜਦਾ ਹੀ ਨਹੀਂ, ਮਾਇਆ ਲੜਾਉਂਦੀ ਹੈ।

ਜੇ ਮਨਮੁਖਾਂ ਨੂੰ ਗੁਰਦੁਆਰੇ ਜਾਣ ਤੋਂ ਰੋਕ ਦਿੱਤਾ ਜਾਏ ਤਾਂ ਗੁਰਦੁਆਰੇ ਦਾ ਵਾਤਾਵਰਨ ਸ਼ਾਂਤ ਹੋ ਜਾਏ। ਸਹਜ ਆ ਜਾਏ, ਸਾਰਿਆਂ ਨੂੰ, ਰੱਬ ਮਿਲ ਜਾਏ। ਸਿਮਰਨ ਸੁਰਤੀ ਲੱਗਣੀ ਸ਼ੁਰੂ ਹੋ ਜਾਏ। ਪਰਤੱਖ ਰੱਬ ਨਜ਼ਰ ਆਉਂਣਾ ਸ਼ੁਰੂ ਹੋ ਜਾਏ । ਬਸ ਫਿਰ ਮਿਹਰ ਹੀ ਮਿਹਰ ਹੈ। ਹੋਰ ਕੀ ਚਾਹੀਦਾ ਹੈ ?

ਇਹ ਸਮਝ ਕਦੋਂ ਆਏਗੀ, ਮੇਰਾ ਵਾਹਿਗੁਰੂ ਹੀ ਜਾਣੇ। ਜਦੋਂ ਉਸਦਾ ਹੁਕਮ ਹੋ ਗਿਆ। ਉਸ ਦਾ ਹੁਕਮ ਬਹੁਤ ਡਾਢਾ ਹੈ ਕਿਉਂਕਿ ਉਹ ਆਪ ਹੀ ਡਾਢਾ ਹੈ। ਬੇ-ਪਰਵਾਹ ਹੈ, ਬੇ-ਮੁਥਾਜ ਹੈ। ਦੁਨੀਆਂ ਨੂੰ ਬਦਲਣ ਲੱਗਾ, ਮਾਰਨ ਲੱਗਿਆਂ, ਇਕ ਮਿੰਟ ਹੀ ਲਾਉਂਦਾ ਹੈ। ਫਿਰ ਦਿਨ ਨਹੀਂ ਚੜ੍ਹਦਾ, ਰਾਤੋ ਰਾਤ ਹੀ ਕੰਮ ਕਰ ਦੇਂਦਾ ਹੈ। ਭੂਚਾਲ-ਸੁਨਾਮੀ ਤੁਹਾਡੇ ਹੁਕਮ ਅਨੁਸਾਰ ਆਏ ਹਨ? ਤੁਸੀਂ ਬਚਾਓ ਕਰ ਲੈਣਾ ਸੀ। ਲੱਖਾਂ ਮਨਮੁਖ ਮਰਵਾ ਦਿੱਤੇ। ਇਸੇ ਤਰ੍ਹਾਂ ਸਾਰੀ ਦੁਨੀਆਂ ਖਤਮ ਕਰ ਸਕਦਾ ਹੈ ਬਾਬਾ ਨਾਨਕ। ਹੁਣ ਸਾਰੇ ਪਾਸੇ ਭੂਚਾਲ ਕਿਉਂ ਆ ਰਹੇ ਹਨ? ਚਿਤਾਵਨੀ ।

ਹੁਣ ਸੁਣੋ ਰੱਬ ਦੀ ਗੱਲ। ਬਾਬਾ ਨਾਨਕ ਹੀ ਰੱਬ ਹੈ। ਦਸੇ ਪਾਤਿਸ਼ਾਹੀਆਂ ਰੱਬ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਹਿਗੁਰੂਆਂ ਦੇ ਵਾਹਿਗੁਰੂ। ਜੇ ਅੱਗੇ ਦੁਨੀਆਂ ਨਾ ਹੁੰਦੀ ਸਚਖੰਡੁ ਨਾ ਹੁੰਦਾ, ਨਰਕਾਂ ਨਾ ਹੁੰਦੀਆਂ ਕੋਈ ਇਨਸਾਫ ਨਾ ਹੁੰਦਾ; ਕੋਈ ਸਜਾਵਾਂ ਨਾ ਹੁੰਦੀਆਂ, ਜਮਦੂਤ ਨਾ ਹੁੰਦੇ, ਧਰਮ ਰਾਜ ਨਾ ਹੁੰਦਾ, ਜੂਨਾਂ ਨਾ ਹੁੰਦੀਆਂ ਤਾਂ ਹਰਿਮੰਦਰ ਸਾਹਿਬ ਜੀ ਜਗਾਹ ਇਕ Seven Star ਹੋਟਲ ਹੁੰਦਾ। ਹੋਟਲ 100 ਮੰਜ਼ਲਾਂ ਹੁੰਦਾ । 100ਵੀਂ ਮੰਜ਼ਿਲ ਤੇ Brothel ਹੁੰਦਾ। ਕਾਕਾ ਜੀ! ਪੁਤਰੋ! ਦੁਨੀਆਂ ਸਾਰੀਆਂ ਮੈਂ ਸਾਜੀ ਹੈ, ਮੈਂ ਹੀ ਸਾਰੀ ਸ੍ਰਿਸ਼ਟੀ ਦਾ ਕਰਤਾ ਹਾਂ, ਕਰਨਹਾਰ ਹਾਂ, ਪਾਲਣਹਾਰ ਹਾਂ ਇਸੇ ਲਈ ਇਹ Seven Star ਹੋਟਲ ਬਣਾਇਆ ਹੈ। ਜਿੰਦਗੀ ਦਿੱਤੀ ਹੈ, ਅੱਗੇ ਕੁਛ ਵੀ ਨਹੀਂ, ਐਸ਼ ਕਰਕੇ ਆਉਂਣਾ, ਖਾ ਪੀ ਕੇ, ਅਯਾਸ਼ੀ ਕਰਕੇ, ਸਾਰੇ ਭੋਗ ਭੋਗ ਕੇ ਮਰਨਾ-ਕੋਈ ਪੁਛ ਗਿਛ ਨਹੀਂ ਹੈ ਅੱਗੇ।

ਬਾਬਾ ਤਾਂ ਲਿਖਦਾ ਹੈ।

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥**

**ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥**

ਵਡਾ ਹੋਆ (ਸਰੀਰ ਮਰ ਗਿਆ) ਦੁਨੀਦਾਰ ਗਲਿ ਸੰਗਲੁ ਘਤਿ ਚਲਾਇਆ॥
ਥਾਉ ਨ ਹੋਈ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਦਰਿ ਲੈ ਲੇਖਾ ਪੀੜ ਛੁਟੈ ਨਾਨਕਾ ਜਿਉ ਤੇਲੁ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਜਾ ਜਮ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ॥ ਆਰੇ ਨਾਲ ਚੀਰ ਦਿੱਤਾ।
ਜਿਨ ਦਰਸਨੁ ਸਤਿਗੁਰ ਸਤਪੁਰਖ ਨ ਪਾਇਆ ਤੇ ਭਾਗ ਹੀਣ ਜਮਿ ਮਾਰੇ॥
ਸੇ ਕੂਕਰ ਸੂਕਰ ਦਰਧਭ ਪਵਹਿ ਗਰਭ ਜੋਨੀ ਦਯਿਮਾਰੇ ਮਹਾ ਹਤਿਆਰੇ॥
ਸੇ ਭਾਗਹੀਣ ਪਾਪੀ ਜਮਿ ਖਾਇਆ॥
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ,
ਨਾਨਕ ਜਮਪੁਰਿ ਕਰੇ ਖੁਆਰ॥
ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ॥
ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤ ਹੈ, ਤਿਸ ਨਾਮ ਪਰਿਓ ਹੈ ਧ੍ਰਕਟੀ॥
ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥
ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ॥
ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ॥

ਹੁਣ ਦੱਸੋ, ਇਹ ਧੁਰਿ ਕੀ ਬਾਣੀ ਨੂੰ ਕੀ ਕਰੀਏ? ਬਾਬੇ ਦੇ ਆਖੇ ਲਗੀਏ ਕਿ ਮਨਮੁਖ ਤੇਰੇ ਵਰਗੇ ਬਣ ਜਾਈਏ।

ਬਾਬੇ ਨੇ ਹਰਿਮੰਦਰ ਸਾਹਿਬ ਬੋਲਦੇ ਸੁਣਦੇ ਵਾਹਿਗੁਰੂ ਦਾ ਪ੍ਰਕਾਸ਼ ਕੀਤਾ ਹੈ। ਤੂੰ ਵੀ ਵਿਚਾਰ ਕੇ ਦੇਖ ਲੈ। ਸ਼ਾਇਦ ਤੇਰਾ ਭਲਾ ਹੋ ਜਾਏ। ਅੰਮ੍ਰਿਤ ਦੀ ਦਾਤਿ ਮਿਲ ਜਾਏ।

## ਅਸਲ ਦਰਸ਼ਨ ਕਿਵੇਂ ਹੁੰਦੇ ਹਨ?

ਤੁਸੀਂ ਪਰੈਕਟੀਕਲ ਦੇਖਣਾ ਚਾਹੁੰਦੇ ਹੋ। ਆਪਣੇ ਬੱਚੇ ਨੂੰ ਅੰਮ੍ਰਿਤ ਛਕਾਓ। ਹੁਣ ਸਿਮਰਨ ਤੇ ਬੈਠਾਓ-ਵਾਹਿਗੁਰੂ ਵਾਹਿਗੁਰੂ ਜਪੀ ਚਲੋ। ਅਰਦਾਸ ਕਰੋ, ਅਸੀਂ ਸਚਖੰਡੂ ਬਾਰੇ ਜਾਨਣਾ ਚਾਹੁੰਦੇ ਹਾਂ, ਹੈ ਕਿ ਨਹੀਂ। ਬੱਚੇ ਨੂੰ (10 ਸਾਲ ਤੋਂ ਛੋਟਾ ਹੋਵੇ) 5 ਵਾਰੀ ਬਿਠਾਓ। ਹਫਤੇ ਦੇ ਵਿਚ ਵਿਚ ਤੁਹਾਨੂੰ ਦੱਸ ਦੇਵੇਗਾ। ਨਰਕਾਂ ਤੇ ਸਚਖੰਡ ਬਾਰੇ। ਫਿਰ ਯਕੀਨ ਕਰੋਗੇ। ਕਰਕੇ ਦੇਖੋ। ਟੀ.ਵੀ. ਬੰਦ ਕਰੋ। ਗੁਰਦੁਆਰਿਆਂ ਵਿਚ ਸਿਮਰਨ-ਸੁਰਤੀ ਜ਼ਿਆਦਾ ਹੋਣੀ ਚਾਹੀਦੀ ਹੈ, ਗਾਣੇ ਘੱਟ। ਕਥਾ ਠੀਕ ਹੋਣੀ ਚਾਹੀਦੀ ਹੈ। ਤਾਂ ਕਿ ਜੀਵ ਨੂੰ ਸਮਝ ਆਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਦਰਸ਼ਨ ਕਰਨ ਲਈ ਦੋ ਗੱਲਾਂ ਲਿਖੀਆਂ ਹਨ: (1) ਅੰਮ੍ਰਿਤ ਛੱਕ ਲੈ (2) ਵਾਹਿਗੁਰੂ ਨਾਮ ਜਪੀ ਚਲ, ਅੰਦਰੋਂ ਸੁਨਣ ਲੱਗ ਪਏਗਾ, ਵੈਰਾਗ ਆਏਗਾ, ਅੰਮ੍ਰਿਤ-ਰਸ ਆਏਗਾ, ਪ੍ਰਕਾਸ਼ ਹੋਏਗਾ, ਲਾਈਟ ਆਏਗੀ, ਚਾਨਣ ਹੋਏਗਾ, ਗੁਰੂ ਸਾਹਿਬ ਦੇ ਦਰਸ਼ਨ ਹੋਣਗੇ, ਗੁਰੂ ਸਾਹਿਬ ਦੇ ਨਾਲ ਸਚਖੰਡਿ ਜਾਏਂਗਾ। ਕਰਕੇ ਦੇਖ ਲੈ। ਅਸੀਂ ਸਿਮਰਨ ਤੋਂ ਟੁੱਟ ਗਏ, ਸੁਰਤੀ ਲਾਉਂਦੇ ਹੀ ਨਹੀਂ। ਕਥਾ ਸ਼ਬਦਾਂ ਤਕ ਸੀਮਤ ਰਹਿ ਗਈ। ਉਹ ਵੀ ਦਰਬਾਰ ਸਾਹਿਬ ਤੋਂ ਹੁੰਦੀ ਹੀ ਨਹੀਂ। ਸਿਮਰਨ ਹੁੰਦਾ ਹੀ ਨਹੀਂ, ਸੁਰਤੀ ਲੱਗਦੀ ਹੀ ਨਹੀਂ। ਅਗਲੀ ਦੁਨੀਆਂ ਦੀ ਕੋਈ ਗੱਲ ਹੀ ਨਹੀਂ ਹੁੰਦੀ। ਸਿੱਖੀ ਕਿਉਂ ਨਾ ਪਤਿਤ ਹੋਵੇ? ਦਰਸ਼ਨਾਂ ਦੀ ਮਿਲਾਪ ਦੀ ਤਾਂ ਕੋਈ ਵੀ ਗੱਲ ਨਹੀਂ ਕਰਦਾ। ਗਾਣੇ ਹੀ ਗਾਣੇ। ਸਰੀਰ ਕਰਨ ਕੀ ਆਇਆ ਹੈ? ਰੱਬ ਨੂੰ ਮਿਲਣ ਆਇਆ ਹੈ।

**ਦਰਸਨ ਦੇਖ ਜੀਵਾ ਗੁਰ ਤੇਰਾ॥** ਕੀ ਹੈ ?

**ਮਿਲੈ ਪ੍ਰਤਖ ਗੁਸਾਈਆ ਧਨਾ ਵਡਭਾਗਾ॥** ਇਹ ਕੀ ਹੈ?

ਰੱਬ ਹੈ ਤਾਂ ਹੀ ਪ੍ਰਤੱਖ ਮਿਲਿਆ ਹੈ। ਨਾ ਹੁੰਦਾ ਨਾ ਪ੍ਰਤੱਖ ਮਿਲਦਾ।

ਰੱਬ ਅਕਾਲ ਮੂਰਤਿ ਹੈ। ਉਸਦਾ ਅਕਾਰ ਸਮੇਂ ਦੇ ਪ੍ਰਭਾਵ ਤੋਂ ਰਹਿਤ ਹੈ। ਮਰਦਾ ਨਹੀਂ, ਬੁਢਾ ਨਹੀਂ ਹੁੰਦਾ। ਉਸ ਅਕਾਰ ਦਾ ਪ੍ਰਕਾਸ਼ ਦਾ ਕੋਈ ਚੱਕਰ ਚਿਹਨ ਨਹੀਂ ਹੈ । ਅਨੁਭਵੀ ਪ੍ਰਕਾਸ਼ ਹੈ। ਨੂਰ ਹੈ। **ਜਿਮੀ ਜਮਾਂ ਕੇ ਬਿਖੈ ਸਮਸਤ ਏਕੁ ਜੋਤਿ ਹੈ॥** ਜੋਤ। ਇਹ ਪ੍ਰਕਾਸ਼ ਧਰਤੀ ਤੋਂ ਅਕਾਸ਼ ਤਕ ਹੈ। ਆਪਣੇ ਅੰਦਰ ਵੀ ਹੈ। ਨੂਰ-ਬਹੁਤ ਬਹੁਤ ਪ੍ਰਕਾਸ਼ ਸਚਖੰਡਿ ਵੀ ਹੈ। ਸੁਰਤੀ ਲਾ ਕੇ ਦੇਖ ਲੈ। ਮੇਰੇ ਤੇ ਯਕੀਨ ਨਾ ਕਰ।

**ਪ੍ਰਥਮੈ ਮਨ ਪ੍ਰਬੋਧੇ ਆਪਣਾ ਪਾਛੈ ਅਵਰ ਰੀਝਾਵੈ॥** ਅਤਿਵਾਦ ਕੀ

ਹੈ, ਕਿਆ ਚੰਗਾ ਹੁੰਦਾ ਅਤਿਵਾਦ ਘਰੋਂ ਸ਼ੁਰੂ ਕਰਦੇ। ਸਾਰੇ ਖਾਲਸਾ ਸਕੂਲ, ਗੁਰੂ ਨਾਮ ਲੇਵਾ ਸਕੂਲ, ਪੰਥ ਨਾਲ ਸੰਬੰਧਤ ਸਕੂਲ ਕਾਲਜ, ਇੰਸੀਟਿਊਸ਼ਨ, IITI ਸ਼ੁਰੂ ਕਰੋ ਅਤਿਵਾਦ-ਸਾਰੇ ਬੱਚੇ (15/20 ਲੱਖ ਬੱਚੇ ਹਨ) ਅੰਮ੍ਰਿਤਧਾਰੀ ਹੋ ਜਾਣ, ਮਹੀਨੇ ਦੇ ਵਿਚ ਵਿਚ। ਸਾਰੇ ਅਧਿਆਪਕ-ਮਾਸਟਰ-ਪ੍ਰੋਫੈਸਰ ਅੰਮ੍ਰਿਤਧਾਰੀ ਹੋ ਜਾਣ। ਸਾਰੀ ਮੈਨਜ਼ਮੈਂਟ ਅੰਮ੍ਰਿਤਧਾਰੀ ਹੋ ਜਾਏ। ਸਿਮਰਨ ਕਰਨ-ਗੁਰਬਾਣੀ ਵਿਚਾਰਨ-ਸਾਰੇ ਬੱਚੇ ਵਾਰੀ ਸਿਰ ਰੋਜ਼ ਪਰੇਅਰ ਵਿਚ ਕੀਰਤਨ ਕਰਨ-ਅਰਦਾਸ ਕਰਨ-ਕਥਾ ਕਰਨ। ਹੁਣ ਪੜ੍ਹਾਈ ਦਾ ਮਿਆਰ ਸਾਰਿਆਂ ਤੋਂ ਵਧੀਆ। ਪੰਜਾਬ ਵਿਚੋਂ ਫਸਟ ਤੁਹਾਡਾ ਬੱਚਾ। ਮਾਂ-ਪਿਓ ਤਰਸਨ, ਤੁਹਾਡੇ ਸਕੂਲ ਵਿਚ ਦਾਖਲਾ ਲੈਣ ਲਈ। ਸਾਰੇ ਮਾਂ ਪਿਓ ਅੰਮ੍ਰਿਤਧਾਰੀ ਹੋਵੋ ਤਾਂ ਦਾਖਲਾ ਮਿਲੇਗਾ। ਸਾਰੇ ਪਾਸੇ ਸਿਖੀ ਹੀ ਸਿਖੀ ਨਜ਼ਰ ਆਉਂਦੀ। ਹੁਣ ਆਓ ਗੁਰਦੁਆਰਿਆਂ ਵਲ। ਇਕ ਘੰਟਾ ਸਿਮਰਨ ਹੋਵੇਗਾ, ਇਕ ਘੰਟਾ ਗੁਰਬਾਣੀ ਵਿਚਾਰ, ਇਕ ਘੰਟਾ ਕੀਰਤਨ। ਸਾਰੀ ਕਮੇਟੀ ਅੰਮ੍ਰਿਤਧਾਰੀ ਹੋਵੇ। ਸਾਰੇ ਸੇਵਕ ਅੰਮ੍ਰਿਤਧਾਰੀ ਹੋ ਜਾਓ, ਜਿਵੇਂ ਤੁਹਾਡਾ ਰੋਹਬ ਸੀ, ਕ੍ਰਿਪਾਨ ਨਹੀਂ ਸੀ ਲਭਣੀ ਪਾਉਂਣ ਨੂੰ। ਤੁਸੀਂ ਕੀ ਕੀਤਾ, ਬੰਦੇ ਮਾਰਨੇ ਸ਼ੁਰੂ ਕਰ ਦਿੱਤੇ। ਸਰਕਾਰ ਨੇ ਤੁਹਾਨੂੰ ਮਾਰ ਮੁਕਾਇਆ। ਤੁਸੀਂ ਸੋਚੋ-ਫਾਇਦਾ ਕੀ ਹੋਇਆ? ਲੰਬੀ ਸੋਚ ਸੋਚੋ। ਆਪਣੀ ਕੌਮ ਮਰਵਾ ਲਈ, ਆਪਣੀ ਨੌਜਵਾਨ ਪੀੜੀ ਮਰਵਾ ਲਈ। ਆਪਣੇ IPS Officer ਮਰਵਾ ਲਏ। ਪੁਲਿਸ ਅਫਸਰ ਮਰਵਾ ਲਏ। ਮਰਨ ਵਾਲਾ ਸਿਖ, ਮਾਰਨ ਵਾਲੇ ਸਿਖ ਧੰਨ ਹੈ ਸਿੱਖੀ। ਮੱਤ (ਅਕਲ) ਹੈ ਤਾਂ ਸਿੱਖ ਨਹੀਂ। ਸਿੱਖ ਹੈ ਤਾਂ ਮੱਤ ਨਹੀਂ। ਦੋਵੇ ਹਨ ਤਾਂ ਇਕ (ਏਕਾ) ਨਹੀਂ। ਏਕਾ ਹੋਣ ਨਹੀਂ ਦੇਣਾ। 6 ਅਕਾਲੀ ਦਲ (ਅਕਲੋਂ ਖਾਲੀ) ਏਕਤਾ ਨਹੀਂ ਹੋਣ ਦੇਣੀ। ਇਕ ਹੋ ਗਏ ਤਾਂ ਕੰਮ ਖਰਾਬ ਹੋ ਸਕਦਾ ਹੈ। ਨਾਦਰ ਸ਼ਾਹ ਕਹਿ ਗਿਆ ਸੀ ਜੇ ਕੌਮ ਇਕ ਹੋ ਗਈ ਤਾਂ ਪੰਜਾਬ ਤਾਂ ਕੀ ਭਾਰਤ ਤੇ ਰਾਜ ਕਰ ਸਕਦੀ ਹੈ। ਸਾਨੂੰ ਅਕਲ ਆ ਹੀ ਨਹੀਂ ਸਕਦੀ। ਸਿਖ ਦਾ ਦਿਮਾਗ ਹੀ ਨਹੀਂ ਪਾਇਆ ਰੱਬ ਨੇ। ਗੁਰਬਾਣੀ ਨਾਲ ਜੁੜੀਏ ਤਾਂ ਅਕਲ ਆਉਂਦੀ ਹੈ।

**ਪ੍ਰਭਿ ਕੈ ਸਿਮਰਨ ਗਿਆਨੁ ਧਿਆਨੁ ਤਤੁ ਬੁਧਿ ॥**

ਇਹ ਕੰਮ ਸਿੱਖ ਨਹੀ ਕਰ ਸਕਦੇ। ਲੜ ਸਕਦੇ ਹਨ। ਸਾਰੇ ਹੀ ਸ਼ੇਰ ਹਨ।

ਖੇਡ ਸਾਰੀ ਸੂਖਸ਼ਮ ਹੈ, ਜਿਸ ਨੂੰ ਕੋਈ ਸਾਧ-ਸੰਤ-ਸਿਖ ਜਾਣਦਾ ਹੀ ਨਹੀਂ। ਪਰਚਾਰ ਕਿਵੇਂ ਕਰੀਏ?

ਪੰਜ ਭੂਤਕ ਸਰੀਰ ਸਾਨੂੰ ਮਾਂ-ਪਿਓ ਤੋਂ ਮਿਲਿਆ ਹੈ। ਅੰਦਰਲੀ ਜੋਤ

ਆਤਮਾ-ਪ੍ਰਕਾਸ਼-ਰੂਹ-ਆਤਮਾ ਵੀ ਸਰੀਰ ਹੈ, ਸੂਖਸ਼ਮ ਸਰੀਰ। ਜਿਵੇ ਅੱਜ ਦਰਸ਼ਨ ਹੋਏ, ਗੁਰੂ ਸਾਹਿਬ ਦੇ, ਗੁਰੂ ਸਾਹਿਬ ਦਾ ਕੇਹੜਾ ਸਰੀਰ ਹੈ ਕਿਹੜੇ ਸਰੀਰ ਦੇ ਦਰਸ਼ਨ ਹੋਏ। ਬਾਣਾ ਪੂਰਾ ਸੀ, ਕਲਗੀ ਵੀ ਲੱਗੀ ਹੋਈ ਸੀ। ਪੰਜ ਭੂਤਕ ਸਰੀਰ ਤਾਂ ਇਥੇ ਹੀ ਛੱਡ ਗਏ ਸਨ। ਚਾਰ ਗੁਰੂਆਂ ਦਾ ਸਰੀਰ ਨਹੀਂ ਸੀ ਮਿਲਿਆ, ਇਹ ਦੱਸਣ ਲਈ ਕਿ ਅਸੀਂ ਮਾਸ ਦੇ ਸਰੀਰ ਨਹੀਂ ਹਾਂ। ਰੱਬੀ ਜੋਤ ਦੇ ਸਰੀਰ ਹਾਂ, ਸੂਖਸ਼ਮ ਸਰੀਰ ਹਾਂ, ਜੋ ਅਬਿਨਾਸੀ ਹੈ, ਕਦੀ ਮਰਦਾ ਨਹੀਂ। ਹਮੇਸ਼ਾ ਸਦੀਵੀ ਰਹਿੰਦਾ ਹੈ। ਉਹੀ ਰੱਬੀ ਜੋਤ ਦਾ ਸਰੀਰ-ਸੂਖਸ਼ਮ ਸਰੀਰ ਸਾਡੇ ਅੰਦਰ ਵੀ ਹੈ। ਅਸੀਂ ਵੀ ਅਬਿਨਾਸ਼ੀ ਹਾਂ, ਵਾਹਿਗੁਰੂ ਦੇ ਪੁੱਤਰ ਵਾਹਿਗੁਰੂ ਹਾਂ। ਇਹ ਖੇਡ ਹੈ ਰੱਬ ਦੀ। ਇਹ ਗੰਦੇ ਮਾਸ ਦੇ ਸਰੀਰ ਵਿਚੋਂ ਰੱਬੀ ਜੋਤ ਦਾ ਸਰੀਰ ਲੱਭ। ਬਾਬੇ ਨਾਨਕ ਦੀ ਬਖਸ਼ਿਸ਼ ਤੋਂ ਬਗੈਰ ਲੱਭ ਨਹੀਂ ਸਕਦਾ। ਇਸ ਨੂੰ ਅੰਦਰੋਂ ਲੱਭਣ ਲਈ ਬਹੁਤ ਮਿਹਨਤ ਦੀ ਲੋੜ ਹੈ, ਬਹੁਤ ਬਖਸ਼ਿਸ਼ ਦੀ ਲੋੜ ਹੈ। ਉਹ ਸਿਖ ਕਰ ਨਹੀਂ ਸਕਦਾ। ਨਾ ਮਿਹਨਤ ਕਰ ਸਕਦਾ ਹੈ ਨਾ ਬਖਸ਼ਿਸ਼ ਲੈਣਾ ਚਾਹੁੰਦਾ ਹੈ। ਉਹ ਅਗਿਆਨੀ ਜਾਹਲ ਹੀ ਸੰਤ ਹੈ, ਬਾਬਾ ਹੈ, ਮਹਾਂਪੁਰਖ ਹੈ, 108 ਹੈ, 1008 ਹੈ। ਅਜ ਦੀ ਤਾਰੀਕ ਵਿਚ ਕੋਈ ਸੰਤ ਬਾਬਾ ਰੱਬ ਨੂੰ ਨਹੀਂ ਜਾਣਦਾ। ਅਗਰ ਕੋਈ ਜਾਣਦਾ ਹੈ ਤਾਂ ਗੁਰਸਿਖ ਜਾਣਦਾ ਹੈ। ਨਿਮਾਣਾ ਗੁਰਸਿਖ, ਨਿਤਾਣਾ ਗੁਰਸਿਖ। ਹਉਮੈ ਤੋਂ ਰਹਿਤ ਗੁਰਸਿਖ। ਗੁਰਬਾਣੀ ਦਾ ਗਿਆਤਾ ਗੁਰਸਿਖ, ਸਿਮਰਨ ਵਿਚ ਸੁਰਤੀ ਲਾਉਂਣ ਵਾਲਾ ਗੁਰਸਿਖ, ਚਰਨ ਧੂੜ ਲੈਣ ਵਾਲਾ ਗੁਰਸਿਖ, ਸਰਬਤ ਦਾ ਭਲਾ ਮੰਗਣ ਵਾਲਾ ਗੁਰਸਿਖ, ਪਰਉਪਕਾਰੀ ਗੁਰਸਿਖ ਜੋ ਸਾਰਿਆਂ ਵਿਚ ਗੁਰਸਿਖੀ ਦੇਖਣਾ ਚਾਹੁੰਦਾ ਹੈ।

ਇਸੇ ਤਰ੍ਹਾਂ ਸਚਖੰਡੁ ਹੈ, ਸੂਖਸ਼ਮ ਹੈ (ਜਗਾਹ ਹੈ ਪਰ ਦਿਸਦੀ ਨਹੀਂ) ਆਤਮਾ-ਰੱਬੀ ਜੋਤ ਦਾ ਸਰੀਰ ਹੀ ਰੱਬ ਨੂੰ ਸਚਖੰਡੁ ਨੂੰ ਜਮਦੂਤਾਂ ਨੂੰ ਧਰਮਰਾਜ ਨੂੰ ਦੇਖ ਸਕਦਾ ਹੈ। ਇਹ ਸਰਰਿ ਨਹੀਂ ਦੇਖ ਸਕਦਾ। ਅੰਦਰਲੇ ਰੱਬੀ ਜੋਤ ਦੇ ਸੂਖਸ਼ਮ ਸਰੀਰ ਨੂੰ ਇਸ ਸਰੀਰ ਤੋਂ ਬਾਹਿਰ ਕਢਨਾ ਹੈ, ਉਹ ਦਸਮ-ਦੁਆਰ ਵਿਚੋਂ ਬਾਹਿਰ ਆਉਂਦਾ ਹੈ। ਜਿਹਨਾਂ ਚਿਰ ਉਸ ਨੂੰ ਇਸ ਮਾਸ ਦੇ ਸਰੀਰ ਦੀ ਪਕੜ ਹੈ, ਉਹ ਬਾਹਰ ਨਹੀਂ ਆ ਸਕਦਾ। ਸਰੀਰ ਨਾਲ ਪਿਆਰ ਹੈ, ਪਰਵਾਰ ਨਾਲ ਪਿਆਰ ਹੈ, ਕੰਮ ਕਾਰ ਨਾਲ ਮੋਹ ਹੈ, ਮਾਇਆ ਨਾਲ ਮੋਹ ਹੈ, ਲੋਕ-ਲਾਜ ਹੈ। ਕੋਈ ਵਿਕਾਰ ਹੈ। ਕਾਮ ਹੈ ਕ੍ਰੋਧ ਹੈ, ਲੋਹ ਮੋਹ ਹੰਕਾਰ ਹੈ, ਈਰਖਾ ਦਵੈਖ ਹੈ, ਤੇਰ-ਮੇਰ ਵਿਤਕਰਾ-ਸਰੀਕਾ ਹੈ। ਸਿਆਣਪ ਹੈ, ਚਤੁਰਾਈ ਹੈ, ਅੰਦਰ ਪੜ੍ਹਾਈ ਹੈ, ਇਹਨਾਂ ਵਿਕਾਰਾਂ ਨੇ ਹੀ ਤਾਂ ਕੈਦ ਕੀਤਾ ਹੋਇਆ ਹੈ, ਰੱਬੀ ਜੋਤ ਦੇ ਸੂਖਸ਼ਮ

ਸਰੀਰ ਨੂੰ । ਉਹ ਬਾਹਿਰ ਨਹੀਂ ਆਉਂਦਾ। ਜੇ ਬਾਹਿਰ ਨਹੀਂ ਆਉਂਦਾ ਤਾਂ ਕੁਛ ਵੀ ਦੇਖ ਨਹੀਂ ਸਕਦਾ। ਇਸ ਲਈ ਕੁਛ ਹੈ ਹੀ ਨਹੀਂ। ਵਿਦਵਤਾ ਬਾਹਿਰ ਨਹੀਂ ਆਉਂਣ ਦੇਂਦੀ। ਜਦੋਂ ਬਾਹਿਰ ਨਹੀਂ ਆਇਆ ਤਾਂ ਆਪਣਾ ਮੂਲ ਨਹੀਂ ਪਛਾਣ ਸਕਦਾ, ਜੇ ਮੂਲ ਨਹੀਂ ਪਛਾਂਣਦਾ ਤਾਂ ਕਰਨ ਕੀ ਆਇਆ ਸੀ। ਬਸ! ਇਹ ਵਿਦਵਤਾ, ਸਿਆਣਪ, ਚਤੁਰਾਈ, ਪੜ੍ਹਾਈ, ਲੋਕ ਲਾਜ ਸੋਸਾਇਟੀ-ਸਮਾਜ ਹੀ ਕਾਂ ਹੈ, ਕਾਂ ਬਹੁਤ ਸਿਆਣਾ ਹੁੰਦਾ ਹੈ, ਪਰ ਖਾਂਦਾ ਗੂੰਹ ਹੀ ਹੈ। ਭਾਈ ਰਣਧੀਰ ਸਿੰਘ ਤੋਂ ਬਗੈਰ ਕਿਸੇ ਦੀ ਰੂਹ ਬਾਹਰ ਨਹੀਂ ਨਿਕਲੀ ਨਾ ਹੀ ਕੋਈ ਜਾਣਦਾ ਹੈ ਜੇ ਤੁਹਾਡੀ ਰੂਹ ਬਾਹਰ ਨਿਕਲ ਕੇ ਸਚਖੰਡਿ ਜਾਵੇ ਤਾਂ ਤੁਹਾਨੂੰ ਪਤਾ ਲੱਗੇ ਸੰਤ ਸਾਰੇ ਹੀ ਪਾਖੰਡੀ ਹਨ, ਵਿਕਾਰੀ ਹਨ, ਅਗਿਆਨੀ ਹਨ, ਮਾਇਆਧਾਰੀ ਹਨ, ਸਰਕਾਰੀ ਹਨ, BJP ਦੇ ਹਨ, RSS ਦੇ ਬੰਦੇ ਹਨ। ਸਿਖ ਤਾਂ ਸੁੱਤਾ ਪਿਆ ਹੈ ਘੁਰਾੜੇ ਮਾਰ ਕੇ ਸੌਂਦਾ ਹੈ। ਸਿਖ ਨੂੰ ਗੁੰਮਰਾਹ ਕਰਨਾ ਹੈ ਕਿਤੇ ਇਕੱਠੇ ਨਾ ਹੋ ਜਾਣ-ਰਾਜ ਨ ਕਰ ਲਏ। ਸ਼ਾਮ-ਦਾਮ ਦੰਡ-ਭੇਦ ਚਾਰੇ ਤਰੀਕੇ ਵਰਤ ਕੇ। ਤੁਹਾਨੂੰ ਚਾਰੇ ਤਰੀਕੇ ਵਰਤਨ ਦੀ ਲੋੜ ਨਹੀ-ਅਸੀਂ ਮਾਇਆ ਦੇ ਭੁੱਖੇ ਮਾਇਆ ਦੇ ਲਾਲਚ ਵਿਚ ਉਜੜੇ ਰਹਾਂਗੇ, ਕੌਮ ਨੂੰ ਉਜਾੜੀ ਰਖਾਂਗੇ ਇੱਕਠੇ ਨਹੀਂ ਹੋਣ ਦਿਆਂਗੇ ਪਰ ਮੈਨੂੰ 37 ਹਜ਼ਾਰ ਕਰੋੜ ਰੁਪਏ ਚਾਹੀਦਾ ਹੈ । ਸਾਰੀ ਕੌਮ ਮਰਵਾ ਦਿਆਂਗਾ। ਤੁਸੀਂ ਬਸ! ਮੇਰਾ ਖਿਆਲ ਰਖਣਾ। ਮਰਵਾ ਦਿੱਤੀ। ਹਮਲਾ ਕਿੰਨੇ ਕਰਵਾਇਆ। ਜੇ ਦਸਮ-ਦੁਆਰ ਦੀ ਗੱਲ ਸਮਝ ਜਾਈਏ, ਸੂਖਸ਼ਮ ਸਰੀਰ ਦੀ ਗੱਲ ਸਮਝ ਜਾਈਏ, ਦਰਸ਼ਨਾਂ ਨੂੰ ਪ੍ਰਤੱਖ ਦਰਸ਼ਨਾਂ ਨੂੰ ਤਾਂ ਇਹੋ ਜਿਹਾ ਭਾਣਾ ਹੀ ਨਾ ਵਰਤੇ। ਕਾਮਰੇਡਾ ਦੀ, ਨਾਸਤਿਕਤਾ ਦੀ ਪੜ੍ਹਾਈ ਪੜ੍ਹਾਈ ਜਾਂਦੇ ਹਨ। ਬੱਚੇ ਵਿਕਾਰੀ ਹੋਈ ਜਾਂਦੇ ਹਨ। IPS ਅਫਸਰ ਈਮਾਨਦਾਰ ਹੋਵੇ। IAS ਅਫਸਰ ਈਮਾਨਦਾਰ ਹੋਵੇ, ਦਿਖਾ ਦਿਓ। ਪੜ੍ਹਾਈ ਨੇ ਨੁਕਸਾਨ ਕੀਤਾ ਤੇ ਫਾਇਦਾ। ਉਹ ਪੜ੍ਹਾਈ ਦਾ ਕੀ ਫਾਇਦਾ ਜੋ ਰੱਬ ਨਾਲ ਨਹੀਂ ਜੋੜਦੀ। ਉਹ ਪੜ੍ਹਾਈ ਦਾ ਕੀ ਫਾਇਦਾ ਜੋ ਇਨਸਾਨੀਅਤ ਨਹੀਂ ਸਿਖਾਉਂਦੀ । ਉਹ ਪੜ੍ਹਾਈ ਦਾ ਕੀ ਫਾਇਦਾ ਜੋ ਗਦਾਰ ਬਣਾ ਦੇਂਦੀ ਹੈ। ਉਹ ਪੜ੍ਹਾਈ ਕੀ ਕਰਨੀ ਹੈ ਜੋ ਸਿਰਫ ਮਾਇਆ ਨਾਲ ਹੀ ਜੋੜਦੀ ਹੈ, ਜੋ ਵੱਢੀਖੋਰਾ ਬਣਾ ਦੇਂਦੀ ਹੈ, ਜੋ ਵਿਕਾਰੀ ਬਣਾ ਦੇਂਦੀ ਹੈ, ਆਪਣੇ ਕਿਰਦਾਰ ਤੋਂ ਗਿਰਾ ਦੇਂਦੀ ਹੈ। ਹਿੰਦੂ ਤਾਂ ਮੂਲੇ ਭੂਲੇ ਅਖੁਟੀ ਜਾਂਹੀ ਸੀ, ਅਸੀਂ ਵੀ ਉਹਨਾਂ ਦੀ ਰੀਸੇ ਉਹੋ ਜਿਹੇ ਹੀ ਹੋ ਗਏ। ਤੁਹਾਨੂੰ ਪਤਾ ਹੈ ਜਦੋਂ ਆਜ਼ਾਦੀ ਸਾਡੇ ਪੈਰੀਂ ਪੈ ਕੇ ਲੈ ਲਈ ਤਾਂ ਪਾਰਲੀਮੈਂਟ ਵਿਚ MP ਬੈਨਰਜੀ ਨੇ ਕੀ ਕਿਹਾ ਸੀ? ਅਸੀਂ ਪੜ੍ਹਾਈ ਹੀ ਐਸੀ ਪੜਾਂਵਾਂਗੇ ਕਿ ਸਿਖ ਭੁਲ ਜਾਣਗੇ, ਆਪਣੇ ਗੁਰੂ ਨੂੰ,

ਆਪਣੇ ਰੱਬ ਨੂੰ, ਆਪਣੀ ਸਿਖੀ ਨੂੰ, ਆਪਣੇ ਇਤਿਹਾਸ ਨੂੰ, ਆਪਣੀਆਂ ਸ਼ਹੀਦੀਆਂ ਨੂੰ, ਆਪਣੇ ਅਸੂਲਾਂ ਨੂੰ ਭਾਵ ਸਾਰੇ ਸਾਡੇ ਵਰਗੇ ਹਰਾਮੀ ਹੋ ਜਾਣਗੇ, ਉਹੀ ਗੱਲ ਹੋਈ।

ਕਿਸੇ ਸਿਖ ਨੂੰ ਰੱਬ ਦਾ ਗਿਆਨ ਨਹੀਂ, ਸਿਮਰਨ ਦਾ ਗਿਆਨ ਨਹੀਂ, ਸੁਰਤੀ ਦਾ ਪਤਾ ਨਹੀਂ, ਗੁਰਬਾਣੀ ਦੀ ਵਿਚਾਰ ਨਹੀਂ, ਸੰਗਤਿ ਦੀ ਮਹਾਨਤਾ ਦਾ ਪਤਾ ਨਹੀਂ, ਅੰਮ੍ਰਿਤ ਵੇਲੇ ਕੋਈ ਨਹੀਂ ਉਠੱਦਾ। ਬਸ! ਗੁਟਕਾ ਫੜਿਆ ਪਾਠ ਕਰ ਦਿੱਤਾ। ਗਾਣਿਆਂ ਤਰ੍ਹਾਂ ਕੀਰਤਨ ਸੁਣ ਲਿਆ। ਜੀਵਨ ਨਹੀਂ ਬਦਲਿਆ।

ਹਰਿਮੰਦਰ ਸਾਹਿਬ ਸਿਮਰਨ ਕਿਉਂ ਨਹੀਂ ਹੁੰਦਾ? ਸੁਰਤੀ ਕਿਉਂ ਨਹੀਂ ਲਵਾਉਂਦੇ? ਕਥਾ ਕਿਉਂ ਨਹੀਂ ਹੁੰਦੀ? ਗੌਰਮਿੰਟ ਨੇ ਬੈਨ ਲਾਇਆ ਹੋਇਆ ਹੈ। ਕਥਾ ਨਾਲ ਰੱਬ ਦੀ ਸਮਝ ਆਉਂਦੀ ਹੈ, ਸਿਮਰਨ ਨਾਲ ਰੱਬ ਮਿਲ ਪੈਂਦਾ ਹੈ। ਇਹ ਦੋਵੇਂ ਗੱਲਾਂ ਹਿੰਦੂਆਂ ਲਈ, ਦੇਸ਼ ਲਈ ਖਤਰਨਾਕ ਹਨ। ਬਸ! ਗਾਣੇ ਸੁਣੀ ਜਾਓ ਤੇ ਸਰੋਵਰ ਵਿਚ ਇਸ਼ਨਾਨ ਕਰੀ ਜਾਓ। ਹੋਰ ਕੁਛ ਕਰਨ ਨਾ ਦਿਓ-ਆਪੇ ਹੀ ਖਤਮ ਹੋ ਜਾਣਗੇ। ਜਦੋਂ ਕੁਛ ਅੰਦਰੋਂ ਲੱਭੇਗਾ ਹੀ ਨਹੀ-ਖਤਮ ਹੋ ਜਾਣਗੇ, ਲੰਬੀ ਸੋਚ ਹੈ, ਅਗਲੀ ਪੀੜੀ ਖਤਮ ਕਰੋ, ਪਿਛਲੇ ਤਾਂ ਮਰ-ਖਪ ਗਏ, ਜੋ ਰਹਿ ਗਏ ਮਰ ਜਾਣਗੇ ਜਾਂ ਬੁੱਢੇ ਹੋ ਗਏ ਜਾਂ ਹੋ ਜਾਣਗੇ। ਕਲ ਨੂੰ ਇਹ ਹਿੰਦੂ ਹੀ ਹਨ। ਸਿੱਖੀ ਦੇ ਬਰਖਲਾਫ-ਵਿਰੁੱਧ ਲਿਖਣ ਵਾਲੇ ਨੂੰ ਇਨਾਮ ਦਿਓ-ਅਕੈਡਮੀ ਤੋਂ ਇਨਾਮ ਦਿਵਾਓ। ਨਾਸਤਿਕ ਨੂੰ ਉਤਸ਼ਾਹਤ ਕਰੋ। ਦਾਹੜੀ ਕੱਟੇ, ਸ਼ਰਾਬੀਆਂ ਨਾਲ ਪਿਆਰ ਕਰੋ। ਤਰੱਕੀਆਂ ਦਿਓ। ਸਿੱਖਾਂ ਨਾਲ ਦੁਰ-ਵਿਹਾਰ ਕਰੋ। ਨਹੀਂ ਸਮਝ ਆਈ ਤੇ ਸਿੱਖਾਂ ਨੂੰ ਨਹੀਂ ਆਈ। **ਜੇ ਮੈਨੂੰ ਦਰਸ਼ਨ ਨਹੀਂ ਹੋਏ ਮੈਂ ਕੀ ਖੱਟਿਆ। ਜੇ ਮੈਂ ਆਪਣਾ ਜੀਵਨ ਹੀ ਨਹੀਂ ਬਣਾਇਆ, ਮੈਂ ਕੀ ਖੱਟਿਆ।**

ਅੱਗੇ ਜਾ ਕੇ ਦੇਖੀਂ, ਤੇਰਾ ਹਾਲ ਕੀ ਹੁੰਦਾ ਹੈ ਪਰ ਅੱਗਾ ਕਿਸ ਮਨਮੁਖ ਨੇ ਦੇਖਿਆ ਹੈ। ਜੋ ਸਾਰਿਆਂ ਨਾਲ ਹੋਏਗਾ ਉਹ ਮੇਰੇ ਨਾਲ ਵੀ ਹੋ ਜਾਏਗਾ। ਫਿਰ ਸਚਖੰਡਿ ਤਾਂ ਕੋਈ ਕੋਈ ਜਾਏਗਾ, 99.99% ਤਾਂ ਨਰਕਾਂ ਵਿਚ ਹੀ ਜਾਣੇ ਹਨ ਉਥੇ ਹੀ ਠੀਕ ਹੈ, ਸਾਰੇ ਇੱਕਠੇ ਹੋਵਾਂਗੇ। ਇੱਕਠੇ ਬਹਿ ਕੇ ਖਾਵਾਂਗੇ ਪੀਵਾਂਗੇ।

**ਤੁਹਾਨੂੰ ਪਤਾ ਹੈ ਦਸਮ-ਦੁਆਰੀ ਗੁਰੂ ਸਾਹਿਬ ਵਰਗਾ ਹੁੰਦਾ ਹੈ।** ਜੇ ਗੁਰੂ ਪਾਤਿਸ਼ਾਹ ਰਾਜ ਕਰਨ ਤਾਂ ਕਿਹੋ ਜਿਹਾ ਹੋਏਗਾ, Pure ਖਾਲਸ, ਖਾਲਸਾ ਰਾਜ। ਇਹਨਾਂ ਵਿਕਾਰੀਆਂ ਨੂੰ ਖਾਲਸਾ ਲਫਜ਼ ਨਾਲ ਨਫਰਤ ਹੈ।

ਜੇ ਅਸੀਂ ਸਿਮਰਨ-ਸੁਰਤੀ ਦੀ ਗੱਲ ਨਾ ਕੀਤੀ, ਸਾਰਿਆਂ ਨੂੰ

ਅੰਮ੍ਰਿਤਧਾਰੀ ਨਾ ਬਣਾਇਆ, ਜੇ ਅਗਲੀ ਦੁਨੀਆਂ ਦੀ ਜੋ ਸਦੀਵੀ ਹੈ ਦੀ ਗੱਲ ਨਾ ਸਮਝਾਈ, ਜੇ ਸਚਖੰਡ ਬਾਰੇ ਨਾ ਸਮਝਾਇਆ, ਨਰਕਾਂ ਬਾਰੇ ਨਾ ਸਮਝਾਇਆ, ਪ੍ਰਤਖ ਦਰਸ਼ਨਾਂ ਬਾਰੇ ਨਾ ਸਮਝਾਇਆ, ਪੜ੍ਹਾਈ ਦੇ ਨਾਲ ਨਾਲ ਧਾਰਮਿਕ ਵਿਦਿਆ ਨਾ ਦਿੱਤੀ-ਰੱਬ ਬਾਰੇ ਨਾ ਦੱਸਿਆ ਤਾਂ ਕੌਮ ਅਜ ਵੀ ਹੈ ਨਹੀਂ ਕਲ ਵੀ ਹੈ ਨਹੀਂ। 50/100 ਸਾਲ ਤਕ ਸਾਰੇ ਹਿੰਦੂ ਹੀ ਹੋਣਗੇ। ਅਗਲੀ ਪੀੜੀ ਹਿੰਦੂ। ਫਿਰ ਅੱਗੇ ਮਿਲਾਂਗੇ, ਪੁਛਾਂਗੇ ਸੁਣਾ ਭਾਈ! ਰੁਲਦੂ ਰਾਮ ਕਿਵੇਂ ਗੁਜ਼ਰ ਰਹੀ ਹੈ? ਪਰ ਉਦੋਂ ਤੂੰ ਬਹੁਤ ਪਛਤਾ ਰਿਹਾ ਹੋਵੇਗਾ। ਅੱਗੇ ਖੇਡ ਹੋਰ ਹੈ, ਅੱਗੇ ਸਰੀਰ ਨਹੀਂ ਹੈ, ਸੂਖਸ਼ਮ ਸਰੀਰ ਹੈ।

**ਜੇ ਅੰਦਰੋਂ ਕੁਛ ਲਭਣਾ ਨਹੀਂ ਤਾਂ ਸਿੱਖੀ ਧਾਰਨ ਦਾ ਕੋਈ ਫਾਇਦਾ ਨਹੀਂ। ਸਿੱਖੀ ਨਿਰੋਲ ਅੰਦਰ ਦੀ ਹੈ, ਬਾਹਿਰ ਪਾਖੰਡ ਹੈ, ਨਕਲ ਹੈ, ਧੋਖਾ ਹੈ।**

ਦਰਸ਼ਨਾਂ ਦੇ ਰਸਤੇ ਤੇ ਤੁਰਨ ਨਾਲ ਹੀ ਜੀਵਨ ਗੁਰੂ ਸਾਹਿਬ ਵਰਗਾ ਬਨਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਮਨਮੁਖ ਦਾ ਰਸਤਾ ਹੀ ਹੋਰ ਹੈ। ਗੁਰਮੁਖ ਗਾਡੀ ਰਾਹ ਹੀ ਹੋਰ ਹੈ। ਜੀਵਨ ਬਦਲੇਗਾ ਤਾਂ, ਦਰਸ਼ਨਾਂ ਬਾਰੇ ਸੋਚੇਗਾ। ਗੁਰੂ ਸਾਹਿਬ ਵਰਗਾ, ਗੁਰੂ ਸਾਹਿਬ ਨੇ ਹੀ ਬਣਾਉਂਣਾ ਹੈ। ਜਦੋਂ ਸੋਚ ਬਦਲ ਗਈ ਤਾਂ ਗੁਰੂ ਸਾਹਿਬ ਨੇ ਦਰਸ਼ਨ ਦੇਣੇ ਹੀ ਦੇਣੇ ਹਨ। ਉਹਨਾਂ ਆਪਣੇ ਵਰਗਾ ਬਣਾਉਂਣਾ ਹੀ ਬਣਾਉਂਣਾ ਹੈ ਤਾਂ ਹੀ ਦਰਸ਼ਨ ਦੇਣੇ ਹਨ ਕਿਉਂਕਿ **ਸਚਖੰਡਿ ਵਸੈ ਨਿਰੰਕਾਰੁ।।** ਰੱਬ ਵਰਗੇ ਗੁਰਸਿਖ। ਤੂੰ ਹੈ ਹੀ ਗੁਰੂ ਨਾਨਕ ਹੈਂ। ਤੇਰੀ ਆਤਮਾ ਦਾ ਸੂਖਸ਼ਮ ਸਰੀਰ ਗੁਰੂ ਨਾਨਕ ਹੀ ਹੈ। ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ।। ਗੁਰੂ ਨਾਨਕ ਨੂੰ, ਸਰੀਰ ਤੋਂ ਛੁਡਵਾ ਕੇ ਬਾਹਿਰ ਕਢਣਾ ਹੀ **"ਮੁਕਤੀ"** ਹੈ। ਹੋਰ ਮੁਕਤੀ ਕੀ ਹੈ? ਢਾਈ ਘੰਟੇ ਵਾਹਿਗੁਰੂ ਵਾਹਿਗੁਰੂ ਜਪੋ, ਸਿਮਰਨ ਕਰੋ। **ਸਾਸ ਸਾਸ ਸਿਮਰਹੁ ਗੋਬਿੰਦ।। ਅੱਠੇ ਪਹਰ ਅਰਾਧ ਤੂੰ।।** ਅੰਮ੍ਰਿਤ ਛੱਕ ਕੇ ਹੀ ਅੰਦਰਲਾ ਗੁਰੂ ਨਾਨਕ ਸੁਚੇਤ ਹੁੰਦਾ ਹੈ। ਸਰੀਰ ਕਾਂ, ਸੂਰ ਹੈ, ਕੁਰਹਿਤ ਆਪਣੀ ਖੁਰਾਕ ਨਹੀਂ ਛੱਡਣੀ। ਆਪਾਂ ਇਸਨੂੰ ਛਡਣਾ ਹੈ। ਛੱਡ ਕੇ ਬਾਹਿਰ ਆਉਂਣਾ ਹੈ। ਸਰੀਰ ਨੂੰ ਵੀ ਰੱਬੋ ਹੁਕਮ ਹੈ। ਆਪਣੀ ਖੁਰਾਕ ਖਾਣ ਲਈ ਅਟੱਲ ਰਹਿਣਾ ਹੈ। ਇਸ ਦੀ ਖੁਰਾਕ ਕੀ ਹੈ?

(1) ਸ਼ਰਾਬ-ਨਸ਼ਾ (2) ਮਾਇਆ (ਵੱਢੀ) (3) ਔਰਤ। ਇਸ ਤੋਂ ਬਗੈਰ ਸਰੀਰ ਮਰਦਾ ਹੈ। ਇਸੇ ਨੂੰ ਮਾਰ ਕੇ ਹੀ ਮੁਕਤੀ ਮਿਲਣੀ ਹੈ। (4) **Ego** ਹਉਮੈ- (5) ਅਗਿਆਨਤਾ (ਰੱਬ ਵਲੋਂ) (6) ਸੋਹਣਾ ਰਹਿਣ ਦਾ ਸ਼ੌਕੀਨ।

**700 ਕਰੋੜ ਵਿਚੋਂ ਕੋਈ ਜੀਵ ਅੰਮ੍ਰਿਤ ਛਕਨ ਤੋਂ ਬਗੈਰ ਸਰੀਰ ਦੀਆਂ ਇਹ 6 ਖੁਰਾਕਾਂ ਬੰਦ ਨਹੀਂ ਕਰ ਸਕਦਾ। ਜੇ ਸਰੀਰ ਜਿੰਦਾ ਹੈ ਤਾਂ ਦਰਸ਼ਨ ਨਹੀਂ ਹੋਣੇ। ਸਬਦਿ ਮਰਹੁ ਕੀ ਹੈ? ਸਰੀਰ ਨੂੰ ਮਾਰ ਦਿਓ-ਸਿਮਰਨ ਨਾਲ। ਪਹਿਲਾ ਮਰਣੁ ਕਬੂਲ ਕੀ ਹੈ?** ਪਹਿਲਾਂ ਸਰੀਰ ਦੀ ਖੁਰਾਕ ਬੰਦ ਕਰ। (7) ਸਰੀਰ + ਮਾਇਆ + ਮਨ + ਹਉਮੈ + ਅਗਿਆਨਤਾ ਤਾਕਤਵਰ ਹਨ। ਅੰਦਰਲੇ ਗੁਰੂ ਨਾਨਕ ਨੂੰ ਮਾਰ ਦੇਂਦੇ ਹਨ। (8) **ਸਰੀਰ ਕਾਤਲ ਹੈ ਰੱਬ ਦਾ, ਗੁਰੂ ਨਾਨਕ ਦਾ, ਗੁਰਬਾਣੀ ਦਾ, ਇਨਸਾਨੀਅਤ ਦਾ। ਦੈਵੀ ਗੁਣਾਂ ਦਾ। ਕਾਤਲ ਹੈ ਕਾਤਲ। ਜਲਾਦ ਹੈ ਜਲਾਦ।**

ਅੰਮ੍ਰਿਤ ਛਕਣ ਨਾਲ ਗੁਰੂ ਨਾਨਕ ਜਾਗ ਪਿਆ। ਸਰੀਰ ਦੀ ਖੁਰਾਕ-ਕੁਰਹਿਤ ਦੱਸ ਕੇ ਬੰਦ ਕਰ ਦਿੱਤੀ। ਆਪਾਂ ਦੋ ਸਰੀਰ ਹਾਂ। ਮਾਦ ਦਾ ਸਰੀਰ। ਦੂਜਾ ਗੁਰੂ ਨਾਨਕ ਦਾ ਸਰੀਰ। ਗੁਰੂ ਨਾਨਕ ਦੀ ਖੁਰਾਕ ਹੈ, ਗੁਰਦੁਆਰਾ-ਬਾਣੀ ਵਿਚਾਰ-ਸਰਬੱਤ ਦਾ ਭਲਾ-ਸਾਰਿਆਂ ਵਿੱਚ ਗੁਰੂ ਨਾਨਕ ਨੂੰ ਦੇਖਣਾ। ਭਾਈ ਘਨੱਈਆ ਜੀ ਵਾਂਗ। To serve the Humanity Guru Nanak is the Basic Principalogy ਰੱਬ ਮਿਲਣਾ ਸੌਖਾ ਨਹੀਂ। ਔਖਾ ਹੈ। ਸਰੀਰ ਨੇ ਬੰਨ੍ਹਿਆ ਹੋਇਆ ਹੈ ਗੁਰੂ ਨਾਨਕ ਨੂੰ। ਗੁਰੂ ਨਾਨਕ ਦੀ ਮਿਹਰ ਨਾਲ ਹੀ ਛੁਡਾਉਣਾ ਹੈ। ਸੁਭਾਵ ਬਦਲਣ ਨਾਲ ਗੁਰੂ ਛੁਟਦਾ ਹੈ। 40 ਸਾਲ ਲੱਗ ਜਾਂਦੇ ਹਨ-ਸੁਭਾਵ ਬਦਲਨ ਨੂੰ। ਸਰੀਰ ਨੂੰ ਮਾਰੋ ਜੇ ਰੱਬ ਦੇ ਪਰਤੱਖ ਦਰਸ਼ਨ ਕਰਦੇ ਹਨ ਤਾਂ। ਸਰੀਰ ਨੂੰ ਮਾਰੋ ਦੇਖੋ ਤੁਸੀਂ ਗੁਰੂ ਨਾਨਕ ਹੋ। ਗੁਰੂ ਨਾਨਕ। **ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ**।। ਸਰੀਰ ਮਰਨਾ ਨਹੀਂ ਚਾਹੁੰਦਾ। ਜਦੋਂ ਸਰੀਰ ਵਿਚੋਂ ਆਤਮਾ ਗੁਰੂ ਨਾਨਕ ਬਾਹਿਰ ਆਉਂਦਾ ਹੈ। ਗੁਰੂ ਨਾਨਕ, ਗੁਰੂ ਨਾਨਕ-ਵਾਹਿਗੁਰੂ ਦੇ ਦਰਸ਼ਨ ਕਰਦਾ ਹੈ। ਸਰੀਰ ਦਰਸ਼ਨ ਨਹੀਂ ਕਰਦਾ, ਇਹ ਤਾਂ ਗੁਰੂ ਨਾਨਕ-ਵਾਹਿਗੁਰੂ ਦਾ ਕਾਤਲ ਹੈ। ਜਦੋਂ ਆਤਮਾ-ਗੁਰੂ ਨਾਨਕ ਸਰੀਰ ਨੂੰ ਛੱਡ ਕੇ ਬਾਹਿਰ ਆਉਂਦਾ ਹੈ। ਰੱਬ ਦੇ ਗੁਰੂਆਂ ਦੇ ਸਚਖੰਡਿ ਦੇ ਪ੍ਰਤੱਖ ਦਰਸ਼ਨ ਕਰਦਾ ਹੈ ਤਾਂ ਇਹ ਮਾਸ ਦਾ ਪੰਜ ਭੂਤਕ ਸਰੀਰ Dead-ਮੁਰਦਾ ਹੋ ਜਾਂਦਾ ਹੈ। ਡਿੱਗ ਪੈਂਦਾ ਹੈ, ਡਿੱਗਿਆ ਹੀ ਰਹਿੰਦਾ ਹੈ ਜਿੰਨਾ ਚਿਰ ਆਤਮਾ ਵਾਪਿਸ ਨਹੀਂ ਆਉਂਦੀ। ਮਰਿਆ ਰਹਿੰਦਾ ਹੈ। 110% Dead ਸਰੀਰ ਦਾ ਕੋਈ ਪਾਰਟ-ਇਦੰਦਾ ਕੰਮ ਨਹੀਂ ਕਰਦਾ। ਹੱਥ-ਬਾਹ-ਲੱਤਾਂ-ਦਿਮਾਗ ਸਭ Dead। ਅੱਖਾਂ ਹੀ ਨਹੀਂ ਖੁਹਲਦੀਆਂ। 110% ਆਕੜ ਜਾਂਦਾ ਹੈ।

**ਨਾਨਕ ਸੇ ਅਖੜੀਆਂ ਬਿਅਨ, ਜਿਨਾ ਦਿਸਿੰਦੋ ਮਾਪਿਰੀ॥**

ਇਹੋ ਹੀ ਤਾਂ ਗੁਰੂ ਨਾਨਕ ਦੀ ਵਿਲੱਖਣਤਾ ਹੈ। ਇਹੋ ਹੀ ਤਾਂ ਖਾਸੀਅਤ ਹੈ। ਇਹੀ ਤਾਂ ਉਚਾਪਣ ਹੈ। ਇੱਥੇ ਹੀ ਕਿਹਾ ਹੈ। **ਖਾਲਸਾ ਮੇਰੋ ਸਤਿਗੁਰੂ ਪੂਰਾ॥** ਸਰੀਰ ਨੂੰ ਛੱਡ ਕੇ ਬਾਹਿਰ ਆ ਕੇ ਦੇਖ। ਗੁਰੂ ਨਾਨਕ ਪਾਤਿਸ਼ਾਹ ਮੱਥਾ ਟੇਕਦੇ ਹਨ। ਤੇਤੀ ਕਰੋੜ ਦੇਵਤੇ ਚਰਨ-ਧੂੜੀ ਲੈਂਦੇ ਹਨ। ਧੰਨ ਹੈ, ਧੰਨ ਹੈ, ਗੁਰਸਿਖ ਤੂੰ ਧੰਨ ਹੈ। ਦਰਸ਼ਨ ਕਰਕੇ, ਫਿਰ ਵਾਪਿਸ ਆ ਜਾਈਦਾ ਹੈ। ਸਰੀਰ ਫਿਰ ਉਸੇ ਤਰ੍ਹਾਂ ਦਾ Normal ਨਾਰਮਲ ਕੰਮ ਕਰਨ ਲੱਗ ਪੈਂਦਾ ਹੈ।

ਯਾਦ ਰੱਖਣਾ। ਦਰਸ਼ਨ ਕਰਨ ਵਾਲੇ ਨੂੰ ਸਾਰੇ ਹੀ ਗੁਰਸਿਖ ਗੁਰੂ ਨਾਨਕ ਨਜ਼ਰ ਆਉਂਦੇ ਹਨ। ਤਿੰਨਾਂ ਲੋਕਾਂ ਵਿੱਚ ਰੱਬ ਨਜ਼ਰ ਆਉਂਦਾ ਹੈ।

**ਜਹ ਜਹ ਪੇਖਉ ਤਹ ਹਜੂਰਿ, ਦੂਰ ਕਤਹੁ ਨ ਜਾਈ॥**

ਅੰਮ੍ਰਿਤ-ਰਸ ਵੀ ਆਉਂਦਾ ਹੈ। ਹੁਣ ਭਾਵੇਂ 20 ਘੰਟੇ ਸਚਖੰਡਿ ਰਹੇ, ਸਰੀਰ ਨੂੰ ਕੁੱਝ ਨਹੀਂ ਹੁੰਦਾ। **ਯਾਦ ਰੱਖੋ। ਅਸੀਂ ਦੋ ਸਰੀਰ ਹਾਂ।**

**ਇਕ ਗੁਰੂ ਨਾਨਕ ਦੂਸਰਾ ਗੁਰੂ ਨਾਨਕ ਦਾ ਕਾਤਲ-ਗੁੰਡਾ।**

**ਸਰੀਰ ਗੁਰੂ ਨਾਨਕ ਦੇ ਰਹਿਣ ਲਈ ਕੱਚਾ ਘਰ ਹੈ।**

**ਸਰੀਰ ਨੇ ਢਹਿ ਢੇਰੀ ਹੋ ਜਾਣੈ, ਗੁਰੂ ਨਾਨਕ ਨੇ ਨਹੀਂ। ਸਰੀਰ ਦੀ ਉਮਰ 4 ਦਿਨ ਹੈ ਗੁਰੂ ਦੀ ਆਦਿ ਤੋਂ ਅੰਤ ਤੱਕ 4 ਜੁਗ।**

**ਹਰਿ ਜਪੇ, ਹਰਿ ਮੰਦਰੁ ਸਾਜਿਆ॥** ਮੈਂ ਵਾਹਿਗੁਰੂ ਵਾਹਿਗੁਰੂ ਨਾਮ ਜਪੂਗਾਂ- ਇਸੇ ਲਈ ਮੈਂ ਇਹ ਸਰੀਰ ਆਪਣਾ ਘਰ (ਮੰਦਰ) ਬਣਾਇਆ ਹੈ।

**ਹਰਿ ਮੰਦਰੁ ਇਹੁ ਸਰੀਰ ਹੈ॥੧੩੪੫॥** ਗੁਰੂ ਨਾਨਕ ਦੇ ਰਹਿਣ ਲਈ ਇਹ ਸਰੀਰ ਉਸ ਦਾ ਘਰ ਹੈ। ਸਿਮਰਨ ਕਰਨਾ ਹੈ ਭਾਈ ਸਿਰਫ ਸਿਮਰਨ ਕਰਨ ਆਇਆ ਹੈ। **ਹਰ ਜੀਵ-ਬੰਦਾ-ਆਤਮਾ ਗੁਰੂ ਨਾਨਕ ਰੱਬ ਨੂੰ ਮਿਲ ਸਕਦਾ ਹੈ। ਮਿਲਣ ਹੀ ਆਇਐ। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥** ਨਹੀਂ ਤਾਂ ਨਰਕਾਂ ਵਿਚੋਂ ਕੁੱਤੇ-ਸੂਰ-ਕਾਂ ਨੂੰ ਬਾਹਿਰ ਕੱਢ ਕੇ ਮਨੁੱਖਾ ਜਨਮ ਦੇਣ ਦੀ ਲੋੜ ਹੀ ਕੀ ਸੀ?

# "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂਆਂ ਦੇ ਵਾਹਿਗੁਰੂ"

ਸਾਡੇ ਬਹੁਤ ਮੰਦੇ ਭਾਗ ਹਨ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝ ਹੀ ਨਹੀਂ ਸਕੇ । ਕਈ ਬੇ-ਅਕਲ ਕਹਿਣਗੇ, ਇਹ ਧੁਰਿ ਕੀ ਬਾਣੀ ਹੈ, ਸਮਝ ਆ ਹੀ ਨਹੀਂ ਸਕਦੀ। ਫਿਰ ਪਾਤਿਸ਼ਾਹ ਨੇ ਲਿਖੀ ਕਿਸ ਦੇ ਵਾਸਤੇ ਹੈ ? ਐਵੈਂ 239 ਸਾਲ ਟਾਈਮ ਬਰਬਾਦ ਕਰ ਦਿੱਤਾ । ਫਿਰ ਇਹ ਬਾਣੀ ਆਦਿ ਹੈ ਜੁਗਾਦਿ ਹੈ, ਅਨਾਦਿ ਹੈ । ਇਹ ਗੱਲ ਕਿਸੇ ਗੁਰਸਿਖ ਨੂੰ ਪਤਾ ਹੀ ਨਹੀਂ, ਨਾ ਹੀ ਪਰਚਾਰ ਕਰਦਾ ਹੈ।

ਮੈਂ ਤੁਹਾਨੂੰ ਇਕ ਸਚਖੰਡ ਦੀ ਗੱਲ ਕਰਦਾ ਹਾਂ। ਸਿਖ ਧਰਮ ਤਾਂ ਮੰਨਦਾ ਹੀ ਨਹੀਂ ਨਾ ਹੀ ਕੋਈ ਪਰਚਾਰਕ ਸਚਖੰਡ ਦੀ ਗਲ ਹੀ ਕਰਦਾ ਹੈ।

ਗੁਰੂ ਸਾਹਿਬ ਜੀ-ਤੁਸੀਂ ਕੌਣ ਹੋ? ਅਸੀਂ ਵਾਹਿਗੁਰੂ।

ਗੁਰੂ ਪਾਤਿਸ਼ਾਹ! ਤੁਸੀਂ ਕਦੋਂ ਤੋਂ ਸਚਖੰਡਿ ਬੈਠੇ ਹੋ?

ਆਦਿ ਜੁਗਾਦਿ ਅਨਾਦਿ ਤੋਂ। ਧਿਆਨ ਨਾਲ ਸੁਣੋ ਤੇ ਪੜ੍ਹੋ।

ਗੁਰੂ ਸਾਹਿਬ ਜੀ! ਸਚਖੰਡੁ ਕਦੋਂ ਤੋਂ ਹੈ? ਆਦਿ, ਜੁਗਾਦਿ ਅਨਾਦਿ ਤੋਂ।

ਗੁਰੂ ਸਾਹਿਬ ਜੀ! ਵਾਹਿਗੁਰੂ! ਵਾਹਿਗੁਰੂ ਵੀ ਆਦਿ, ਜੁਗਾਦਿ ਅਨ ਆਦਿ ਤੋਂ ਹੈ।

ਆਦਿ-ਜਦੋਂ ਕੁਝ ਵੀ ਨਹੀਂ ਸੀ, ਨਾ ਕੁਦਰਤ, ਨਾ ਆਕਾਸ਼ ਨਾ ਸੂਰਜ, ਨਾ ਚੰਦਰਮਾ ਨਾ ਤਾਰੇ, ਨਾ ਹਵਾ, ਨਾ ਪਾਣੀ, ਨਾ ਧਰਤੀ, ਹਨੇਰਾ ਹੀ ਹਨੇਰਾ ਸੀ। ਸਮਾਂ ਹੀ ਨਹੀਂ ਸੀ ਬਣਿਆ-ਹੋਂਦ ਵਿਚ ਕੁਝ ਵੀ ਨਹੀਂ ਸੀ।

ਜੁਗਾਦਿ-ਜੁਗਾਂ ਤੋਂ ਪਹਿਲਾਂ-ਜੁਗ-ਸਮਾਂ। ਸਮਾਂ ਬਣਨ ਤੋਂ ਪਹਿਲਾਂ, ਜਦੋਂ ਸਮਾਂ ਬਣਿਆ, ਜੁਗ ਬਣੇ, ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ। ਉਸ ਤੋਂ ਵੀ ਪਹਿਲਾਂ।

ਅਨਾਦਿ-ਅਨ+ਆਦਿ-ਜਦੋਂ ਆਦਿ ਹੀ ਨਹੀਂ ਸੀ-ਉਸ ਤੋਂ ਵੀ ਪਹਿਲਾਂ।

ਕੌਣ ਸੀ? ਆਦਿ-ਜੁਗਾਦਿ-ਅਨਾਦਿ

ਜੋਤ, ਨੂਰ, ਪ੍ਰਕਾਸ਼ ਵਾਹਿਗੁਰੂ, ਦਸੇ ਪਾਤਿਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਚੈਲੰਜ, You accept it and prove it wrong. 2.5 Billion Dollers. ਬਾਣੀ ਜੀਵਾਂ ਦੇ ਉਧਾਰ ਲਈ ਧਰਤੀ ਤੇ ਆਈ- ਪਹਿਲੀ ਸਤੰਬਰ 1604 ਨੂੰ ਹਰਮਿੰਦਰ ਸਾਹਿਬ ਵਾਹਿਗੁਰੂ ਦਾ ਪ੍ਰਕਾਸ਼ ਕੀਤਾ-ਵਾਹਿਗੁਰੂ ਨੇ ਕੀਤਾ-ਵਾਹਿਗੁਰੂ ਨੇ ਕਰਵਾਇਆ। ਹਰਮੰਦਿਰ ਸਾਹਿਬ ਵਾਹਿਗੁਰੂ ਨੇ ਬਣਵਾਇਆ। ਅਜ ਤਕ ਜਿਵੇਂ ਤਾਂ ਤਿਵੇਂ ਹੀ ਹੈ। ਕੋਈ ਬਣਾ ਸਕਦਾ ਹੈ ਐਸੀ Building ਜਿਸ ਦੀ ਗਾਰੰਟੀ 1000 ਸਾਲ 2000 ਸਾਲ ਹੋਵੇ। ਇਹ ਹਰਮੰਦਿਰ ਸਾਹਿਬ ਸਾਰੇ ਜੁਗ ਚਾਰੇ ਜੁਗ ਇਸੇ ਤਰ੍ਹਾਂ ਹੀ ਰਹਿਣਾ ਹੈ, ਜਿਵੇਂ ਕੁਦਰਤਿ ਹੈ। ਸੂਰਜ ਹੈ, ਚੰਦਰਮਾ ਤੇ ਅਕਾਸ਼ ਤੇ ਤਾਰੇ ਹਨ। ਜਿਹਨਾਂ ਚਿਰੁ ਧਰਤੀ ਹੈ, ਹਰਮੰਦਿਰ ਸਾਹਿਬ ਸਲਾਮਤ ਹੈ, ਇਥੋਂ ਕੁਝ ਵੀ ਅੰਦਾਜਾ ਨਹੀਂ ਲੱਗਦਾ ਵਾਹਿਗੁਰੂ ਦੀ ਧੰਨਤਾ ਦਾ? ਜੀਵ ਤੂੰ ਨਾਸਤਿਕ ਹੋ ਚੁੱਕਾ ਹੈ, ਮਾਇਆਧਾਰੀ! ਆਪਣੇ ਕਰਤੇ ਨੂੰ ਭੁੱਲ ਚੁੱਕਾ ਹੈ, ਸ੍ਰਿਸ਼ਟੀ ਦੇ ਕਰਤੇ ਨੂੰ ਭੁੱਲ ਚੁੱਕਾ ਹੈ। ਕੁਦਰਤ ਦੇ ਕਾਦਰ ਨੂੰ ਭੁੱਲ ਚੁੱਕਾ ਹੈ।

ਜੇ ਤੂੰ ਸਮਝਦਾ ਹੈਂ ਕਿ ਬਾਬਾ ਨਾਨਕ ਵਾਹਿਗੁਰੂ ਨਹੀਂ, ਤਾਂ ਬਾਬੇ ਨਾਨਕ ਦੀ ਮਿਹਰ ਤੋਂ ਬਗੈਰ ਰੱਬ ਨੂੰ ਮਿਲ ਕੇ ਦਿਖਾ ਦੇਹ। ਸਾਰੀਆਂ ਸ਼ਰਤਾਂ ਨਾਹ ਮੰਨ, ਪਹਿਲੀ ਸ਼ਰਤ ਰੱਬ ਦੀ, ਸਰੀਰ ਮੇਰਾ ਹੈ, ਮੈਂ ਬਣਾਇਆ ਹੈ ਤੇ ਪੂਰਾ ਬਣਾਇਆ ਹੈ। ਸਰੀਰ ਨਾਲ ਕੇਸਾਂ ਨਾਲ ਛੇੜਖਾਨੀ ਕਰਨ ਵਾਲਿਆ-ਚੈਲੰਜ-ਰੱਬ ਨੂੰ ਮਿਲ ਕੇ ਦਿਖਾ ਦੇਹ? ਤੂੰ ਰੱਬ ਬਾਰੇ 1% ਵੀ ਜਾਣਦਾ ਹੋਵੇ? ਆ ਸਾਹਮਣੇ ਆ।

ਸਿਰ ਮੁੰਨਿਆ ਹੋਵੇ-ਦਾਹੜੀ ਕੱਟੀ ਹੋਵੇ-ਸ਼ੇਵ ਕੀਤੀ ਹੋਵੇ-ਰੱਬ ਨੂੰ ਜਾਣਦਾ ਹੋਵੇ ਜੇ ਤੂੰ ਇਕ ਗੱਲ ਸਾਬਤ ਕਰ ਦੇਵੇਂ ਤਾਂ ਅਸੀਂ ਮੰਨ ਲਵਾਂਗੇ ਕਿ ਬਾਬਾ ਨਾਨਕ ਵਾਹਿਗੁਰੂ ਨਹੀਂ-ਸਿਰਫ ਸਿਖਾਂ ਦਾ ਗੁਰੂ ਹੈ। ਸਾਰੀ ਸ੍ਰਿਸ਼ਟੀ ਨੂੰ ਨਹੀਂ ਤਾਰ ਸਕਦਾ। ਹੋਰ ਲਿਖਣਾ ਬੰਦ ਕਰ ਦਿਆਂਗੇ। ਤੇਰੀ ਈਨ ਮੰਨ ਲਵਾਂਗੇ।

ਸੁਣ, ਬਾਬੇ ਨਾਨਕ ਵਾਹਿਗੁਰੂ ਦੀ ਗੱਲ-ਸਚਖੰਡਿ ਦੀ।

ਗੁਰੂ ਸਾਹਿਬ ਜੀ! ਤੁਸੀਂ ਵਾਹਿਗੁਰੂ। ਹਾਂ ਅਸੀਂ ਪ੍ਰਕਾਸ਼ ਵਾਹਿਗੁਰੂ ਨਿਰਗੁਣ ਵਾਹਿਗੁਰੂ ਦਾ ਦਿੱਸਦਾ ਸੂਖਸ਼ਮ ਸਰੂਪ ਸਰਗੁਣ ਸਰੂਪ ਵਾਹਿਗੁਰੂ। ਪ੍ਰਕਾਸ਼ ਵਾਹਿਗੁਰੂ ਜਾਗਤ-ਜੋਤਿ ਵਾਹਿਗੁਰੂ ਅਨੁਭਵੀ ਪ੍ਰਕਾਸ਼ ਵਾਹਿਗੁਰੂ, All Mighty Power ਵਾਹਿਗੁਰੂ।

ਗੁਰੂ ਸਾਹਿਬ ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਵਾਹਿਗੁਰੂ, ਜਾਗਤ-ਜੋਤਿ ਵਾਹਿਗੁਰੂ, ਅਨੁਭਵੀ ਪ੍ਰਕਾਸ਼ ਵਾਹਿਗੁਰੂ

All Mighty Power ਵਾਹਿਗੁਰੂ। ਦਿੱਸਦੇ ਵਾਹਿਗੁਰੂ, ਬੋਲਦੇ ਵਾਹਿਗੁਰੂ, ਸੁਣਦੇ ਵਾਹਿਗੁਰੂ, ਦੇਖਦੇ ਵਾਹਿਗੁਰੂ, ਹਾਜ਼ਰ ਨਾਜ਼ਰ ਵਾਹਿਗੁਰੂ। ਧਰਤੀ ਤੇ, ਤੇ ਸਚਖੰਡਿ ਪ੍ਰਕਾਸ਼ ਵਾਹਿਗੁਰੂ। ਬਖਸ਼ਿਸ਼ ਕਰਦੇ ਵਾਹਿਗੁਰੂ ਧਰਤੀ ਤੇ ਵਾਹਿਦ ਇਕੋ ਤੇ ਸਿਰਫ ਇਕੋ ਵਾਹਿਗੁਰੂ ਜੋ ਵਾਹਿਗੁਰੂ ਨਾਲ ਮਿਲਾ ਸਕਦੇ ਹਨ। ਦੇਹਧਾਰੀ ਗੁਰੂਆਂ ਨੂੰ ਤਾਂ ਧਰਮਰਾਜ ਵਾਹਿਗੁਰੂ ਦੇ ਕਾਤਲ ਆਖਦਾ ਹੈ। ਦੇਹਧਾਰੀ ਗੁਰੂ ਨੂੰ ਪਤਾ ਹੈ, ਮੈਂ ਕਾਤਲ ਹਾਂ। ਅੱਗੇ ਲਟਕਦੇ ਦੇਖ ਇਹਨਾਂ ਨੂੰ ਨਰਕਾਂ ਵਿਚ ਕਰੋੜਾਂ ਸਾਲਾਂ ਲਈ-ਲੁੱਕ ਦੇ ਡਰੱਮ ਵਿੱਚ ਘੁੰਮਦੇ ਦੇਖ। ਆਪ ਸੁਰਤੀ ਲਾ ਕੇ ਦੇਖ। ਕਿਸੇ ਤੇ ਵਿਸ਼ਵਾਸ ਨਹੀਂ ਕਰੀਦਾ।

ਆ ਫਿਰ ਸਚਖੰਡਿ ਚਲਦੇ ਹਾਂ। ਗੁਰੂ ਬਾਬਾ ਨਾਨਕ ਪਾਤਿਸ਼ਾਹ ਜੀ! ਤੁਸੀਂ ਇੱਥੇ ਬੈਠੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਬੈਠੇ, ਕਦੋਂ ਤੋਂ ਚੌਰ ਕਰ ਰਹੇ ਹੋ? ਆਦਿ ਜੁਗਾਦਿ ਅਨਾਦਿ ਤੋਂ।

ਗੁਰੂ ਪਾਤਿਸ਼ਾਹ! ਤੁਸੀਂ ਹੁਣੇ ਕਿਹਾ ਹੈ, ਅਸੀਂ ਦਸੇ ਪਾਤਿਸ਼ਾਹੀਆਂ ਵਾਹਿਗੁਰੂ ਹਾਂ, ਪ੍ਰਕਾਸ਼ ਹਾਂ, ਜੋਤ ਹਾਂ। ਉਸ ਵਾਹਿਗੁਰੂ ਦਾ ਸੂਖਸ਼ਮ ਤੇ ਸਰਗੁਣ ਸਰੂਪ ਹਾਂ। ਹਾਂ ਕਿਹਾ ਹੈ। ਪਰ ਤੁਸੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਕਰ ਰਹੇ ਹੋ।

ਹਾਂ, ਅਸੀਂ ਦਸੇ ਪਾਤਿਸ਼ਾਹੀਆਂ ਵਾਹਿਗੁਰੂ ਹਾਂ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਵਿਚ ਹਾਂ, ਹੁਕਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਂ ਸੇਵਕ ਹਾਂ, ਸੇਵਾਦਾਰ ਹਾਂ, ਮੱਥਾ ਟੇਕਦੇ ਹਾਂ, ਅਜ ਵੀ ਮੱਥਾ ਟੇਕਦੇ ਹਾਂ, ਪੂਜਦੇ ਹਾਂ, ਪੂਜਨ ਨੂੰ ਸਾਰਿਆਂ ਨੂੰ ਆਖਦੇ ਹਾਂ।

ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਹੋਏ ? ਗੁਰੂ ਸਾਹਿਬ ਜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂਆਂ ਦੇ ਵਾਹਿਗੁਰੂ-ਵਾਹਿਗੁਰੂਆਂ ਦੇ ਵਾਹਿਗੁਰੂ ਵਾਹਿਗੁਰੂ ਤਾਂ ਆਪ ਮੱਥਾ ਟੇਕਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ।

ਤੂ ਆਪੁ ਪੂਜਹਿ ਪੂਜਿ ਕਰਾਵਹਿ ਸਤਿਗੁਰੁ ਕਉ ਸਿਰਜਣ ਹਾਰਿਆ॥

ਤੂੰ Jesus ਨੂੰ ਪੁੱਛ ਕੇ ਦੇਖ ਲੈ। ਹਜ਼ਰਤ ਮਹੁੰਮਦ ਸਾਹਿਬ ਨੂੰ ਪੁੱਛ ਕੇ ਦੇਖ ਲੈ। ਸ਼ਿਵ ਜੀ, ਬ੍ਰਹਮਾ, ਵਿਸ਼ਨੂੰ, ਰਾਮਚੰਦਰ, ਕ੍ਰਿਸ਼ਨ ਇੰਦਰ ਨੂੰ ਪੁੱਛ ਕੇ ਦੇਖ ਲੈ। ਕੋਈ ਧਰਮ ਦਾ ਬੰਦਾ ਆਪਣੇ ਪੀਰ ਪੈਗੰਬਰ ਨੂੰ ਪੁੱਛ ਕੇ ਦੇਖ ਲੈ। ਕਿਸੇ ਭਗਤ ਨੂੰ ਪੁੱਛ ਕੇ ਦੇਖ ਲੈ। ਰਵਿਦਾਸ, ਕਬੀਰ, ਨਾਮਦੇਵ, ਫਰੀਦ ਜੀ ਪਰਮਾਨੰਦ, ਪੀਪਾ ਜੀ ਜੈਦੇਵ, ਭੀਖਨ ਜੀ ਕਿਸੇ ਨੂੰ ਪੁੱਛ ਕੇ ਦੇਖ ਲੈ?

ਸਚਖੰਡਿ ਦੇ ਮਾਲਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਾਰੀ ਸ੍ਰਿਸ਼ਟੀ ਜਿਹਨਾਂ ਦੇ ਹੁਕਮ ਵਿਚ ਚਲ ਰਹੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰਾ Universal ਜਿਹਨਾਂ ਦੇ ਹੁਕਮ ਵਿਚ ਚਲ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਟਿ ਬ੍ਰਹਮੰਡਾਂ ਦੇ ਮਾਲਕ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਭਾਈ! ਤੂੰ ਬਾਣੀ ਤੋਂ ਮੁਨਕਰ ਹੈਂ, ਬਾਣੀ ਨੂੰ ਪੜ੍ਹਦਾ ਹੀ ਨਹੀਂ, ਪੜ੍ਹਦਾ ਹੈਂ ਤਾਂ ਵਿਚਾਰਦਾ ਹੀ ਨਹੀਂ, ਵਿਚਾਰਦਾ ਹੈਂ ਤਾਂ ਅਮਲ ਨਹੀਂ ਕਰਦਾ, ਠੀਕ ਤਰ੍ਹਾਂ ਮੰਨਦਾ ਹੀ ਨਹੀਂ। ਅਗਲੀ ਦੁਨੀਆਂ ਨੂੰ ਤਾਂ ਮੰਨਦਾ ਹੀ ਨਹੀਂ, ਜੋ ਅਸਲੀ ਹੈ, ਸਦੀਵੀ ਹੈ, ਸੁਖਦਾਇਕ ਹੈ। ਧਰਤੀ ਤੇ ਤਾਂ ਇਮਤਿਹਾਨ ਦੇਣ ਆਇਆ ਹੈ। ਸਰੀਰ-ਆਤਮਾ ਫੇਲ੍ਹ ਹੋ ਕੇ ਨਾਹ ਜਾਈਂ-ਅੱਗੇ ਅਰਬਾਂ ਸਾਲਾਂ ਦਾ ਭੁਗਤਾਨ ਹੈ। ਪਾਸ ਹੋ ਕੇ ਜਾਈਂ-ਅੱਗੇ ਅਰਬਾਂ ਸਾਲਾਂ ਦਾ ਸੁਖ ਹੈ । ਦੇਖ ਲੈ ਵਿਚਾਰ ਲੈ ਵੈਸੇ ਤੂੰ ਅੰਦਰੋਂ ਬਹੁਤ ਡਰਦਾ ਹੈ। ਡਰਦਾ ਹੈ ਤੇ ਗੁਰਦੁਆਰੇ ਆਉਂਦਾ ਹੈ, ਭਾਵੇਂ ਤੇਰੇ ਆਉਣ ਦਾ ਕੋਈ ਫਾਇਦਾ ਨਹੀਂ, ਤੈਨੂੰ ਕਿਹੜੀ ਅਕਲ ਆਉਣੀ ਹੈ। ਤੂੰ ਤਾਂ ਲੋੜ ਪਈ ਤੇ ਅਖੰਡ-ਪਾਠ ਹੀ ਕਰਾਉਣਾ ਹੈ-ਆਪ ਨਹੀਂ ਪੜ੍ਹਣਾ। ਅਖੰਡ-ਪਾਠ ਵੀ ਕਿਉਂ ਕਰਾਉਂਦਾ ਹੈ, ਕਿਉਂਕਿ ਤੂੰ ਅੰਦਰੋਂ ਡਰਦਾ ਹੈ-ਸ਼ਾਇਦ ਮੈਨੂੰ ਰੱਬ ਮੁਆਫ ਕਰ ਦੇਵੇ। ਮੁਸਲਮਾਨ ਵੀ ਇਸੇ ਤਰ੍ਹਾਂ ਕਰਦਾ ਹੈ, ਕੁਰਬਾਨੀ ਰੱਬ ਦੇ ਨਾਂ ਦੇਂਦਾ ਹੈ ਖਾ ਪੀ ਆਪ ਜਾਂਦਾ ਹੈ, ਹੱਜ ਕਾਬੇ ਜਾ ਕੇ ਸਮਝਦਾ ਹੈ ਰੱਬ ਨੇ ਮੈਨੂੰ ਮੁਆਫ ਕਰ ਦਿੱਤਾ ਹੈ। ਹਿੰਦੂ ਵੀ ਇਸੇ ਤਰ੍ਹਾਂ ਕਰਦਾ ਹੈ-ਸਾਰੀਆਂ ਕੁਰਹਿਤਾਂ ਕਰਦਾ ਹੈ, ਤੀਰਥ ਤੇ ਇਸ਼ਨਾਨ ਕਰਕੇ ਸਮਝਦਾ ਹੈ ਮੈਨੂੰ ਰੱਬ ਨੇ ਮੁਆਫ ਕਰ ਦਿੱਤਾ ਹੈ।

ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰਿ ਲੈਨ ਨਾ ਢੋਈ।।

ਦੋਵੇਂ ਸਚਖੰਡਿ ਨਹੀਂ ਜਾ ਸਕਦੇ। ਦੋਵੇਂ ਤਰ ਹੀ ਨਹੀਂ ਸਕਦੇ, ਦੋਵੇਂ ਨਰਕਾਂ ਵਿੱਚ ਜਾਂਦੇ ਹਨ। ਸਿਰਫ ਤੂੰ ਬਚ ਸਕਦਾ ਹੈ, ਪਰ ਤੂੰ ਬਾਣੀ ਨਹੀਂ ਵਿਚਾਰਦਾ। ਪੜ੍ਹਾਈ ਜਾਂਦਾ ਹੈ। ਘੱਟੋ-ਘੱਟ ਸਾਰੀਆਂ ਦੁਨੀਆਂ ਵਿਚ 1000 ਅਖੰਡ ਪਾਠ ਦਾ ਰੋਜ਼ ਭੋਗ ਪੈਂਦਾ ਹੈ । ਕੀ ਸਿੱਖੀ ਵੱਧ ਗਈ? ਕੀ ਸਾਰੇ ਗੁਰਸਿਖ ਹਨ? ਜਿਹੜਾ ਅੰਮ੍ਰਿਤਧਾਰੀ ਗੁਰਸਿਖ ਨਹੀਂ-ਉਸਨੂੰ ਅਖੰਡ ਪਾਠ ਰਖਾਉਣ ਦਾ ਫਾਇਦਾ ਕੀ? ਤੂੰ ਕਿਹੜਾ ਰੱਬ ਦੇ ਅਸੂਲਾਂ ਨੂੰ ਮੰਨਦਾ ਹੈ? ਭਾਈ ਸਾਰੇ ਮੰਸਦ ਹਨ-ਕੋਈ ਨਹੀਂ ਸਮਝਾਉਂਦਾ, ਰੱਬ ਤੈਨੂੰ ਕੁੱਤਾ ਸੂਰ ਕਾਂ ਸੱਪ ਆਖਦਾ ਹੈ । ਪੈਸੇ ਰੱਖ ਭਾਵੇਂ ਕੀਤਾ ਕਰਾਇਆ ਪਾਠ ਲੈ ਲੈ। ਅਖੰਡ ਪਾਠ ਵਧੀ ਜਾ ਰਿਹਾ ਹੈ, ਸਿਖੀ ਘਟੀ ਜਾ ਰਹੀ ਹੈ। ਜਿਸ ਕੰਮ ਕੀਤੇ ਘਾਟਾ ਪੈ ਰਿਹਾ ਹੈ, ਫਿਰ ਉਹੀ ਕਰੀ ਜਾ ਰਹੇ ਹਾਂ-ਇਹ

ਸਿੱਖਾਂ ਦੀ ਅਕਲ ਹੈ। ਬਾਣੀ ਵਿਚਾਰਨ ਨੂੰ ਕੋਈ ਤਿਆਰ ਨਹੀਂ-ਭਾਈ ਮਸੰਦ ਸਮਝਾਉਣ ਨੂੰ ਤਿਆਰ ਨਹੀਂ-ਬੇੜਾ ਗਰਕ ਹੀ ਹੋਣਾ ਹੈ ਤੇ ਹੋ ਰਿਹਾ ਹੈ। ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਜੇ ਭਾਈ ਕਹੇ ਤੂੰ ਗੁਰੂ ਵਾਲਾ ਨਹੀਂ, ਮੈਂ ਪਾਠ ਨਹੀਂ ਕਰਨਾ ਤਾਂ ਆਪੇ ਸਿੰਘ ਸਜੇਗਾ-ਆਪਣੀ ਲੋੜ ਨੂੰ ਸਜੇਗਾ। ਆਪਾਂ ਤਾਂ ਉਤਸ਼ਾਹ ਦੇ ਰਹੇ ਹਾਂ, ਉਹ ਅੰਮ੍ਰਿਤ ਕਿਉਂ ਛੱਕੇ?

ਵਾਹਿਗੁਰੂ ਆਖਦਾ ਹੈ :-

ਬਾਣੀ ਵਿਰਲਉ ਵਿਚਾਰਸੀ ਜੇ ਕਉ ਗੁਰਮੁਖਿ ਹੋਇ॥
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ॥

**ਅੰਮ੍ਰਿਤਧਾਰੀ ਹੋ ਕੇ ਬਾਣੀ ਵਿਚਾਰੇਗਾ, ਸਚਖੰਡਿ ਪਹੁੰਚ ਜਾਏਂਗਾ। ਕਿੰਨੇ ਪਹੁੰਚੇ ਹਨ ਸਚਖੰਡਿ? ਸਿੱਖੀ ਦਾ ਬੇੜਾ ਗਰਕ ਹੋਈ ਜਾ ਰਿਹਾ ਹੈ, ਅਸੀਂ ਅਖੰਡ-ਪਾਠ ਕਰੀ ਜਾ ਰਹੇ ਹਾਂ-ਭਾਈ ਮਸੰਦ ਸਗੋਂ ਉਤਸ਼ਾਹ ਦੇਈ ਜਾ ਰਿਹਾ ਹੈ। ਉਹ ਸ਼ਾਇਦ ਠੀਕ ਸੋਚਦਾ ਹੈ ਜੇ ਗੁਰਸਿਖ ਬਾਣੀ ਵਿਚਾਰਨ ਲੱਗ ਪਿਆ-ਮੈਨੂੰ ਕਿਸਨੇ ਪੁਛਣਾ ਹੈ ਤੇ ਮੇਰੀ ਰੋਜ਼ੀ-ਰੋਟੀ ਤਾਂ ਅਖੰਡ ਪਾਠ ਤੇ ਹੀ ਚਲਦੀ ਹੈ। ਅਖੰਡ-ਪਾਠ ਦੇ ਠੇਕੇ ਲਏ ਹੋਏ ਹਨ, ਅਗੋਂ ਪਾਠੀ ਰੱਖੇ ਹੋਏ ਹਨ-ਵਿਚ ਭਈਏ ਵੀ ਹਨ ਜੋ ਸਿਰਫ ਰਾਤ ਨੂੰ ਪਾਠ ਕਰਦੇ ਹਨ, ਬੋਲਦੇ ਕੁਝ ਨਹੀਂ-ਪੱਤਰੇ ਪਰਤੀ ਜਾਂਦੇ ਹਨ। ਅਖੰਡ-ਪਾਠ ਕਰਦੇ ਚਾਹ ਵੀ ਪੀ ਲੈਂਦੇ ਹਨ-ਕੁਛ ਕੁਛ ਜ਼ਰੂਰੀ ਗੱਲ ਹੋਵੇ ਤਾਂ ਕਰ ਵੀ ਲੈਂਦੇ ਹਨ। ਪਾਠ ਕਰਾਉਣ ਵਾਲਾ ਕਿਹੜਾ ਪਾਠ ਸੁਣ ਰਿਹਾ ਹੈ, ਉਹ ਤਾਂ ਘਰ ਬੈਠਾ ਪੀ ਰਿਹਾ ਹੈ। ਸੌਂ ਰਿਹਾ ਹੈ, ਸ਼ਾਇਦ ਪਿਕਚਰ ਦੇਖਣ ਗਿਆ ਹੋਵੇ। ਤਾਂ ਇਥੇ : ਵਾਹੁ ਵਾਹੁ ਬਾਣੀ ਨਿਰੰਕਾਰੁ ਹੈ-ਬੋਲੀ ਜਾ ਰਿਹਾ ਹੈ-ਦਰੀਆਂ ਨੂੰ, ਕੰਧਾਂ ਨੂੰ, ਪਾਲਕੀ ਸਾਹਿਬ ਨੂੰ, ਚੌਰ ਸਾਹਿਬ ਨੂੰ ਸਮਝਾ ਰਿਹਾ ਹੈ। ਬੰਦੇ ਨੇ ਤਾਂ ਸਮਝਣਾ ਹੀ ਨਹੀਂ। ਗੁਰਸਿਖ ਆਪਾਂ ਬਨਣਾ ਨਹੀਂ-ਬਾਣੀ ਆਪਾਂ ਸਮਝਣੀ ਨਹੀਂ-ਫਿਰ ਬਾਣੀ ਨਿਰੰਕਾਰ ਕਿਸ ਨੂੰ ਸਮਝਾਵੇ। ਭਾਈ-ਪਾਠੀ ਨੇ ਵੀ ਬਾਣੀ ਨਹੀਂ ਸਮਝਣੀ। ਫਿਰ ਹੁਣ ਕੀ ਕਰੀਐ?**

ਕਿਆ ਪੜੀਐ ਕਿਆ ਗੁਨੀਐ ਕਿਆ ਬੇਦ ਪੁਰਾਨਾ ਸੁਨੀਐ॥
ਪੜੇ ਸੁਨੇ ਕਿਆ ਹੋਈ ਜਉ ਸਹਜ ਨ ਮਿਲਿਓ ਸੋਈ॥
ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰਬਾਰਾ॥

ਗੁਰੂ ਪਾਤਿਸ਼ਾਹ ਕਿਤੇ ਬਾਣੀ ਵਿਚ ਲਿਖ ਦੇਂਦੇ ਕਿ ਮੇਰਾ ਸਿਖ ਅਖੰਡ-ਪਾਠ

ਜ਼ਰੂਰ ਰੱਖੇ ਉਹ ਤਾਂ ਲਿਖਦੇ ਹਨ।

ਸਤਿਗੁਰੂ ਨੂੰ ਸਭ ਕੋ ਦੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰ ਸਬਦਿ ਨ ਕਰੈ ਵੀਚਾਰੁ॥
ਮਹਲਾ ੩॥
ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥
ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ॥
ਸਬਦੁ ਚੀਨਹਿ ਤਾਂ ਮਹਲੁ ਲਹਹਿ ਜੋਤੀ ਜੋਤਿ ਸਮਾਇ॥
ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ॥
ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਵਾਰ॥

ਪ੍ਰਮਾਣ ਤਾਂ ਬਹੁਤ ਹਨ, ਪਰ ਗਲ ਵੀਚਾਰਨ ਦੀ ਹੈ। "ਧਿਆਨ ਨਾਲ ਪੜ੍ਹੋ" ਸੁਣੋ Unesco ਤੋਂ ਇਕ ਡਾਕਟਰ ਕਿ ਸਾਇੰਸਦਾਨ ਆਇਆ ਸੀ। ਉਸ ਨੂੰ ਕੈਂਸਰ ਸੀ। ਸਾਰੇ ਦੁਨੀਆਂ ਦੇ ਡਾਕਟਰਾਂ ਨੇ ਜੁਆਬ ਦੇ ਦਿੱਤਾ ਸੀ, ਤੂੰ ਹੁਣ 2-4 ਦਿਨਾਂ ਦਾ ਪ੍ਰਾਹੁਣਾ ਹੀ ਹੈ। ਪਰ ਉਸਦਾ ਗੁਆਂਢੀ ਕੋਈ ਗੁਰਸਿਖ ਸੀ, ਉਸ ਨੇ ਹਰਮਿੰਦਰ ਸਾਹਿਬ ਜਾਣ ਲਈ ਕਿਹਾ-ਮਰਦਾ ਕੀ ਨਾ ਕਰਦਾ। ਆ ਗਿਆ ਹਰਮਿੰਦਰ ਸਾਹਿਬ ਆ ਕੇ ਪਾਠ ਰਖਾਇਆ ਤੇ ਨਾਲ ਹੀ ਲੇਟ ਗਿਆ-ਪਾਠ ਸੁਣਦਾ ਗਿਆ। ਜਿਵੇਂ-ਜਿਵੇਂ ਪਾਠ ਹੁੰਦਾ ਗਿਆ, ਉਹ ਸੁਣਦਾ ਗਿਆ-ਭਾਵੇਂ ਉਸ ਨੂੰ ਸਮਝ ਆਈ ਕਿ ਨਹੀਂ-ਉਹ ਠੀਕ ਹੁੰਦਾ ਗਿਆ-ਇਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆਈ-ਉਸਦੇ ਸਰੀਰ ਵਿਚ ਸਮਾ ਗਈ-ਉਹ ਬਿਲਕੁਲ ਠੀਕ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਕਿਵੇਂ ਠੀਕ ਕਰ ਦਿੱਤਾ? ਦੇਹਧਾਰੀ ਗੁਰੂ ਤਾਂ ਕਹਿੰਦਾ ਹੈ ਇਹ ਕਿਤਾਬ ਹੈ, ਬਾਕੀ ਧਰਮ ਕਹਿੰਦੇ ਹਨ Holy Book ਹੈ। ਤੁਹਾਡੀ Holy Book ਨਹੀਂ-ਉਹ ਨਹੀਂ ਸੀ ਠੀਕ ਕਰ ਸਕਦੀ-ਫਿਰ ਠੀਕ ਕਰ ਦੇਣਾ ਸੀ-ਉਹ ਇਡੀ ਦੂਰੋਂ ਚਲ ਕੇ ਹਰਮਿੰਦਰ ਸਾਹਿਬ ਆਇਆ-ਕੱਛ ਵਿਚ ਮਾਰਕੇ, ਕੋਈ ਪੁਰਾਨ-ਕੁਰਾਨ ਉਸਦੇ ਕੋਲ ਪੜ੍ਹ

ਦੇਣਾ ਸੀ-ਸ਼ਾਇਦ ਠੀਕ ਹੋ ਜਾਂਦਾ-ਸ਼ਾਇਦ ਕੋਈ ਜੋਤਿ ਤੁਹਾਡੀ Holy Book ਵਿਚੋਂ ਨਿਕਲ ਆਉਂਦੀ-ਪਰ ਐਸਾ ਨਹੀਂ ਹੋਇਆ।

**ਪਹਿਲਾਂ ਕੀ ਲਿਖਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਜਾਗਤ ਜੋਤਿ, ਅਨੁਭਵੀ ਪ੍ਰਕਾਸ਼ ਹਨ-ਵਾਹਿਗੁਰੂਆਂ ਦੇ ਵਾਹਿਗੁਰੂ ਹਨ-ਇਹ ਸਾਰਿਆਂ ਨੂੰ ਠੀਕ ਕਰ ਦੇਂਦੇ ਹਨ। ਤੈਨੂੰ ਕੈਂਸਰ ਹੈ-ਤੂੰ ਠੀਕ ਹੋ ਕੇ ਦੇਖ ਲੈ। ਅੰਮ੍ਰਿਤ ਛੱਕ ਕੇ 12 ਘੰਟੇ ਵਾਹਿਗੁਰੂ ਵਾਹਿਗੁਰੂ ਜਪ ਕੇ ਦੇਖ ਲੈ ਕੈਂਸਰ-ਏਡਜ਼ ਠੀਕ ਹੋ ਜਾਏਗੀ। ਪਰੈਟੀਕਲੀ ਕਰ ਕੇ ਦੇਖ-ਮੇਰੇ ਤੇ ਵਿਸ਼ਵਾਸ ਨ ਕਰ। ਕਾਸ਼! ਅਸੀਂ ਉਸ Unesco ਵਾਲੇ ਨੂੰ ਇਥੋਂ ਅੰਮ੍ਰਿਤ ਛਕਾ ਕੇ ਭੇਜਦੇ, ਸਾਰੀ ਸ੍ਰਿਸ਼ਟੀ ਨੂੰ ਸਮਝ ਆ ਜਾਣੀ ਸੀ। ਮਸੰਦਾਂ ਨੂੰ ਆਪ ਨੂੰ ਸਮਝ ਨਹੀਂ, ਉਹ ਕਿਸੇ ਨੂੰ ਕੀ ਸਮਝਾਉਂਣਗੇ। ਮਸੰਦਾਂ ਨੇ ਨੌਵੇਂ ਪਾਤਿਸ਼ਾਹ ਨੂੰ ਹਰਮਿੰਦਰ ਸਾਹਿਬ ਨਹੀਂ ਸੀ ਆਉਣ ਦਿੱਤਾ-ਤੁਸੀਂ ਮੈਂ ਕਿਸਦੇ ਪਾਣੀਹਾਰ ਹਾਂ? ਅਸਲੀ ਗਲ ਬਹੁਤ ਸਖਤ ਹੁੰਦੀ ਹੈ, ਸੁਣ ਨਹੀਂ ਸਕਦਾ।** ਮਸੰਦਾਂ ਨੇ ਕਹਿਣਾ, ਦੇਖਿਆ! ਅਖੰਡ ਪਾਠ ਵਿੱਚ ਕਿੰਨੀ ਤਾਕਤ ਹੈ? ਜੋਤ ਦੀ ਗੱਲ ਹੀ ਨਹੀਂ ਕਰਨੀ ਕਿ ਅੰਦਰੋਂ ਜੋਤਿ ਆਈ ਸੀ-ਉਸਨੇ ਠੀਕ ਕੀਤਾ ਹੈ। ਅਖੰਡ ਪਾਠ ਵਿਚ ਤਾਕਤ ਹੈ ਤਾਂ ਤੁਹਾਨੂੰ ਮਸੰਦੋਂ ਠੀਕ ਕਰ ਦੇਵੇ ਤੁਸੀਂ ਤਾਂ ਦੋ-ਦੋ ਅਖੰਡ ਪਾਠਾਂ ਦੀਆਂ ਰੋਲਾਂ ਲਾਉਂਦੇ ਹੋ। ਤੁਸੀਂ ਸ਼ਾਇਦ ਠੇਕਾ ਲਿਆ ਹੋਇਆ ਹੈ, ਸਿਖੀ ਦਾ ਬੇੜਾ ਗਰਕ ਕਰਨ ਦਾ।

**ਗੁਰੂ ਕੇ ਲਾਲ! ਗੱਲ ਨੂੰ ਸਮਝ-ਬਾਣੀ ਵੀਚਾਰ 40 ਦਿਨਾਂ ਵਿੱਚ ਜਪੁਜੀ ਸਮਝ / 40 ਦਿਨਾਂ ਵਿਚ ਅਨੰਦ ਸਾਹਿਬ / ਇਕ ਸਾਲ ਬਾਅਦ ਨਿਤਨੇਮ ਦੀ ਸਮਝ ਆਏਗੀ। ਹੁਣ ਅਨੰਦ ਆਏਗਾ।**

**48 ਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਣ ਦੀ ਕੋਸ਼ਿਸ਼ ਕਰ। 48 ਘੰਟਿਆਂ ਵਿਚ ਨਹੀਂ, ਨਾ ਹੀ ਸਮਝ ਆਉਣਾ ਹੈ। ਜਿੰਦਗੀ ਬਰਬਾਦ ਨਾ ਕਰ, ਬਹੁਤ ਅਮੁੱਲੀ ਹੈ। ਅੱਗੇ ਜਾ ਕੇ ਮੁੱਲ ਪੈਣਾ ਹੈ ਇਸਦਾ-ਇਥੇ ਨਹੀਂ। ਇਥੇ ਤਾਂ ਕੋਸ਼ਿਸ਼ ਕਰ ਸਚਖੰਡੁ ਪਹੁੰਚਣ ਦੀ**

(1) **ਬਾਣੀ ਵਿਚਾਰ**

(2) **ਕੀਰਤਨ ਧਿਆਨ ਨਾਲ ਸੁਣ**

(3) **ਸਿਮਰਨ ਕਰ**

(4) **ਸੁਰਤਿ ਜੋੜ, ਨਿਰਮੋਹ ਹੋ ਜਾਹ**

(5) **ਦੁਨੀਆਂ ਛੱਡ ਦੇਹ, ਪਰਵਾਰ ਦਾ ਮੋਹ ਤਿਆਗ ਦੇਹ**

(6) ਬੋਲਣਾ, ਸੁਨਣਾ, ਦੇਖਣਾ ਬੰਦ ਕਰ ਦੇਹ

(7) ਸੁਰਤਿ ਜੋੜ ਕੇ ਸੁੰਨ ਸਮਾਧ ਹੋ ਜਾਹ

(8) ਸਚਖੰਡਿ ਪਹੁੰਚ-ਅਰਦਾਸਾਂ ਕਰਕੇ ਪਹੁੰਚ। ਗੁਰੂ ਸਾਹਿਬ ਦੀ ਮੱਦਦ ਲੈ ਕੇ ਪਹੁੰਚ।

ਫਿਰ ਤਾਂ ਸਾਰੀ ਗੱਲ ਹੀ ਸਮਝ ਆ ਜਾਏਗੀ। ਮਨੁੱਖਾ ਜਨਮ ਦਾ ਮਨੋਰਥ ਹੀ ਸਮਝ ਆ ਜਾਏਗਾ ਅੱਗਲੇ ਪਿਛਲੇ ਜਨਮ ਦੀ ਸੋਝੀ ਆ ਜਾਏਗੀ। ਨਰਕਾਂ ਆਪਣੀਆਂ ਅੱਖਾਂ ਨਾਲ ਜਾ ਕੇ ਦੇਖ ਕੇ ਆਈਂ ਤੇ ਫਿਰ ਆ ਕੇ ਦੱਸੀ, ਉਥੇ ਕੀ ਦੇਖਿਆ? ਅਗਲੀ ਦੁਨੀਆਂ ਹੈ ਕਿ ਨਹੀਂ। ਦੁਨੀਆਂ ਫਿਰ ਵੀ ਇਤਬਾਰ ਨਹੀਂ ਕਰੇਗੀ। ਇਹ ਖੇਡ ਹੀ ਐਸੀ ਹੈ। ਵਾਹਿਗੁਰੂ ਮਿਹਰ ਕਰੇ, ਆਪਾਂ ਸਮਝੀਏ ਤੇ ਕਿਸੇ ਹੋਰ ਨੂੰ ਸਮਝਾ ਸਕੀਏ ਕਿ ਵਾਹਿਗੁਰੂ ਇਨਸਾਨੀਅਤ ਹੈ। ਬਾਬਾ ਨਾਨਕ ਇਨਸਾਨੀਅਤ ਸਿਖਾਉਣ ਵਾਲਾ ਹੈ।

ਇਨਸਾਨੀਅਤ ਤਿੰਨ ਕੁਰਹਿਤਾਂ ਛੱਡਣ ਤੋਂ ਬਾਅਦ ਆਉਂਦੀ ਹੈ : ਨਸ਼ਾ, ਕਰੈਕਟਰ, ਰੋਮਾਂ ਦੀ ਬੇ-ਅਦਬੀ। ਹੁਣ ਸਾਰਿਆਂ ਵਿੱਚ ਰੱਬ ਦੇਖਣਾ ਹੈ। ਉਹ ਸਿਮਰਨ ਨਾਲ ਦਿੱਸਦਾ ਹੈ। ਤਾਂ ਹੀ ਈਰਖਾ ਜਾਂਦੀ ਹੈ। ਅੰਦਰਲੀ ਅੱਗ ਬੁਝਦੀ ਹੈ ਤਾਂ ਹਉਮੈ ਮਰਦੀ ਹੈ, ਜੀਵ ਵਾਹਿਗੁਰੂ ਕੋਲ ਪਹੁੰਚਦਾ ਹੈ। ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੋਂ ਬਗੈਰ ਇਨਸਾਨੀਅਤ ਧਾਰਕੇ ਦਿਖਾ ਦੇਹ।

ਬਾਬੇ ਨਾਨਕ ਤੋਂ ਬਗੈਰ ਰੱਬ ਕੋਲ ਪਹੁੰਚ ਕੇ ਦਿਖਾ ਦੇਹ॥
ਕੁਰਹਿਤ ਛੱਡਣ ਤੋਂ ਬਗੈਰ ਸਚਖੰਡਿ ਪਹੁੰਚ ਕੇ ਦਿਖਾ ਦੇਹ॥
ਅੰਮ੍ਰਿਤ ਛੱਕਣ ਤੋਂ ਬਗੈਰ ਕੁਰਹਿਤ ਛੱਡ ਕੇ ਦਿਖਾ ਦੇਹ॥
ਗੱਲਾਂ ਤਾਂ ਪੰਜ ਸੱਤ ਹੀ ਹਨ
ਵਾਹਿਗੁਰੂ ਨਾਮ ਜਪਨ ਤੋਂ ਬਗੈਰ ਮਨ ਟਿਕਾ ਕੇ ਦਿਖਾ ਦੇਹ॥
ਸੁਰਤਿ ਜੋੜਨ ਤੋਂ ਬਗੈਰ ਤੈਨੂੰ ਅੰਦਰ ਪ੍ਰਕਾਸ਼ ਹੋ ਜਾਏ।

ਚੈਲੰਜ Accept ਕਰ ਲੈ। ਕੁਝ ਕਰਕੇ ਦਿਖਾ। ਨਹੀਂ ਤਾਂ ਸਾਰੀਆਂ ਗੱਲਾਂ ਮੰਨ ਲੈ। ਐਵੇਂ ਪਾਠਾਂ ਦੇ ਪਾਠ ਨ ਕਰੀ ਜਾਹ, ਐਵੇਂ ਨਿਤਨੇਮ ਨਾਹ ਕਰ, ਐਵੇਂ ਸਿਮਰਨ ਤੋਂ ਬਗੈਰ ਸੁਖਮਨੀ ਪੜ੍ਹੀ ਜਾ ਰਿਹਾ ਹੈ, ਕੋਈ ਫਾਇਦਾ ਨਹੀਂ ਹੋਣਾ। ਅੱਗੇ ਨਰਕਾਂ ਹੀ ਹਨ, ਸਿਰਫ ਅੰਮ੍ਰਿਤਧਾਰੀ ਸਚਖੰਡਿ ਜਾਂਦਾ ਹੈ।

# ਰੱਬ ਨੂੰ ਕਿਵੇਂ ਮਿਲੀਏ ?

ਰੱਬ ਨੂੰ ਮਿਲਣ ਲਈ, ਪਹਿਲਾਂ ਜਾਨਣਾ ਬਹੁਤ ਜਰੂਰੀ ਹੈ, ਰੱਬ ਕੀ ਹੈ, ਉਸਦਾ ਸਰੂਪ ਕੀ ਹੈ, ਕਿੱਥੇ ਰਹਿੰਦਾ ਹੈ, ਕਿਵੇਂ ਮਿਲਦਾ ਹੈ, ਜੀਵ ਕਿਹੋ ਜਿਹਾ ਹੋਣਾ ਚਾਹੀਦਾ, ਆਦਤਾਂ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ, ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ, ਸਿਮਰਨ ਕਿੰਨਾ ਕਰਨਾ ਚਾਹੀਦਾ ਹੈ, ਸਿਮਰਨ ਦੀ ਸਮਝ ਕਿਥੋਂ ਪਵੇ, ਗੁਰਬਾਣੀ ਕਿਵੇਂ ਸਮਝੀਏ, ਮਨ ਕਿਵੇਂ ਟਿਕਾਈਏ, ਸੁਰਤਿ ਕਿਵੇਂ ਜੋੜੀਏ, ਰੱਬ ਨਾਲ ਕੌਣ ਮਿਲਾਏਗਾ, ਕਿਵੇਂ ਮਿਲਾਏਗਾ? ਰੱਬ ਦੀਆਂ ਵੀ ਕੁਝ ਸ਼ਰਤਾਂ ਹਨ, ਜੋ ਕੋਈ ਵੀ ਜਾਨਦਾ ਨਹੀਂ। ਰੱਬ ਇਕ ਇਨਸਾਨੀਅਤ ਹੈ, ਇਨਸਾਨੀਅਤ ਰਾਹੀਂ ਹੀ ਮਿਲਦਾ ਹੈ। ਜੀਵ ਨੇ ਇਨਸਾਨੀਅਤ ਧਾਰਨ ਕਰਨੀ ਹੈ, ਇਨਸਾਨੀਅਤ ਰਾਹੀਂ ਹੀ ਮਿਲਦਾ ਹੈ। ਜੀਵ ਨੇ ਇਨਸਾਨੀਅਤ ਧਾਰਨ ਕਰਨੀ ਹੈ। ਧਾਰਨ ਕਿਵੇਂ ਕਰੇ? ਪੰਜ ਭੂਤਕ ਸਰੀਰ ਤਾਂ ਇਨਸਾਨੀਅਤ ਦਾ ਦੁਸ਼ਮਨ ਹੈ। ਰੱਬ ਨੇ ਹੀ ਬਣਾਇਆ ਹੈ। ਨੌ ਦੁਆਰੇ ਤਾਂ ਪੁਲਿਸ ਨਾਕੇ ਹਨ, ਇਹਨਾਂ ਲੰਘਣ ਨਹੀਂ ਦੇਣਾ, ਆਪਾਂ ਲੰਘਣਾ ਹੈ। ਪਹਿਲਾਂ ਇਹ ਸਮਝੋ ਆਪਾਂ ਕੌਣ ਹਾਂ, ਸਰੀਰ ਕੀ ਹੈ, ਇਹ ਨਾਕੇ-ਰੁਕਾਵਟ ਕੀ ਹਨ? ਇਹਨਾਂ ਨੂੰ ਸਮਝਣ ਲਈ ਬਹੁਤ ਗਿਆਨ ਦੀ ਲੋੜ ਹੈ, ਜੋ ਕਿਸੇ ਕੋਲ ਸ੍ਰਿਸ਼ਟੀ ਵਿਚ ਹੈ ਨਹੀਂ, ਸਿਰਫ ਤੇ ਸਿਰਫ ਬਾਬੇ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲ ਹੈ। ਇਹ ਮੇਰਾ ਚੈਲੰਜ ਹੈ, ਜਿਦੰਗੀ ਦੀ ਖੋਜ ਹੈ, ਤੁਸੀਂ ਕੋਈ ਦੇਹਧਾਰੀ ਗੁਰੂ, ਸੰਤ, ਮਹਾਂਪੁਰਖ ਦਿਖਾਓ, ਰੱਬ ਨੂੰ ਜਾਨਦਾ ਹੋਵੇ? ਰੱਬ 700 ਕਰੋੜ ਜੀਵਾਂ ਦਾ ਸਾਂਝਾ ਹੈ।

1. ਰੋਮਾਂ ਦੀ, ਕੇਸਾਂ ਦੀ, ਦਾਹੜੀ ਦੀ, ਬੇ-ਅਦਬੀ ਕਰਨ ਵਾਲਾ ਰੱਬ ਨੂੰ ਜਾਣ ਹੀ ਨਹੀਂ ਸਕਦਾ ਕਿਉਂਕਿ ਕੇਸਾਂ ਵਿਚ ਹੀ ਤਾਂ ਰੱਬ ਰਹਿੰਦਾ ਹੈ। ਸਿਰ ਨੰਗਾ ਰੱਖਣ ਵਾਲਾ ਹੀ ਰੱਬ ਨੂੰ ਨਹੀਂ ਜਾਣ ਸਕਦਾ।

2. ਕੋਈ ਵੀ ਨਸ਼ਾ ਕਰਨ ਵਾਲਾ ਰੱਬ ਨੂੰ ਨਹੀਂ ਜਾਣ ਸਕਦਾ।

3. ਕੋਈ ਵੀ ਪਰਾਈ ਇਸਤਰੀ, ਪਰਾਏ ਮਰਦ ਨਾਲ ਸੰਬੰਧ ਰੱਖਣ ਵਾਲਾ ਰੱਬ ਨੂੰ ਨਹੀਂ ਜਾਣ ਸਕਦਾ।

4. ਕੁੱਠਾ ਖਾਣ ਵਾਲਾ ਰੱਬ ਨੂੰ ਨਹੀਂ ਜਾਣ ਸਕਦਾ।

ਇਹਨਾਂ ਚਾਰਾਂ ਨੂੰ ਛੱਡ ਕੇ ਹੀ ਇਨਸਾਨੀਅਤ ਆਉਂਦੀ ਹੈ। 700 ਕਰੋੜ ਵਿਚੋਂ ਕਿੰਨੇ ਕੁ ਹਨ ਜੋ ਚਾਰੇ ਕੁਰਹਿਤਾਂ ਨਹੀਂ ਕਰਦੇ ਤੇ ਇਨਸਾਨੀਅਤ ਕਿਥੋਂ ਆਉਂਣੀ ਹੈ? ਇਹ ਗੱਲਾਂ ਕੌਣ ਦੱਸੇ, ਜੋ ਰੱਬ ਨੂੰ ਜਾਣਦਾ ਹੈ, ਰੱਬ ਨੂੰ ਕੌਣ ਜਾਣਦਾ ਹੈ? ਦਿਖਾਓ ਸਾਰੀ ਸ੍ਰਿਸ਼ਟੀ ਵਿਚ in whole universe.

ਸਰੀਰ ਤਾਂ ਰੱਬ ਨੇ ਬਣਾਇਆ ਹੈ, ਚਾਰੇ ਕੁਰਹਿਤਾਂ ਕਰਨ ਦਾ ਸ਼ੌਕੀਨ ਸੋਹਣਾ ਰਹਿਣ ਦਾ ਸ਼ੌਕੀਨ, ਸਹੁਪਣ ਸਾਰਾ ਕੇਸਾਂ ਵਾਲਾ ਵਿਚ ਹੈ। ਨਸ਼ਾ ਕਰਨ ਦਾ ਸ਼ੌਕੀਨ, ਖਾ ਪੀ ਕੇ ਬਹੁਤ ਖੁਸ਼ ਰਹਿੰਦਾ ਹੈ। ਪਰਾਈ ਔਰਤ ਨਾਲ, ਪਰਾਏ ਮਰਦ ਨਾਲ ਤਾਂ ਬਹੁਤ ਖੁਸ਼ ਰਹਿੰਦਾ ਹੈ। ਕੌਣ ਬਚਾਏਗਾ, ਇਹਨਾਂ ਕੁਰਹਿਤਾਂ ਤੋਂ, ਕਿਵੇਂ ਬਚਾਏਗਾ, ਖੇਡ ਸੂਖਸ਼ਮ ਹੈ। ਹੈ ਕੋਈ ਸੂਖਸ਼ਮ ਗੁਰੂ ਜੋ ਬਚਾ ਸਕੇ? ਕੋਈ ਨਹੀਂ ਬਚਾ ਸਕਦਾ। ਰੱਬ ਵੀ ਤਾਂ ਸੂਖਸ਼ਮ ਪ੍ਰਕਾਸ਼ ਹੈ, ਨਿਰੰਕਾਰ ਹੈ, ਉਸ ਦਾ ਅਕਾਰ ਕੋਈ ਨਹੀਂ, ਕਿਹੜਾ ਗੁਰੂ ਜਿਸ ਦਾ ਅਕਾਰ ਹੀ ਕੋਈ ਨਹੀਂ, ਰੱਬ ਨੂੰ ਜਾਣਦਾ ਹੋਵੇ? ਚੈਲੰਜ

ਜਿਵੇਂ ਜਿਵੇਂ ਸਰੀਰ ਵੱਡਾ ਹੁੰਦਾ ਜਾਂਦਾ ਹੈ, ਆਪਣੇ ਆਪ ਕੁਰਹਿਤ ਕਰਨ ਦਾ ਸ਼ੌਕੀਨ ਬਣਦਾ ਜਾਂਦਾ ਹੈ, ਕੋਈ ਸਮਝ ਦੀ ਲੋੜ ਨਹੀਂ, ਕੋਈ ਸਮਝਾਉਂਣ ਦੀ ਲੋੜ ਨਹੀਂ, ਕੋਈ ਗਿਆਨ ਦੀ ਲੋੜ ਨਹੀਂ। ਕੁੜੀਆਂ ਦੀ ਛਾਤੀ ਵਧਨੀ ਸ਼ੁਰੂ ਹੋ ਜਾਂਦੀ ਹੈ, ਮੁੰਡਿਆਂ ਨੂੰ ਕਾਮ ਤੰਗ ਕਰਨ ਲਗ ਪੈਂਦਾ ਹੈ, ਮੁੰਡੇ ਸੋਹਣਾ ਬਨਣਾ ਸ਼ੁਰੂ ਕਰ ਦੇਂਦੇ ਹਨ, ਕੁਰਹਿਤਾਂ ਹੋਣੀਆਂ ਸ਼ੁਰੂ ਹੋ ਗਈਆਂ।

ਜੇ ਆਪਾਂ ਪਹਿਲਾਂ ਹੀ, ਬੱਚਿਆਂ ਨੂੰ ਕੁਰਹਿਤ ਸਮਝ ਆਉਂਣ ਤੋਂ ਪਹਿਲਾਂ ਹੀ, ਅੰਮ੍ਰਿਤ ਛਕਾ ਕੇ, ਸਿਮਰਨ ਵਿਚ ਸੁਰਤਿ ਜੋੜਨੀ ਸਿਖਾ ਦੇਈਏ ਤਾਂ ਰੱਬ ਮਿਲ ਸਕਦਾ ਹੈ। ਕਿਉਂਕਿ ਬੱਚੇ ਨੂੰ ਕੁਰਹਿਤ ਦੀ ਸਮਝ ਹੀ ਨਹੀਂ। ਅਜੇ ਵਿਕਾਰਾਂ ਦੀ ਸਮਝ ਹੀ ਨਹੀਂ। ਅੰਦਰਲੇ ਰੱਬ ਨੇ ਹੀ ਰੱਬ ਨੂੰ ਮਿਲਣਾ ਹੈ, ਸਰੀਰ ਨੇ ਤਾਂ ਮਿਲਣਾ ਹੀ ਨਹੀਂ, ਸਰੀਰ ਤਾਂ ਰੁਕਾਵਟ ਹੈ।

ਬੱਚੇ ਨੂੰ ਜੰਮਣ ਤੋਂ ਪਹਿਲਾਂ ਹੀ ਅੰਮ੍ਰਿਤ ਛਕਾਓ। ਬੱਚਾ ਜੰਮਦਿਆਂ ਹੀ ਧਰਮਰਾਜ ਦੇ ਦੋ ਜਮਦੂਤ ਸਿਰ ਤੇ ਆ ਕੇ ਖਲੋ ਜਾਂਦੇ ਹਨ। ਸ੍ਰਿਸ਼ਟੀ ਵਿਚ ਕਿਸੇ ਕੋਲ ਤਾਕਤ ਨਹੀਂ, ਇਹ ਜਮਦੂਤਾਂ ਨੂੰ ਵਾਪਿਸ ਭੇਜ ਸਕਨ। ਅੰਮ੍ਰਿਤ ਛਕਣ ਨਾਲ ਵਾਪਿਸ ਮੁੜ ਜਾਂਦੇ ਹਨ। ਧਰਮ ਰਾਜ ਬਾਬੇ ਨਾਨਕ ਦਾ ਨੌਕਰ ਹੈ, ਅਜ ਵੀ ਅੰਮ੍ਰਿਤ ਬਾਬਾ ਨਾਨਕ ਹੀ ਛਕਾਉਂਦਾ ਹੈ, ਜਮਦੂਤਾਂ ਦੀ ਕੀ ਮਜਾਲ ਹੈ, ਉਥੇ ਟਿਕ ਜਾਣ। ਇਹ ਗੱਲ ਸਾਰੀ ਸ੍ਰਿਸ਼ਟੀ ਨੂੰ ਸਮਝਾਉਣ ਵਾਲੀ ਹੈ, ਪਰ ਕੌਣ ਸਮਝਾਏ? ਬੁਧੂ ਕੌਮ, ਮਾਇਆ ਦੀ ਲਾਲਚੀ, ਰੱਬ ਨੂੰ ਖਾ ਜਾਣ ਵਾਲੀ ਕਿਵੇਂ ਸਮਝਾਏ?

ਬੱਚਿਆਂ ਨੂੰ ਅੰਮ੍ਰਿਤ ਛਕਾ ਕੇ ਸਿਰ ਤੇ ਕੇਸਕੀ ਸਜਾ ਕੇ, ਖੰਡਾ ਸਜਾ ਦਿਓ। ਬੈਠਾਓ ਸਿਮਰਨ ਤੇ, ਬੋਲੋ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਅੱਖਾਂ ਮੀਟ ਕੇ ਬੋਲਣਾ ਹੈ, ਧਿਆਨ ਟਿਕਾ ਕੇ, ਮਨ ਜੋੜ ਕੇ, ਅਰਦਾਸਾਂ ਕਰੋ ਗੁਰੂ ਪਾਤਿਸ਼ਾਹ ਸਚਖੰਡ ਲੈ ਜਾਓ। 5 ਮਿੰਟ ਹੀ ਕਾਫੀ ਹਨ।

ਘੰਟੇ ਬਾਦ ਫਿਰ ਬੈਠਾਓ 10 ਮਿੰਟ ਹੀ ਕਾਫੀ ਹਨ।

ਘੰਟੇ ਬਾਦ ਫਿਰ ਬੈਠਾਓ 15 ਮਿੰਟ ਹੀ ਕਾਫੀ ਹਨ।

ਰੋਟੀ ਖਾ ਕੇ ਆਰਾਮ ਕਰਨ ਦਿਓ, ਘੰਟੇ ਬਾਦ ਫਿਰ ਬੈਠਾਓ, 20 ਮਿੰਟ ਕਾਫੀ ਹਨ। ਸ਼ਾਮ ਨੂੰ 30 ਮਿੰਟ ਬੈਠਾਓ। ਜੇ ਬੱਚਾ ਆਪਣੇ ਆਪ 30 ਮਿੰਟ ਬੈਠ ਗਿਆ ਹੈ ਤਾਂ ਸੁਰਤੀ ਲੱਗ ਜਾਏਗੀ, 1 ਘੰਟਾ ਬੈਠਾ ਰਹੇਗਾ, 2 ਘੰਟੇ ਵੀ ਬੈਠ ਸਕਦਾ ਹੈ। ਬਸ! ਫਿਰ ਸਚਖੰਡਿ ਪਹੁੰਚ ਜਾਏਗਾ, ਪੁਛੋ ਬੱਚੇ ਨੂੰ, ਦਸੇਗਾ, ਗੁਰੂ ਸਾਹਿਬ ਆਏ ਸੀ। ਇਹ ਰੋਟੀਨ ਹਫਤਾ ਰੱਖੋ, ਮਹੀਨਾ ਰੱਖੋ। 5 ਵਾਰੀ ਰੋਜ ਬੱਚੇ ਨੂੰ ਬਿਠਾਓ। ਟੀ.ਵੀ. ਦਾ ਪਰਹੇਜ਼ ਕਰੋ, ਪਿਕਚਰ ਨਾ ਦੇਖੋ। ਗੱਲਾਂ ਘੱਟ ਕਰੋ। ਬੱਚਾ ਜੋ ਮੰਗਦਾ ਹੈ ਦਿਓ, ਬੱਚੇ ਨੂੰ ਖੁਸ਼ ਰੱਖੋ, ਕਦੀ ਗੁੱਸੇ ਨਾ ਹੋਵੋ। ਬੱਚਾ ਆਗਿਆਕਾਰੀ ਹੈ, ਤਾਂ ਗੁਰੂ ਪਾਤਿਸ਼ਾਹ ਜਰੂਰ ਦਰਸ਼ਨ ਦੇਣਗੇ, ਜਰੂਰ ਸਚਖੰਡਿ ਲੈ ਕੇ ਜਾਣਗੇ। ਕਦੀ ਹੋ ਹੀ ਨਹੀਂ ਸਕਦਾ, ਦਰਸ਼ਨ ਨਾ ਦੇਣ। ਗੁਰੂ ਨਾਹ ਵਾਚਕ ਨਹੀਂ ਹੈ। Negative ਨਹੀਂ ਹੈ Positive ਹੈ।

ਜੇ ਬੱਚਿਆਂ ਨੂੰ ਅਜੇ ਵੀ ਦਰਸ਼ਨ ਨਹੀਂ ਹੋਏ ਤਾਂ ਕੋਈ ਕਾਰਨ ਹੈ।

1. ਜਾਂ ਤਾਂ ਤੁਹਾਡੇ ਸੰਸਕਾਰ ਹੀ ਨਹੀਂ ਹਨ, ਰੱਬ ਨੂੰ ਮਿਲਣ ਦੇ।
2. ਤੁਸੀਂ ਮਾਂ-ਪਿਓ ਪੂਰਨ ਗੁਰਸਿਖ ਨਹੀਂ ਹੋ। ਜਿੰਦਗੀ ਵਿਚ ਘੋਰ ਅਪਰਾਧ ਕੀਤਾ ਹੈ।
3. ਮਾਂ ਦੁਨਿਆਵੀ ਮੱਤ ਦੇ ਰਹੀ ਹੈ, ਈਰਖਾ ਭਰ ਰਹੀ ਹੈ। ਜਾਂ ਪਿਤਾ ਇਹ ਕੰਮ ਕਰ ਰਿਹਾ ਹੈ।
4. ਮਾਂ ਸੋਚਦੀ ਹੈ, ਕੇਸਕੀ ਸਜਾ ਲਈ ਹੈ, ਵਿਆਹ ਕਿਵੇਂ ਹੋਏਗਾ, ਕਦੀ ਰੱਬ ਨਹੀਂ ਮਿਲੇਗਾ।
5. ਪਰਿਵਾਰ ਦੇ ਪਿਛਲੇ ਸੰਸਕਾਰ ਚੰਗੇ ਨਹੀਂ ਹਨ। ਸੰਗਤ-ਗੁਰਸਿਖਾਂ ਦੇ-ਗੁਰੂ ਦੇ ਪਰਥਾਏ ਕੁਝ ਗਲਤ ਬੋਲ ਬੋਲੇ ਹਨ-ਸਿੰਘਾਂ ਦੇ ਕਾਤਲ ਤਾਂ ਨਹੀਂ-ਬੱਬਰ ਸਿੰਘ ਤਾਂ ਨਹੀਂ ਮਰਵਾਰੇ, ਲਾਲਚ ਵਿੱਚ ਆ ਕੇ।
6. ਕਿਸੇ ਕਾਰਨ ਗੁਰਦੁਆਰੇ ਨਾਲ ਝਗੜਾ ਤਾਂ ਨਹੀਂ ਪਾਈ ਰੱਖਿਆ।

7. ਬੱਚਿਆਂ ਨੂੰ ਕੋਈ ਉਲਟੀ ਮੱਤ ਦੇ ਰਿਹਾਂ ਹੈ।

8. ਬੱਚੇ ਆਪ ਹੀ ਨਹੀਂ ਚਾਹੁੰਦੇ, ਪਰ ਤੁਹਾਡੇ ਕਹਿਣ ਤੇ ਬੈਠ ਰਹੇ ਹਨ।

9. ਬੱਚੇ ਦਾ ਸੁਰਤੀ ਵਿਚ ਬੈਠ ਕੇ ਪਿਛੇ ਡਿਗਣਾ ਬਹੁਤ ਜਰੂਰੀ ਹੈ, ਆਪਣੀ ਸੁੱਧ-ਬੁੱਧ ਹੀ ਨਾ ਰਹੇ, ਘੰਟਾ 2 ਘੰਟੇ ਡਿੱਗਾ ਰਹੇ।

10. ਘਰ ਦਾ ਵਾਤਾਵਰਨ ਠੀਕ ਨਹੀਂ ਹੈ, ਕੋਈ ਈਰਖਾਲੂ ਹੈ ਘਰ ਵਿਚ।

11. ਮਾਇਆ ਦੇ ਬਹੁਤ ਪ੍ਰੇਮੀ ਹੋ, ਹਰ ਵੇਲੇ ਮਾਇਆ ਬਾਰੇ ਹੀ ਸੋਚਦੇ ਹੀ ਰਹਿੰਦੇ ਹੋਂ, ਮੇਰਾ ਘਰ ਮਹੱਲ ਵਰਗਾ ਹੋਵੇ। 10 ਪਲਾਟ ਹੋਣ, ਕੰਮਕਾਰ ਵਧੀਆ ਹੋਵੇ, ਅੰਦਰੋਂ ਪੂਰਨ ਤੌਰ ਤੇ ਵਾਹਿਗੁਰੂ ਦੇ ਧੰਨਵਾਦੀ ਨਹੀਂ ਹੋ।

12. ਮਾਂ-ਪਿਓ ਨੂੰ ਗੁਰਬਾਣੀ ਦਾ ਗਿਆਨ ਨਹੀਂ। ਸਚਖੰਡਿ ਦੀ ਸੋਝੀ ਹੀ ਨਹੀਂ।

13. ਮਾਂ-ਪਿਓ ਦਾ ਸਿਮਰਨ ਬਹੁਤ ਘਟ ਹੈ। ਬਹੁਤਾ ਅਸਰ ਮਾਂ ਦਾ ਹੈ।

ਜੇ ਇਹ ਗੱਲਾਂ ਠੀਕ ਹਨ ਤਾਂ ਕਦੀ ਵੀ ਰੱਬ ਨਹੀਂ ਮਿਲੇਗਾ। ਰੱਬ ਲਈ ਪਿਆਰ-ਭਾਵਨਾ, ਨਿਮਰਤਾ, ਸੇਵਾ, ਹਲੀਮੀ, ਉਤਸ਼ਾਹ, ਹੁੱਬ ਚਾਹੀਦੀ ਹੈ। ਰੱਬ ਮਿਲ ਜਾਂਦਾ ਹੈ। ਬੱਚਿਆਂ ਨੂੰ 110% ਮਿਲਦਾ ਹੈ। ਜੇ ਕੋਈ ਐਸਾ ਕਰਮ ਹੋ ਜਾਂਦਾ ਹੈ, ਤਾਂ ਵਾਹਿਗੁਰੂ ਤੋਂ ਮੁਆਫੀ ਮੰਗੋ-ਜੇ ਬਖਸ਼ੇ ਜਾਓਗੇ ਤਾਂਬੱਚੇ ਸਚਖੰਡਿ ਜਾਣਗੇ। ਕੋਸ਼ਿਸ਼ ਕਰਦੇ ਜਾਓ,ਹਿੰਮਤ ਨਾ ਹਾਰੋ ਵਾਹਿਗੁਰੂ ਬਖਸ਼ਿਸ਼ ਕਰੇਗਾ ਹੀ ਕਰੇਗਾ। ਵਡਿਆਂ ਲਈ, ਗੁਰਬਾਣੀ ਦਾ ਗਿਆਨ, ਸਿਮਰਨ 4 ਘੰਟੇ ਹੋਣਾ ਚਾਹੀਦਾ ਹੈ। ਅਨਪੜ੍ਹ ਰੱਬ ਨੂੰ ਜਲਦੀ ਪਾ ਲੈਂਦਾ ਹੈ। ਭੋਲਾ ਤੇ ਪੇਂਡੂ ਜਲਦੀ ਰੱਬ ਨੂੰ ਪਾ ਲੈਂਦਾ ਹੈ। ਸਿਆਣੀ ਔਰਤ ਸ਼ਹਿਰੀ-ਸਿਆਣਾ ਸ਼ਹਿਰੀ ਰੱਬ ਨੂੰ ਨਹੀਂ ਪਾ ਸਕਦਾ। ਸਿਆਣਪ ਰੁਕਾਵਟ ਹੈ। ਆਪਣੀ ਮੱਤ ਤਿਆਗੋ ਤਾਂ ਰੱਬ ਮਿਲਦਾ ਹੈ। ਗੁਰੂ ਦੀ ਮੱਤ ਗ੍ਰਹਿਣ ਕਰੋ। ਰੱਬ ਮਿਲ ਜਾਏਗਾ। ਥੋਹੜਾ ਬੋਲੋ, ਥੋਹੜਾ ਦੇਖੋ, ਥੋਹੜਾ ਸੁਣੋ। ਬਜ਼ਾਰ ਬਹੁਤ ਘੱਟ ਜਾਓ। ਸ਼ਾਪਿੰਗ ਘੱਟ ਕਰੋ। ਘਰ ਦਾ ਸਮਾਨ ਲੈਣ ਲਈ ਮਹੀਨੇ ਵਿਚ ਇਕ ਵਾਰੀ ਜਾਓ। ਹਰ ਵੇਲੇ ਵਾਹਿਗੁਰੂ-ਵਾਹਿਗੁਰੂ ਜਪਨ ਦੀ ਆਦਤ ਪਾਓ। ਇਕਠੀਆਂ ਔਰਤਾਂ ਵਿਚ ਕਦੀ ਨਾ ਬੈਠੋ। ਸੰਗਤ ਜਰੂਰ ਕਰੋ। ਗੁਰਦੁਆਰੇ ਜਰੂਰ ਜਾਓ ਤੇ ਉਥੇ ਸੇਵਾ ਜਰੂਰ ਕਰੋ। ਜੂਠੇ ਭਾਂਡੇ ਜਰੂਰ ਮਾਂਜੋ। ਚਰਨ-ਧੂੜ ਜਰੂਰ ਲਓ। ਰੱਬ ਨਾ ਮਿਲੇ ਕਦੀ ਹੋ ਹੀ ਨਹੀਂ ਸਕਦਾ। ਮਨੁੱਖਾਂ ਜਨਮ ਹੀ ਨਾ ਦਿੰਦਾ ਜੇ ਨਹੀਂ ਸੀ ਮਿਲਣਾ, ਮਨੁੱਖਾਂ ਜਨਮ ਦਾ ਮਤਲਵ ਹੀ ਹੈ, ਰੱਬ ਦਾ ਮਿਲਾਪ, ਦਿਲ ਨਾ ਛੱਡੋ।

# "ਗੁਰਦੁਆਰੇ ਦੇ ਚੜਾਵੇ ਨੂੰ ਹੱਥ ਨ ਲਾਈਂ"

ਗੁਰਦੁਆਰੇ ਬਣਾਉਂਣ ਦਾ ਹੁਕਮ ਗੁਰੂ ਨਾਨਕ ਪਾਤਿਸ਼ਾਹ ਨੇ ਦਿੱਤਾ ਸੀ। ਉਥੇ ਸੰਗਤਿ ਜੋੜਦੇ ਸਨ, ਵਾਹਿਗੁਰੂ ਵਾਹਿਗੁਰੂ ਸਿਮਰਨ ਵਿਚ ਸੁਰਤਿ ਜੋੜਦੇ ਸਨ, ਰੱਬ ਨਾਲ ਮਿਲਾਪ ਹੁੰਦਾ ਸੀ, ਗੁਰੂ ਸਾਹਿਬ ਰੱਬ ਦੀਆਂ ਗੱਲਾਂ ਦੱਸਦੇ ਸਨ। ਰੱਬ ਕੀ ਹੈ, ਤੂੰ ਕੌਣ ਹੈ, ਰੱਬ ਕਿਵੇਂ ਮਿਲਦਾ ਹੈ, ਰੱਬ ਦਾ ਸੁਭਾਵ ਕਿਹੋ ਜਿਹਾ ਹੈ, ਰਹਿੰਦਾ ਕਿੱਥੇ ਹੈ, ਤੈਨੂੰ ਮਨੁੱਖਾਂ ਜਨਮ ਕਿਉਂ ਦਿੱਤਾ ਹੈ, ਤੂੰ ਕੀ ਕਰਨ ਆਇਆ ਹੈਂ? ਇਤਿਆਦ।

ਸੰਗਤ ਬਹੁਤ ਜੁੜਨ ਲੱਗ ਪਈ, ਗੁਰੂ ਪਾਤਿਸ਼ਾਹ ਨੇ ਦੂਸਰੇ ਪਾਤਿਸ਼ਾਹ ਨੂੰ ਗੁਰਦੁਆਰਾ ਬਨਾਉਣ ਦਾ ਹੁਕਮ ਕਰ ਦਿੱਤਾ, ਦੂਸਰੇ ਨੇ ਤੀਸਰੇ ਪਾਤਿਸ਼ਾਹ ਨੂੰ ਤੀਸਰੇ ਨੇ ਚੌਥੇ ਪਾਤਿਸ਼ਾਹ ਨੂੰ ਫਿਰ ਇਸੇ ਤਰ੍ਹਾਂ ਪੰਜਵੇਂ ਪਾਤਿਸ਼ਾਹ ਨੂੰ। ਫਿਰ ਹਰ ਜਗ੍ਹਾ ਗੁਰਦੁਆਰੇ ਬਣ ਕੇ ਸੰਗਤ ਜੁੜਨ ਲੱਗ ਪਈ। ਉਦੋਂ ਗੁਰਦੁਆਰੇ ਕੱਚੇ ਹੀ ਹੁੰਦੇ ਸਨ, ਪਰ ਸੰਗਤਿ ਰੱਬ ਦੇ ਮਿਲਾਪ ਵਾਲੀ ਹੁੰਦੀ ਸੀ, ਸਾਰੇ ਗੁਰਸਿਖ ਗੁਰੂ ਵਾਲੇ, ਅੰਮ੍ਰਿਤਧਾਰੀ, ਜੀਵਨ ਵਾਲੇ। ਉਥੇ ਅਰਦਾਸਾਂ ਹੁੰਦੀਆਂ ਸਨ ਸਾਰਿਆਂ ਦੇ ਕੰਮ ਪੂਰੇ ਹੋ ਜਾਂਦੇ ਸਨ, ਸੋ ਅਰਦਾਸ ਦੀ ਮਹਾਨਤਾ ਵੱਧਦੀ ਹੀ ਗਈ। ਕਾਫੀ ਸੰਗਤ ਅਰਦਾਸ ਕਰਵਾਉਂਣ ਆਉਂਦੀ ਸੀ-ਗੁਰੂ ਪਾਤਿਸ਼ਾਹ ਦੁਖ-ਸੁਖ ਸੁਣਦੇ ਤੇ ਪੂਰਾ ਕੰਮ ਕਰ ਦਿੰਦੇ ਜਾਂ ਬਖਸ਼ਿਸ਼ ਨਾਲ ਹੋ ਜਾਂਦਾ। ਇਸ ਤਰ੍ਹਾਂ ਹਰ ਜਗ੍ਹਾ ਸੰਗਤਿ ਵੱਧਦੀ ਹੀ ਗਈ, ਗੁਰਦੁਆਰੇ ਬਣਦੇ ਹੀ ਗਏ। ਹੁਣ ਤਾਂ ਗਲੀ-ਗਲੀ, ਮੁਹੱਲੇ-ਮੁਹੱਲੇ ਗੁਰਦੁਆਰਾ ਹੈ।

ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਜਾਣ ਨਾਲ, ਗੁਰਦੁਆਰੇ ਪੁਜਾਰੀਆਂ ਮਹੰਤਾਂ ਨੇ ਸੰਭਾਲ ਲਏ। ਉਹਨਾਂ ਨੂੰ ਸਿਮਰਨ-ਸੁਰਤੀ ਦਾ ਪਤਾ ਹੀ ਨਹੀਂ ਸੀ, ਫਿਰ ਬ੍ਰਾਹਮਣਵਾਦ ਆ ਵੜਿਆ, ਸਿੱਖੀ ਵਿਚ। ਅਰਦਾਸ ਵਿਚ ਭਗਾਉਤੀ ਆ ਵੜੀ, ਗੁਰੂ ਆਦਿ, ਕਰਤਾ, ਸਿਰਜਨਹਾਰ ਕਿਉਂ ਭਗਉਤੀ ਨੂੰ ਸਿਮਰੇਗਾ, ਕਿਸੇ ਨੂੰ ਸਮਝ ਨਾ ਆਈ, ਰਾਗ ਮਾਲਾ ਵਾੜ ਦਿੱਤੀ, ਚੌਪਈ ਵਾੜ ਦਿੱਤੀ ਭਾਵ ਪੂਰਾਵਾਹ ਲਾਇਆ, ਸਿੱਖੀ ਖਤਮ ਹੋ ਜਾਏ, ਦਸਮ ਗ੍ਰੰਥ ਲਿਆ ਵਾੜਿਆ। ਹੋਰ ਬਹੁਤ ਕੁਛ ਜੋ ਐਸ ਵੇਲੇ ਇਹ ਟੋਪਿਕ ਨਹੀਂ ਹੈ। ਅਖੰਡ ਪਾਠ, ਪਾਠ ਹੀ ਪਾਠ, ਸੰਪਟ ਪਾਠ।

ਸਿੱਖ ਫਿਰ ਜੰਮ ਪਏ, ਖਤਮ ਨਹੀਂ ਹੋਏ। ਅਰਦਾਸਾਂ ਫਿਰ ਹੋਣ ਲੱਗ ਪਈਆਂ, ਸੰਗਤ ਜੁੜਨ ਲੱਗ ਪਈ, ਦਸਵੰਦ ਆਉਂਣ ਲੱਗ ਪਿਆ। ਪੁਜਾਰੀ

ਮਹੰਤ ਉਸ ਮਾਇਆ ਨਾਲ ਅਯਾਸ਼ੀ ਕਰਨ ਲੱਗ ਪਏ, ਅਸਲਾ ਖਰੀਦ ਲਿਆ, ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਅੰਤ ਅਸੀਂ ਸ਼ਹੀਦੀਆਂ ਦੇ ਕੇ ਗੁਰਦੁਆਰੇ ਅਜ਼ਾਦ ਕਰਵਾ ਲਏ। ਮਹੰਤ ਨਰਾਇਣ ਦਾਸ ਦੀ ਜਦੋਂ ਸਾਰੀ ਹਉਮੈ ਉਤਰ ਗਈ ਤਾਂ ਸਿੱਖਾਂ ਨੂੰ ਮਿਲਣਾ ਚਾਹਿਆਂ, ਗੋਰਿਆਂ ਨੇ ਰੋਕਿਆ, ਪਰ ਨਹੀਂ ਮੈਂ ਮਿਲਣਾ ਹੀ ਮਿਲਣਾ ਹੈ। ਗੋਰਿਆਂ ਨੇ ਸਿੱਖਾਂ ਨੂੰ ਮਿਲਾ ਦਿੱਤਾ। ਮਹੰਤ ਨਰਾਇਣ ਦਾਸ ਨੇ ਸਿੱਖਾਂ ਨੂੰ ਕੀ ਕਿਹਾ, ਜਦੋਂ ਮੈਂ ਆਇਆ ਸੀ, ਸੇਵਾ ਕਰਨ, ਮੇਰੀ ਭਾਵਨਾ ਬਹੁਤ ਚੰਗੀ, ਸਾਫ-ਸੁਥਰੀ ਤੇ ਨੇਕ ਸੀ, ਗੁਰੂ ਸਾਹਿਬ ਦੀ ਸੇਵਾ ਕਰਾਂਗਾ, ਆਪਣਾ ਜੀਵਨ ਸਫਲਾ ਕਰਾਂਗਾ, ਸਚਖੰਡਿ ਜਾਵਾਂਗਾ। ਪਰ ਮੈਂ ਚੜ੍ਹਾਵਾ ਵਰਤਨ ਲੱਗ ਪਿਆ, ਉਸ ਨੇ ਮੇਰੀ ਮੱਤ ਮਾਰ ਦਿੱਤੀ। ਮੈਂ ਆਈ ਧੀ ਭੈਣ ਦੀ ਇੱਜ਼ਤ ਲੁੱਟਣ ਲੱਗ ਪਿਆ, ਸ਼ਰਾਬਾਂ ਪੀਣ ਲੱਗ ਪਿਆ, ਗੁੰਡੇ ਰੱਖ ਲਏ, ਅਸਲਾ ਖਰੀਦ ਲਿਆ ਤੇ ਖੂਨੀ ਸਾਕਾ ਹੋ ਗਿਆ। ਮੈਂ ਤੁਹਾਨੂੰ ਬੇਨਤੀ ਕਰਨ ਆਇਆ ਹਾਂ, ਜਿਵੇਂ ਮੈਂ ਆਪਣੇ ਕਿਰਦਾਰ ਤੋਂ ਗਿਰ ਗਿਆ, ਕਾਮ ਤੇ ਨਸ਼ੇ ਵੱਸ ਹੋ ਗਿਆ ਤੇ ਅੰਤ ਨੂੰ ਗੁਰਸਿੱਖਾਂ ਦਾ ਗੁਰੂ ਦੇ ਪਿਆਰੇ ਸਿੱਖਾਂ ਦਾ ਕਾਤਲ ਬਣਿਆ। ਤੁਸੀਂ ਵੀ ਕਿਤੇ ਭੁੱਲ ਕੇ ਚੜ੍ਹਾਵਾ ਨਾ ਖਾਣਾ, ਨਹੀਂ ਤਾਂ ਮੇਰੇ ਵਰਗੇ ਹੀ ਹੋ ਜਾਓਗੇ। ਅਸੀਂ ਵੀ ਖਾਣ ਲੱਗ ਪਏ ਤੇ ਮਹੰਤ ਨਰਾਇਣ ਦਾਸ ਦਾ ਰਿਕਾਰਡ ਤੋੜ ਦਿੱਤਾ। ਅੱਜ ਕੱਲ ਨੰਗੀਆਂ ਲੱਤਾਂ ਵਾਲੇ ਦਿੰਦੇ ਹੀ ਮੁੰਡੇ ਹਨ। ਆਈ ਧੀ-ਭੈਣ ਦੀ ਇੱਜਤ ਲੁੱਟ ਲਈ, ਜੇ ਉਹ ਚੁਪ ਕਰ ਗਈ ਤਾਂ ਠੀਕ ਨਹੀਂ ਤਾਂ ਲਾਸ਼ ਨਹਿਰ ਵਿਚ ਹਰੀ ਕੇ ਪਤੱਨ, ਗੁਰਦੁਆਰਾ ਬਹੁਤ ਸੋਹਣੈ, ਕੰਮ ਵੀ ਬਹੁਤ ਸੋਹਣੇ, ਉਹਨਾਂ ਦੇ। ਚੜ੍ਹਾਵਾ ਖਾਣ ਨਾਲ ਇਹਨਾਂ ਦੀ ਵੀ ਮੱਤ ਮਾਰੀ ਗਈ-ਉਹੀ ਮਹੰਤ ਵਾਲੇ ਕੰਮ ਸ਼ੁਰੂ ਹੋ ਗਏ। ਗੁਰਸਿੱਖਾਂ ਨੂੰ ਮਾਰਨ ਲਈ CRP ਦੀ ਪਿਕਟਾਂ ਅੱਜ ਵੀ ਬਣੀਆਂ ਹੋਈਆਂ ਹਨ। ਉਸ ਸੰਗਤ ਨੂੰ ਕੀ ਆਖਾਂਗੇ, ਰੋਜ਼ ਦੀ ਇਹ ਖਬਰ ਪੜ੍ਹ ਕੇ ਵੀ ਉਥੇ ਹੀ ਜਾਂਦੀ ਹੈ, ਪੈਸੇ ਵੀ ਉਥੇ ਹੀ ਦਿੰਦੇ ਹਨ ਤੇ ਪੁਜਾਰੀਆਂ ਨਾਲ ਬੀਬੀਆਂ, ਕੁੜੀਆਂ ਸੌਂਦੀਆਂ ਹਨ, ਕਿਆ ਖੇਡ ਹੈ ਬਾਬੇ ਦੀ, ਗੁਰਦੁਆਰਾ ਹੈ ਕਿ Brothel. ਅਕਲ ਤਾਂ ਸਾਨੂੰ ਨਹੀਂ, ਕਿਸੇ ਨੂੰ ਕੀ ਦੋਸ਼ ਦੇਣੈ, ਬੀਬੀਆਂ ਆਖ ਦੇਂਦੀਆਂ ਹਨ, ਜੋ ਕਰਨਗੇ ਸੋ ਭਰਨਗੇ ਤੂੰ ਕਿਉਂ ਭਇਓ ਉਦਾਸ।

ਪੁਜਾਰੀਆਂ-ਮਹੰਤਾਂ ਕੋਲੋਂ ਤਾਂ ਗੁਰਦੁਆਰੇ ਅਜ਼ਾਦ ਕਰਵਾ ਲਏ, ਇਹਨਾਂ ਕੋਲੋਂ ਕੌਣ ਕਰਵਾਏਗਾ, ਇਹ ਪੁਜਾਰੀ-ਮਹੰਤ ਨਹੀਂ ਹਨ। ਜੱਟ ਹਨ ਜੱਟ। Jat Just Avoid Them. ਕਿਸ ਦੀ ਹਿੰਮਤ ਹੈ, ਇਹਨਾਂ ਨਾਲ ਲੜੇ। ਅੱਜ ਕੱਲ ਭਾਪਾ-ਖੱਤਰੀ ਮਰ ਨਹੀਂ ਸਕਦਾ-ਸ਼ਹੀਦੀ ਨਹੀਂ ਦੇ ਸਕਦਾ। ਮਾਇਆਧਾਰੀ ਹੋ

ਗਏ ਹਨ। ਜੇ ਅਜ ਅਵਾਜ਼ ਉਠ ਰਹੀ ਹੈ ਕਿ ਗੁਰਦੁਆਰੇ ਅਜ਼ਾਦ ਕਰਵਾਓ ਤੋਂ ਭਾਵ ਇਹ ਨਹੀਂ ਕਿ ਸਿੱਖੀ ਦਾ ਪਰਚਾਰ ਕਰਾਂਗੇ, ਇਹ ਮਾਇਆ ਅਸੀਂ ਸਾਭਾਂਗੇ, ਇਹ ਇੱਕਲੇ ਹੀ ਖਾਈ ਜਾਂਦੇ ਹਨ। ਜਦੋਂ ਕਿਤੇ ਲੜਾਈ ਹੋਈ, ਜਟਾਂ ਜਟਾਂ ਦੀ ਹੋਣੀ ਹੈ। ਭਾਪਾ ਤਾਂ ਗੁਰਦੁਆਰੇ ਹੀ ਜਾਣ ਜੋਗਾ ਹੈ, ਅਣਖੀ ਨਹੀਂ ਹੈ, ਡਰਪੋਕ ਹੈ। ਜੱਟ ਨਾ ਹੁੰਦੇ ਕਚਹਿਰੀ ਨਾ ਹੁੰਦੀ, ਵਕੀਲ ਨਾ ਹੁੰਦੇ, ਕੋਈ Law ਕਰਦਾ ਹੀ ਨਹੀਂ। ਇਹ ਸਾਰੀਆਂ ਜੱਟਾਂ ਦੀਆਂ ਬਰਕਤਾਂ ਹਨ।

ਮੇਰੀ ਭਾਵਨਾ ਇਸ ਲੇਖ ਵਿਚ ਇਹ ਹੈ ਕਿ ਚੜਾਵਾ ਖਾ ਕੇ ਤੁਹਾਡੀ ਤਾਂ ਮੱਤ ਮਾਰੀ ਗਈ ਹੈ ਪਰ ਰੱਬ ਦੀ ਤਾਂ ਨਹੀਂ ਮਾਰੀ ਗਈ, ਉਹ ਤਾਂ ਸਭ ਕੁਝ ਦੇਖ ਰਿਹਾ ਹੈ, ਤੁਹਾਡੇ ਤੋਂ ਕਰਵਾ ਰਿਹਾ ਹੈ, ਸ਼ਾਇਦ ਲਾਵਾ ਧਰਤੀ ਵਿੱਚੋਂ ਕੱਢ ਕੇ ਤੁਹਾਨੂੰ ਜੀਂਦੇ ਸਾੜਨਾ ਚਾਹੁੰਦਾ ਹੈ ਤੇ ਆਪਣੇ ਅੱਖੀ ਦੇਖਣਾ ਚਾਹੁੰਦਾ ਹੈ। ਪਾਤਿਸ਼ਾਹ ਨੇ ਮਸੰਦ ਸਾੜੇ ਸਨ, ਬਸ! ਉਸੇ ਤਰ੍ਹਾਂ ਹੀ।

ਦੂਸਰਾ ਪੱਖ ਤੁਸੀਂ ਨਰਕਾਂ ਨੂੰ ਭੁੱਲ ਗਏ ਹੋ, ਹੁੰਦੀਆਂ ਹੀ ਨਹੀਂ, ਧਰਮਰਾਜ ਹੈ ਹੀ ਨਹੀਂ, ਧਰਮ ਦਾ ਹੀ ਰਾਜ ਹੈ ਜੋ ਅਸੀਂ ਕਰ ਰਹੇ ਹਾਂ, ਇਹੀ ਧਰਮ ਦਾ ਰਾਜ ਹੈ। "**ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਿਰ ਮੀਨਾ ਹੇ।**" ਪਾਣੀ ਤੋਂ ਬਾਹਿਰ ਮੱਛੀ ਤੜਫੜਾਉਂਦੀ ਹੈ, ਤੂੰ ਵੀ ਇਸੇ ਤਰ੍ਹਾਂ ਤੜਫੇਗਾ। ਉਹ ਕਿਹੜਾ ਖੂਹ ਹੈ? ਉਹ ਤੇਰੇ ਲਈ ਹੈ, ਉਸ ਵਿਚ ਟੱਟੀ ਪੇਸ਼ਾਬ ਹੈ, ਵੀਰਜ ਹੈ, Menses ਹੈ, ਪਾਕ, ਨਜ਼ਲਾ, ਹੋਰ ਗੰਦ ਦਾ ਭਰਿਆ ਖੂਹ ਹੈ, ਜਿੱਥੇ ਤੈਨੂੰ ਗੋਤਾ ਦੇਣ ਹੈ, ਮਾਰਨਾ ਨਹੀਂ, ਗੋਤੇ ਦੇਣੇ ਹਨ, ਦਿੰਦੇ ਹੀ ਰਹਿਣਾ ਹੈ, ਤੈਨੂੰ ਪਤਾ ਨਹੀਂ ਸ਼ਾਇਦ ਕਰੋੜਾਂ ਸਾਲ। ਵੇਲਣੇ ਵਿਚ ਪਾ ਦੇਣੈ, ਇਧਰੋਂ ਪਾ ਦੇਣੈ, ਇਧਰੋਂ ਕੱਢ ਲੈਣੈ, ਅਰਬਾਂ ਸਾਲ। ਤੈਨੂੰ ਇਹ ਗੱਲ ਸਮਝ ਨਹੀਂ ਆਉਂਣੀ, ਤੇਰੀ ਚੜਾਵੇ ਨੇ ਮੱਤ ਮਾਰੀ ਹੋਈ ਹੈ। ਉਹ ਕੀੜੇ ਸੁੰਡੇ ਪੈਣੇ ਹਨ, ਜੋ ਤੂੰ ਦੇਖੇ ਵੀ ਨਹੀਂ ਹੋਣੇ, ਤੇਰੀ Wait ਉਡੀਕ ਕਰ ਰਹੇ ਹਨ। ਤੈਨੂੰ ਜੇ ਅਗਲੀ ਦੁਨੀਆਂ ਦੀ ਸੋਝੀ ਹੋਵੇ ਤਾਂ ਰੁੱਖੀ ਮਿੱਸੀ ਖਾ ਕੇ ਗੁਜਾਰਾ ਕਰ ਲਏਂ। **ਤੁਮ ਸੁਣਿਓ ਨਹੀ ਧਰਮ ਰਾਇ॥ ਜਮ ਕਾ ਠੇਗਾ ਬੁਰਾ ਹੈ ਉਹ ਨਹੀ ਸਹਿਆ ਜਾਏ॥** ਇਹ ਦੋ ਲਾਈਨਾਂ ਧਿਆਨ ਨਾਲ ਪੜ੍ਹ ਭਾਵ ਧਰਮ ਰਾਇ ਬਹੁਤ ਜਾਲਮ ਹੈ, ਜਮ ਦਾ ਠੁੱਡਾ ਤੂੰ ਸਹਿ ਨਹੀਂ ਸਕਦਾ, ਆਰ ਪਾਰ ਕਰ ਦੇਂਦਾ ਹੈ, ਤੈਨੂੰ ਹੀ ਕਰਨਾ ਹੈ, ਦੇਖ ਲੈ, ਖੂਹ ਵਿਚ ਗੋਤਾ ਦੇ ਕੇ ਉਸ ਨੇ ਇਹੀ ਕਹਿਣਾ ਹੈ, ਭਾਈ! ਚੜਾਵਾ ਖਾਂਦਾ ਸੀ, ਕੀ ਜੁਆਬ ਦੇਏਂਗਾ? ਦੂਸਰਾ ਉਸ ਨੇ ਕਹਿਣੇ ਹੈ ਧਰਤੀ ਤੇ ਕੀ ਕਰਨ ਗਿਆ ਸੀ? ਤੂੰ ਕਹੀਂ ਚੜਾਵਾ

ਖਾਣ ਗਿਆ ਸੀ। ਦੇਖ ਤਾਂ ਸਹੀ, ਤੇਰੇ ਨਾਲ ਕਰਦਾ ਕੀ ਹੈ? ਸਾਰਾ ਚੜ੍ਹਾਵਾ ਤੇਰਾ ਨਾ ਕਢਿਆ ਤਾਂ ਮੇਰਾ ਨਾ ਵਟਾ ਦੇਈਂ। ਮੈਂ ਤੈਨੂੰ ਉੱਥੇ ਮਿਲਣ ਆਉਂਣੈ, ਪਰ ਧਰਤੀ ਤੇ ਆ ਕੇ ਕੌਣ ਦਸੂ ਤੇਰੇ ਵਿਚਾਰੇ ਨਾਲ ਕੀ ਬੀਤ ਰਹੀ ਹੈ?

**ਦੂਸਰਾ ਪੱਖ :** ਪੁੱਛਣ ਦੀ ਲੋੜ ਹੀ ਨਹੀਂ, ਜਿਸ ਦੀ ਔਲਾਦ ਅਗੋਂ ਪਤਿਤ ਹੈ, ਅੰਮ੍ਰਿਤ ਹੀ ਨਹੀਂ ਛਕਿਆ, ਮਾਂ ਪਿਓ ਹਰਾਮ ਦੀ ਕਮਾਈ ਖਾਂਦੇ ਹਨ, ਅੰਦਰੋ ਬੇਈਮਾਨ ਹਨ, ਬਾਹਰੋਂ ਭਾਵੇਂ ਪੂਰਨ ਗੁਰਸਿਖ ਹੋਣ। ਜਿਸ ਦੀ ਔਲਾਦ ਪਤਿਤ ਹੈ, ਮਾਂ ਪਿਓ ਅਗਿਆਨੀ ਹੋ ਸਕਦਾ ਹੈ, ਬੱਚਿਆਂ ਨੂੰ ਸਮਝਾਇਆ ਨਹੀਂ। ਹਰਾਮੀ ਹਨ ਤਾਂ ਵਾਹਿਗੁਰੂ ਨੇ ਅੰਮ੍ਰਿਤ ਛਕਾਉਣਾ ਹੀ ਨਹੀਂ। ਬਸਾਂ! ਇਹ ਨਿਸ਼ਾਨੀ ਪੱਕੀ ਹੈ। ਸਿੱਖੀ ਪਤਿਤ ਕਿਉਂ ਹੋ ਰਹੀ ਹੈ? ਆਪਾ ਮਾਇਆਧਾਰੀ– ਅੱਗੋਂ ਬੱਚੇ ਪਤਿਤ। ਕੋਈ ਅਕਾਲੀਆਂ ਦਾ ਬੱਚਾ ਅੱਗੋਂ ਸਿੱਖ ਹੋਵੇ, ਪਤਿਤ ਨਾ ਹੋਵੇ ਭਾਵ ਅੰਦਰੋਂ ਠੀਕ ਨਹੀਂ ਹਨ।

ਸਿੱਖੀ ਬਹੁਮੁੱਲੀ ਹੈ–ਸ਼ੁਧ ਖਾਲਸ ਸੋਨੇ ਵਰਗੇ ਨੂੰ ਮਿਲਦੀ ਹੈ। ਪਹਿਲੀ ਗੱਲ ਗੁਰਦੁਆਰੇ ਦੀ ਕਮੇਟੀ ਵਿਚ ਆਓ ਹੀ ਨਾ। ਜੇ ਆਓ ਤਾਂ ਸੇਵਾ ਭਾਵਨਾ ਨਾਲ ਆਓ, ਕਦੀ ਗੁਰਦੁਆਰੇ ਦੀ ਮਾਇਆ ਦੀ ਦੁਰਵਰਤੋਂ ਨਾ ਕਰੋ। ਅਖਬਾਰ ਆਖਦਾ ਹੈ 10 ਅਰਬ ਦਾ ਚੜ੍ਹਾਵਾ ਹੈ ਗੁਰਦੁਆਰੇ ਦਾ 3 ਅਰਬ ਦਾ ਦਿਖਾਉਂਦੇ ਹਨ, ਬਾਕੀ ਨਰਕਾਂ ਵਿਚ ਹਿਸਾਬ ਹੋਏਗਾ, **ਲੇਖਾ ਰਬ ਮੰਗੇਸੀਆ ਬੈਠਾ ਕਢਿ ਵਹੀ**। ਹਰ ਬੰਦਾ ਅਜ ਗੁਰਦੁਆਰੇ ਦਾ ਪ੍ਰਧਾਨ ਬਨਣਾ ਚਾਹੁੰਦਾ ਹੈ। ਭਾਵੇ ਸ਼ਰਾਬ, ਭੁਕੀ ਖਵਾਉਂਣੀ ਪਏ। SGPC ਦਾ ਮੈਂਬਰ ਬਨਣ ਲਈ ਕਰੋੜ ਰੁਪਏ ਦਾ ਖਰਚਾ ਹੈ। ਸ਼ਰਾਬਾਂ ਤੇ ਭੂਕੀ ਵੀ ਖਵਾਉਂਦੇ ਹਨ। ਕਾਸ਼! ਪਤਾ ਹੁੰਦਾ, ਜਿੰਦਗੀ ਮੌਤ ਤੋਂ ਬਾਦ ਸ਼ੁਰੂ ਹੋਣੀ ਹੈ, ਇਹ ਤਾਂ ਇਕ ਇਮਤਿਹਾਨ ਹੈ। ਰੱਬ ਦਾ ਮਨਮੁਖ ਨਾਲ ਵਿਹਾਰ ਬਹੁਤ ਭੈੜਾ ਹੈ ਤੇ ਗੁਰਦੁਆਰੇ ਦਾ ਚੜ੍ਹਾਵਾ ਖਾਣ ਵਾਲੇ ਦਾ ਕੀ ਹਾਲ ਕਰੇਗਾ, ਰੱਬ ਹੀ ਜਾਣੇ।

# ਦਸਵੰਦ (ਦਸਵਾਂ ਹਿੱਸਾ)

## ਗੁਰੂ ਪਾਤਿਸ਼ਾਹ ਨੇ ਦਸਵੰਦ ਦੇਣ ਨੂੰ ਕਿਹਾ ਹੈ, "ਸਮੇਂ ਦਾ ਕਿ ਕਮਾਈ ਦਾ?"

ਗੁਰੂ, ਸਾਡਾ ਗੁਰੂ, ਬਾਬਾ ਨਾਨਕ ਗੁਰੂ, ਤਾਂ ਵਾਹਿਗੁਰੂ ਅਕਾਲ ਪੁਰਖ ਰੱਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਹਿਗੁਰੂਆਂ ਦੇ ਵਾਹਿਗੁਰੂ ਹਨ। ਵਾਹਿਗੁਰੂ ਪ੍ਰਕਾਸ਼ ਪਰਮ-ਆਤਮਾ ਤੇ ਬਾਬਾ ਨਾਨਕ ਵਾਹਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ। ਲਛਮੀ-ਮਾਇਆ ਨੂੰ ਪੈਦਾ ਕਰਨ ਵਾਲਾ ਕਰਤਾ ਸਿਰਜਣਹਾਰ ਆਪ ਬਾਬਾ ਨਾਨਕ ਹੈ। ਫਿਰ ਬਾਬੇ ਨਾਨਕ ਨੂੰ ਲਛਮੀ-ਮਾਇਆ ਦੀ ਕਿਉਂ ਲੋੜ ਪੈ ਗਈ? ਸਿਖੋ! ਮੇਰੇ ਸਿੱਖੋ! ਮੈਨੂੰ ਦਸਵੰਦ ਦਿਓ। ਕਿਉਂ? ਬਾਬਾ ਕਰਤਾ, ਸਿਰਣਜਹਾਰ ਵਾਹਿਗੁਰੂ ਨਾਨਕ, 12 ਸਾਲ ਘਰੋਂ ਬਾਹਿਰ ਯਾਤਰਾ ਤੇ ਦੁਨੀਆਂ ਨੂੰ ਤਾਰਣ ਲਈ ਗਿਆ, ਕਿਤੇ ਵੀ ਜ਼ਿਕਰ ਨਹੀਂ ਆਇਆ, ਬਾਬੇ ਨੂੰ ਮਾਇਆ ਦੀ ਲੋੜ ਪਈ ਹੋਵੇ, ਮੰਗੀ ਹੋਵੇ, ਘਰੋਂ ਮੰਗਾਈ ਹੋਵੇ, ਕਿਤੋਂ ਉਧਾਰੀ ਲਈ ਹੋਵੇ, ਮਰਦਾਨਾ ਵੀ ਨਾਲ ਸੀ, ਰੋਟੀ ਵੀ ਖਾਂਦੇ ਹੋਣਗੇ, ਕੱਪੜੇ, ਬਿਸਤਰਾ, ਰਹਿਣਾ, ਰਹਾਇਸ਼, ਨਹਾਉਣਾ, ਧੋਣਾ, ਸਾਬਨ, ਤੇਲ, ਜੁੱਤੀ ਦੀ ਲੋੜ ਤਾਂ ਰਹਿੰਦੀ ਹੈ, ਕਿਵੇਂ ਗੁਜਾਰਾ ਕੀਤਾ ਹੋਵੇਗਾ? ਬਾਬਾ ਜੀ ਨੂੰ ਪਿਤਾ ਜੀ ਨੇ 40 ਰੁਪਏ ਦਿੱਤੇ, ਕੋਈ ਚੰਗਾ ਵਪਾਰ ਕਰਨ ਲਈ, ਬਾਬਾ ਜੀ ਭੁੱਖੇ ਪੀੜਤ ਲੋਕਾਂ ਨੂੰ ਰੋਟੀ ਹੀ ਖੁਆ ਆਏ, ਲੰਗਰ ਲਾ ਦਿੱਤਾ। ਅਜ ਦੇ 40 ਲੱਖ ਰੁਪਏ ਹੋਣਗੇ। ਪਰਵਾਹ ਹੀ ਨਹੀਂ ਕੀਤੀ, ਸਾਰਾ ਦਾ ਲੰਗਰ ਹੀ ਲਾ ਦਿੱਤਾ। ਆਈ ਮਾਇਆ ਨੂੰ ਕੋਲ ਨਾ ਰੱਖਣ ਵਾਲਾ ਬਾਬਾ ਸਿੱਖਾਂ ਕੋਲੋਂ ਦਸਵਾਂ ਹਿੱਸਾ ਮੰਗਦਾ ਹੈ, ਆਪਣੇ ਲਈ। ਇਹ ਕਿਵੇਂ ਹੋ ਸਕਦਾ ਹੈ? ਫਿਰ ਬਾਬਾ ਦਾਤਾ ਹੈ, ਮਾਇਆ ਦੇਣ ਵਾਲਾ ਹੈ, ਲੈਣ ਵਾਲਾ ਮੰਗਤਾ ਨਹੀਂ। ਅਸੀਂ ਮੰਗਤੇ ਹਾਂ, ਭਿਖਾਰੀ ਹਾਂ, ਜਾਚਕ ਹਾਂ, ਕੂਕਰ ਹਾਂ, ਸੇਵਕ ਹਾਂ, ਬਾਬਾ ਦਾਤਾ ਹੈ, ਕਰਤਾ ਹੈ, ਸਿਰਣਜਹਾਰਾ ਹੈ, ਨਿਰੰਕਾਰ ਹੈ, ਅਕਾਲ ਪੁਰਖ ਹੈ, ਰੱਬ ਹੈ, ਪਰਮੇਸ਼ਰ ਹੈ, ਪਾਰਬ੍ਰਹਮ ਹੈ। ਸਾਡੇ ਤੇ ਉਹਦੇ ਵਿਚ ਜਮੀਨ ਆਸਮਾਨ ਦਾ ਫਰਕ ਹੈ। ਅਸਂ ਪੰਜ ਭੂਤਕ ਹਾਂ, ਸਰੀਰ ਹਾਂ, ਮਾਇਆ ਦੇ ਪੁਤਲੇ ਹਾਂ, ਚੰਦਰੀ ਹਾਉਮੈ ਅੰਦਰ ਹੈ, ਸਾਰੇ ਵਿਕਾਰ ਅੰਦਰ ਹਨ, ਸਰੀਰ ਵੀ ਗੰਦ ਨਾਲ ਭਰਿਆ ਪਿਆ ਹੈ। ਬਾਬਾ ਨਾਨਕ ਸਰੀਰ ਹੀ ਨਹੀਂ, ਪੰਜ ਭੂਤਕ ਨਹੀਂ, ਮਾਇਆ ਨਹੀਂ ਚਾਹੀਦੀ, ਅੰਦਰ ਹਉਮੈ ਨਹੀਂ, ਕੋਈ ਵਿਕਾਰ ਨਹੀਂ, ਰੱਬ ਵਰਗਾ ਪ੍ਰਕਾਸ਼ ਹੈ,

ਅਬਿਨਾਸ਼ੀ ਹੈ, ਆਦਿ ਹੈ, ਹੁਣ ਵੀ ਹੈ, ਅਗਾਂਹ ਨੂੰ ਵੀ ਰਹੇਗਾ, ਮਾਧੋ ਹੈ, ਮਾਇਆ-ਲਛਮੀ ਦਾ ਪਤੀ ਹੈ। ਮਾਇਆ-ਲਕਸ਼ਮੀ ਉਸ ਦੀ ਦਾਸੀ ਹੈ-ਨੌਕਰਾਣੀ ਹੈ, ਗੋਲੀ ਹੈ। ਮਾਲਸ਼ ਕਰਦੀ ਹੈ। ਬਾਬੇ ਨਾਨਕ ਦੇ ਗੁਰਸਿਖਾਂ ਦੀ ਦਾਸੀ ਹੈ।

**ਗਿਆਨੀ ਕੀ ਹੋਇ ਵਰਤੀ ਦਾਸੀ॥**

**ਕਰ ਜੋੜ ਸੇਵਾ ਕਰੇ ਅਰਦਾਸਿ॥**

**ਜੋ ਤੂੰ ਕਹਹਿ ਸੋਕਾਰ ਕਮਾਵਾ॥**

**ਜਨ ਨਾਨਕ ਗੁਰਮੁਖਿ ਨੇੜ ਨ ਆਵਾ॥੩੯੪॥**

ਸਾਡਾ ਬਾਬਾ, ਇਕ ਲੱਖ ਰੁਪਏ ਦਾ ਰੋਜ਼ ਸੂਟ ਬਦਲਦਾ ਹੈ। ਮਾਇਆ ਦੀ ਪਰਵਾਹ ਹੀ ਨਹੀਂ। ਅੰਮ੍ਰਿਤਸਰ, ਦਿੱਲੀ, ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਨਾਨਕ ਪਿਆਉ, ਤਰਨਤਾਰਣ, ਗੋਇੰਦਵਾਲ, ਸੁਲਤਾਨਪੁਰ ਲੋਧੀ-ਰੋਜ਼ ਰੁਮਾਲੇ ਲੱਖ ਰੁਪਏ ਦੇ ਹੁੰਦੇ ਹਨ। ਸਾਨੂੰ ਮੰਗਤਿਆਂ ਨੂੰ ਮਾਇਆ ਦੇਂਦਾ ਹੈ, "ਦਾਤਾ ਜੁ ਹੋਇਆ" ਉਸਦਾ ਫਰਜ਼ ਵੀ ਬਣਦਾ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਦੇ ਰਿਹਾ ਹੈ। ਫਿਰ ਇਹ

**ਦਸਵੰਦ ਕੀ ਹੈ?** ਦਾਤਾ ਵਾਹਿਗੁਰੂ ਬਾਬਾ ਨਾਨਕ, ਆਪਣੇ ਲਈ ਨਹੀਂ ਮੰਗਦਾ, ਸਗੋਂ ਸਾਡੇ ਤੇ ਬਖਸ਼ਿਸ਼ ਲੈਣ ਲਈ, ਬਖਸ਼ਿਸ਼ ਦੇਣ ਲਈ ਜੀਵਨ ਜਾਂਚ ਸਿਖਾਉਂਦਾ ਹੈ। ਪੁੰਨ ਕਰਨਾ, ਪਰਉਪਕਾਰ ਕਰਨਾ ਸਿਖਾਉਂਦਾ ਹੈ। ਤਰਸ ਕਰਨਾ-ਰਹਿਮ ਕਰਨਾ ਸਿਖਾਉਂਦਾ ਹੈ। ਤੂੰ ਵੀ ਮੇਰੇ ਵਰਗਾ ਬਣ ਜਾਏਂ। ਤੇਰਾ ਜੀਵਨ ਸੁਧਰ ਜਾਏ। ਜੀਵਨ-ਮਨੋਰਥ ਪੂਰਾ ਹੋ ਜਾਏ। ਰੱਬ ਨਾਲ ਬਣ ਆਏ, ਨਰਕਾਂ ਤੋਂ ਮੁਕਤੀ ਪ੍ਰਾਪਤ ਹੋ ਜਾਏ। ਸਚਖੰਡ ਨਾਲ ਸੰਬੰਧ ਜੁੜ ਜਾਏ ਤੇ ਰੱਬ ਮਿਲ ਜਾਏ।

ਬਾਬਾ ਆਖਦਾ ਹੈ, ਸਾਰੀ ਮਾਇਆ ਤੈਨੂੰ ਮੈਂ ਹੀ ਦੇ ਰਿਹਾ ਹਾਂ। ਤੂੰ ਕੌਣ ਹੈ? ਮੈਂ ਹੀ ਤੈਨੂੰ ਪੈਦਾ ਕੀਤਾ ਹੈ, ਚਾਰੇ ਪਦਾਰਥ ਮੈਂ ਹੀ ਦੇ ਰਿਹਾ ਹਾਂ, ਹੋਰ ਵੀ ਦਿੰਦਾ ਰਹਾਂਗਾ, ਸਾਰੀ ਉਮਰ ਦਿੰਦਾ ਰਹਾਂਗਾ। ਤੂੰ ਸਗੋਂ ਮੇਰੀ ਦਿੱਤੀ ਮਾਇਆ ਵਿਚੋਂ, ਮੇਰੇ ਲੋੜਵੰਦ ਪੁੱਤਰ ਦੀ ਸੇਵਾ ਕਰ, ਮੈਂ ਤੈਨੂੰ ਹੋਰ ਦਿਆਂਗਾ, ਤੇਰੀ ਝੋਲੀ ਭਰੀ ਰਖਾਂਗਾ। ਤੈਨੂੰ ਤੋਟ ਨਹੀਂ ਆਉਂਣ ਦਿਆਂਗਾ, ਬਰਕਤਿ ਪਾਵਾਂਗਾ, ਤੈਨੂੰ ਬਾਦਸ਼ਾਹ ਬਣਾ ਦਿਆਂਗਾ, ਸੇਵਾ ਕਰਦਾ ਜਾਈਂ। "**ਅਕਲੀ ਕੀਚੈ ਦਾਨੁ॥**" ਆਪਣੀ ਸਿਆਣਪ ਜਰੂਰ ਵਰਤੀਂ, ਮੇਰੀ ਦਿੱਤੀ ਮਾਇਆ ਨੂੰ ਵਰਤਣ ਲਈ। ਪਹਿਲੀ

ਗੱਲ, ਮੇਰੇ ਲੋੜਵੰਦ ਪੁੱਤਰ ਸਿਰਫ ਤੇ ਸਿਰਫ ਅੰਮ੍ਰਿਤਧਾਰੀ ਗੁਰਸਿਖ ਨੂੰ ਦਸਵੰਦ ਦੇਈਂ ਤਾਂ ਬਰਕਤਿ ਪਏਗੀ। ਗਰੀਬ ਗੁਰਸਿਖ ਦੀ ਮਦੱਦ ਕਰ ਦੇਈਂ, ਨਾਲ ਕਹੀਂ ਜਾਈਂ, ਮਾਇਆ ਬਾਬੇ ਨਾਨਕ ਦੀ ਹੈ, 2½ ਘੰਟੇ ਸਮੇਂ ਦਾ ਦਸਵੰਦ ਜਰੂਰ ਕਢੀਂ। ਚੌਕੜੀ ਮਾਰਕੇ ਅੱਖਾਂ ਮੀਟ ਕੇ, ਸਮਾਧੀ ਲਾ ਕੇ, ਮਨ ਜੋੜ ਕੇ, ਸੁਰਤੀ ਲਾ ਕੇ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਜਰੂਰ ਸਿਮਰੀਂ, ਤਾਂ ਇਹ ਫਲੂਗੀ ਤੇ ਤੈਨੂੰ ਬਾਦਸ਼ਾਹ ਬਣਾਉਂਗੀ। ਗਰੀਬ ਅੰਮ੍ਰਿਤਧਾਰੀ ਕੁੜੀ ਦੇ ਵਿਆਹ ਤੇ ਦੇਈਂ, ਮੈਂ ਹੋਰ ਦੇ ਦਿਆਂਗਾ। ਗਰੀਬ ਅੰਮ੍ਰਿਤਧਾਰੀ ਗੁਰਸਿਖ ਨੂੰ ਵਿਦਿਆ ਵਾਸਤੇ ਦੇਂਦੇ, ਕਿਤਾਬਾਂ ਲੈ ਦੇ, ਫੀਸ ਦੇਂਦੇ, ਕਪੜੇ ਲੈ ਦੇ, 2½ ਘੰਟੇ ਸਿਮਰਨ ਕਰਨਾ ਹੀ ਕਰਨਾ ਹੈ ਤਾਂ ਦੇਈਂ, ਨਹੀਂ ਤਾਂ ਸਫਲੀ ਨਹੀਂ ਹੋਣੀ। ਬਾਬੇ ਨਾਨਕ ਦੀ ਮਾਇਆ ਨਾਲ ਮੱਦਦ ਕਰ ਰਿਹੈ, ਉਹ ਵੀ ਬਾਬੇ ਨਾਨਕ ਦਾ ਜਸ ਗਾਏ, ਸਿਮਰਨ ਕਰੇ। ਜਿਸ ਨੂੰ ਵੀ ਇਹ ਦਸਵਾਂ ਹਿੱਸਾ ਬਾਬੇ ਨਾਨਕ ਦੀ ਕਮਾਈ ਵਿੱਚੋਂ ਦੇਣਾ ਹੈ, ਉਹ ਅੰਮ੍ਰਿਤਧਾਰੀ ਜਰੂਰ ਹੋਵੇ ਤੇ ਦਸਵੰਦ ਲੈ ਕੇ ਸਮੇਂ ਦਾ ਦਸਵੰਦ ਜਰੂਰ ਕੱਢੇ। 2½ ਘੰਟੇ ਸਿਮਰਨ ਜਰੂਰ ਕਰੇ।

**ਦਾਨ ਦੀਓ ਇਨਿ ਹੀ ਕਉ ਫਲੋ ਔਰ ਆਨ ਕਉ ਦਾਨ ਨ ਲਾਗਤ ਨੀਕੋ।**

ਕਿਸੇ ਹੋਰ ਬੇ-ਅੰਮ੍ਰਿਤੀਏ ਨੂੰ ਦਿੱਤਾ ਤਾਂ ਫਲਦਾ ਹੀ ਨਹੀਂ, ਉਹ ਤਾਂ ਕੁੱਤਾ, ਸੂਰ, ਕਾਂ ਹੈ, ਕੰਜਰੀ ਦਾ ਪੁੱਤ ਹਰਾਮਦਾ ਹੈ। ਮਾਇਆ ਉਹ ਵੀ ਬਾਬੇ ਨਾਨਕ ਦੀ ਦਿੱਤੀ ਕਿਵੇਂ ਸਫਲ ਹੋਵੇਗੀ। ਅਸੀਂ ਸਾਰੀ ਸ੍ਰਿਸ਼ਟੀ ਅੰਮ੍ਰਿਤਧਾਰੀ ਬਣਾ ਸਕਦੇ ਸੀ, ਸਿੱਖਾਂ ਨੂੰ ਅਕਲ ਹੀ ਨਹੀਂ। ਛਬੀਲ 10 ਅਰਬ ਦੀ ਲਗਦੀ ਹੈ ਤੇ ਲਾ ਸਕਦੇ ਹਾਂ, ਕਿਸੇ ਨੂੰ ਅਮ੍ਰਿਤਧਾਰੀ ਗੁਰਸਿਖ ਨਹੀਂ ਬਣਾ ਸਕਦੇ। ਲੰਗਰ ਕਰੋੜਾਂ ਰੁਪਏ ਦਾ ਲਾ ਸਕਦੇ ਹਾਂ, ਕਿਸੇ ਨੂੰ ਅੰਮ੍ਰਿਤ ਛਕਾ ਕੇ ਬਾਬੇ ਨਾਨਕ ਦਾ ਪੁੱਤਰ ਨਹੀਂ ਬਣਾ ਸਕਦੇ। ਅਰਬਾਂ ਰੁਪਏ ਰੁਮਾਲੇ, ਜਿਸਦੀ ਲੋੜ ਨਹੀਂ, ਚੜ੍ਹਾ ਸਕਦੇ ਹਾਂ, ਕਿਸੇ ਦੀ ਮੱਦਦ ਕਰਕੇ ਗੁਰਸਿਖ ਨਹੀਂ ਬਣਾ ਸਕਦੇ। 21000 ਦੀ ਦੇਗ-ਕੜਾਹ ਪ੍ਰਸ਼ਾਦ 51000 ਦੀ ਦੇਗ ਕਰਵਾ ਸਕਦੇ ਹਾਂ, ਪਰ ਕਿਸੇ ਨੂੰ ਗੁਰਸਿਖ ਨਹੀਂ ਬਣਾ ਸਕਦੇ। ਕਾਰ ਸੇਵਾ ਵਾਲੇ ਅਰਬਾਂ ਰੁਪਏ ਜਮਾਂ ਕਰ ਸਕਦੇ ਹਨ, ਪਰ ਕੋਈ ਸੰਸਥਾ ਨਹੀਂ ਸੰਸਥਾ ਨਹੀਂ ਬਣਾ ਸਕਦੇ, ਜਿਥੇ ਸਿਰਫ ਗੁਰਸਿਖ ਹੀ ਪੜ੍ਹਨ। ਕੋਈ ਸੰਸਥਾ ਨਹੀਂ ਬਣਾ ਸਕਦੇ-ਜਿੱਥੇ ਗੁਰਬਾਣੀ-ਸਿਮਰਨ-ਸੁਰਤੀ-ਇਨਸਾਨੀਅਤ ਸਿਖਾਈ ਜਾਵੇ, ਜਿੱਥੇ ਰੱਬ ਨਾਲ ਜੋੜਿਆ ਜਾਵੇ। ਸਾਰੀ ਸ੍ਰਿਸ਼ਟੀ ਨੂੰ ਜੋੜਿਆ ਜਾਵੇ। ਕਰੋੜਾਂ ਰੁਪਏ, 700 ਕਰੋੜ ਰੁਪਏ ਹਜਮ ਕਰ ਸਕਦੇ ਹਾਂ, ਪੂਰੇ ਕੰਜਰੀ ਦੇ ਪੁੱਤਰ ਹਰਾਮ ਦੇ ਜੀ ਹੋਏ ਪਰ ਸ੍ਰਿਸ਼ਟੀ ਨੂੰ ਸਮਝਾਉਂਣ ਲਈ ਆਪਣਾ ਟੀ.ਵੀ.

ਚੈਂਨਲ ਨਹੀਂ ਖੋਲ੍ਹ ਸਕਦੇ ਕਿ ਸ੍ਰਿਸ਼ਟੀ ਦੇ ਲੋਕੋਂ ਜੀਵਨ ਬਰਬਾਦ ਨਾ ਕਰੋ, ਰੱਬ ਨੂੰ ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਕੋਈ ਨਹੀਂ ਜਾਣਦਾ, ਨਾ ਹੀ ਜਾਣ ਸਕਦਾ ਹੈ। ਚੈਲੰਜ-ਸਾਰੀ ਦੁਨੀਆਂ ਨੂੰ ਚੈਲੰਜ। ਇਹ ਨਹੀਂ ਕੰਮ ਕਰਨਾ-ਸਾਰੇ ਧਰਮ ਇਕੋ ਜਿਹੇ ਹਨ। ਸਾਰੇ ਇਕੋ ਜਿਹੇ ਹੁੰਦੇ ਤਾਂ ਖਾਲਸਾ ਧਰਮ ਦੀ ਲੋੜ ਹੀ ਕੀ ਸੀ? ਬਾਬਾ ਨਿਰਾਲਾ, ਉਸਦਾ ਧਰਮ ਵੀ ਸ੍ਰਿਸ਼ਟੀ ਤੋਂ ਨਿਰਾਲਾ। ਕਰੋੜਾਂ ਰੁਪਏ ਭੁਚਾਲ ਆਏ ਤੇ ਹਿੰਦੂਆਂ ਦੀ ਸੇਵਾ ਕਰ ਸਕਦੇ ਹਾਂ, ਹਿੰਦੂਆਂ ਦੇ ਹੱਥੋਂ ਮਾਰੇ ਗਏ ਸਿੱਖਾਂ ਦੀ ਨਹੀਂ। ਇਹ ਨਹੀਂ ਦੱਸ ਸਕਦੇ ਕਿ ਬਾਬਾ ਨਾਨਕ ਹੀ ਵਾਹਿਗੁਰੂ ਹੈ। ਸਮਾਂ ਆਦਿ ਤੋਂ ਅਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਚਲ ਰਿਹਾ ਹੈ ਤੇ ਅੱਗੇ ਤੋਂ ਚਲਦਾ ਰਹੇਗਾ। ਇਹ ਨਹੀਂ ਪਰਚਾਰ ਕਰਨਾ। ਬਾਬੇ ਨਾਨਕ ਦੀ ਮਾਇਆ Misuse ਕਰ ਦੇਂਣੀ ਹੈ, ਉਸ ਦੀ ਦੁਰਵਰਤੋਂ ਕਰ ਦੇਣੀ ਹੈ, ਪਰ ਬਾਬੇ ਦਾ ਪਰਚਾਰ ਨਹੀਂ ਕਰਨਾ, ਜਿਸ ਨੇ ਜਨਮ ਦਿੱਤਾ ਹੈ।

**ਹਰਿ ਨਾਨਕ ਕਦੇ ਨ ਵੀਸਰਹੁ ਇਹੁ ਜੀਉ ਪਿੰਡੁ ਤੇਰਾ ਸਾਸੁ॥**

ਬਾਬਾ! ਇਹ ਸਰੀਰ ਤੇਰਾ ਹੈ, ਅੰਦਰ ਜੀਵਾਤਮਾ ਤੇਰੀ ਹੈ, ਸਾਹ ਤੇਰੀ ਬਖਸ਼ਿਸ਼ ਨਾਲ ਆ ਰਿਹੈ, ਪਰ ਤੇਰਾ ਪਰਚਾਰ ਨਹੀਂ ਕਰਨਾ। ਤੇਰੀ ਮਾਇਆ ਨਾਲ ਭੂਕੀ-ਸ਼ਰਾਬ ਪਿਆ ਕੇ, ਇਲੈਕਸ਼ਨ ਜਿੱਤਨੀ ਹੈ, ਇਹ ਵੀ ਤਾਂ ਤੇਰੀ ਮਾਇਆਂ ਦੀ ਕਿਰਪਾ ਹੈ। ਅਜੇ ਕੀੜੇ ਨਹੀਂ ਬਣੇ ਜੋ ਤੈਨੂੰ ਪੈਣੇ ਹਨ। PTC ਦੇਖਦੇ ਹੋ,ਕਿੰਨੇ ਰੁਮਾਲੇ ਰੋਜ਼ ਚੜ੍ਹਦੇ ਹਨ? ਉਹਨਾਂ ਦੀ ਕਿਹਨੂੰ ਲੋੜ ਹੈ, ਹਾਂ ਸਿਉਂਕ ਨੂੰ ਲੋੜ ਹੈ, ਉਹ ਜਰੂਰ ਖਾ ਜਾਏਗੀ। ਉਹਨਾਂ ਮੂਰਖਾਂ ਨੂੰ ਕੌਣ ਮੱਤ ਦੇਵੇ ਜੋ ਰੁਮਾਲੇ ਚੜ੍ਹਾਉਂਦੇ ਹਨ। ਅਸੀਂ ਸੁਖਿਆ ਹੋਇਆ ਸੀ, ਕੋਈ ਸੁਖਣਾ ਵੀ ਸੁਖਣੀ ਨਹੀਂ ਆਉਂਦੀ-ਮੂਰਖ ਕੌਮ। 5 ਮਿੰਟ ਬਾਦ ਨਵਾਂ ਨਿਸ਼ਾਨ ਸਾਹਿਬ ਚੜ੍ਹਦਾ ਹੈ, ਸੁਖਿਆਂ ਹੋਇਆ ਸੀ। ਹਰ ਘਰ ਵਿਚ ਕਾਰ ਸੇਵਾ ਵਾਲਿਆਂ ਦੀ ਗੋਲਕ ਪਈ ਹੈ, ਗੁਰਦੁਆਰਿਆ ਵਿਚ ਪਈਆਂ ਹਨ। ਤੁਸੀਂ ਪੈਸੇ ਦੇਈ ਜਾਉਂ, ਅਸੀਂ ਹਰਾਮਖੋਰੀ ਕਰਦੇ ਜਾਈਏ, ਅਮਰੀਕ ਸਿੰਘ ਦੀ ਤਰ੍ਹਾਂ। ਜਗਤਾਰ ਸਿੰਘ ਨੂੰ ਪਤਾ ਹੀ ਨਹੀਂ ਕਰੋੜਾ ਰੁਪਏ ਖਾ ਗਿਆ, ਤੂੰ ਵੀ ਤਾਂ ਖਾ ਹੀ ਰਿਹਾ ਹੈ, ਤੂੰ ਕਿਹੜਾ ਭਲਾ ਕੀਤਾ ਹੈ? ਸੁਣਿਐ! ਅਰਬਾਂ ਰੁਪਏ ਜਮ੍ਹਾਂ ਹਨ, ਨਾਲ ਲੈ ਜਾਈਂ, ਅੱਗੇ ਕੀੜੇ-ਸੁੰਡ ਤੇਰੀ ਉਡੀਕ ਕਰ ਰਹੇ ਹਨ, ਦੇਖ! ਤੈਨੂੰ ਖਾਂਦੇ ਕਿਵੇਂ ਹਨ? ਕੋਈ ਰੱਬ ਨੂੰ ਮਿਲਣ ਦੀ ਗੱਲ ਕਰ, ਗਲ ਕਰਵਾ, ਮਾਇਆ ਬਾਬੇ ਨਾਨਕ ਦੀ ਹੈ, ਯਾਦ ਰੱਖੀਂ, ਬਾਬਾ ਬਹੁਤਾ ਚੰਗਾ ਨਹੀਂ ਤੇਰੇ ਵਰਗਿਆ ਵਾਸਤੇ। ਪੈਸੇ ਦੇਣ ਵਾਲੇ ਨੂੰ ਅਕਲ ਹੀ ਨਹੀਂ, ਮੈਂ ਪੈਸੇ ਕਿੱਥੇ ਦੇਣੇ ਹਨ? ਕਿਹਨੂੰ ਦੇਣੇ ਹਨ, ਠੀਕ ਵਰਤੋਂ ਕਿੱਥੇ ਹੋਵੇਗੀ? ਅਖੰਡ ਪਾਠ ਦਾ ਭੋਗ

ਪਵਾ ਕੇ ਸਿੱਖੀ ਦਾ ਭੋਗ ਪਵਾਉਂਣਾ ਜਾਣਦੇ ਹਨ, ਪਰ ਸਿੱਖੀ ਵਧਾਉਂਣਾ ਨਹੀਂ ਜਾਣਦੇ, ਕਿਉਂਕਿ ਅੰਦਰ ਇਨਸਾਨੀਅਤ ਨਹੀਂ। ਪੈਸੇ ਉਥੇ ਦੇਣਗੇ, ਜਿੱਥੇ ਦੁਰਵਰਤੋਂ ਹੋ ਰਹੀ ਹੈ। ਦਿਸਦੀ ਵੀ ਹੈ ਸਾਰੇ ਗੁਰਦੁਆਰਿਆਂ ਵਿਚ ਦੁਰਵਰਤੋਂ ਹੋ ਰਹੀ ਹੈ, ਨਹੀਂ ਉਥੇ ਹੀ ਦੇਣੇ ਹਨ। **ਮੱਤ ਹੈ ਤਾਂ ਸਿੱਖ ਨਹੀਂ। ਸਿੱਖ ਹੈ ਤਾਂ ਮੱਤ ਨਹੀਂ। ਦੋਵੇਂ ਹੈ ਤਾਂ ਇਕ ਨਹੀਂ।** ਨਿਰੋਲ ਬ੍ਰਾਹਮਣਵਾਦ ਵਰਤ ਰਿਹੈ ਸਿੱਖੀ ਵਿਚ।

ਆਪਣੇ ਗੁਰੂ ਤੇ ਗੁਰੂ ਦੇ ਵਿਰਸੇ ਨੂੰ ਭੁਲਾਉਂਣ ਵਾਲੀ ਮਹਾਂ-ਮੂਰਖ ਸਿੱਖ ਕੌਮ, ਜੋ ਪਰਚਾਰ ਕਰਨਾ ਜਾਣਦੀ ਹੀ ਨਹੀਂ, ਦਾਨ ਦੇਣਾ ਜਾਣਦੀ ਹੈ-ਬੇ-ਅਕਲ, ਬੇ-ਸਮਝ। ਰੱਬ ਹੀ ਭਲਾ ਕਰੇ। ਰੱਬ ਨੇ ਕਿਸੇ ਦਿਨ, ਦਿਨ ਉਡੀਕ ਰਿਹੈ, ਧਰਤੀਂ ਵਿਚੋਂ ਲਾਵਾ ਕੱਢ ਕੇ ਸਾਰੇ ਜੀਂਦੇ ਹੀ ਸਾੜ ਦੇਣੇ ਹਨ, ਉਹਦੇ ਲਈ ਇਕ ਸਕਿੰਟ ਹੀ ਖੇਡ ਹੈ, ਫਿਰ ਦੇਖਦੇ ਰਿਹੋ, ਸਸਕਾਰ ਨਹੀਂ ਕਰਨੇ ਪੈਣੇ।

ਦੂਸਰਾ ਪੱਖ ਸਮੇਂ ਦਾ ਦਸਵੰਦ ਮੰਗਿਆ ਹੈ। ਸਮੇਂ ਦਾ ਦਸਵਾਂ ਹਿੱਸਾ ਮੇਰੇ ਲਈ ਜਰੂਰ ਕੱਢੀ। 24 ਘੰਟੇ, 2.4 ਘੰਟੇ, 2 ਘੰਟੇ 40 ਮਿੰਟ। ਬਾਣੀ ਪੜ੍ਹੀ ਨਾਹੁ, ਵੀਚਾਰੀ। **ਵਾਹੁ ਵਾਹੁ ਬਾਣੀ ਨਿਰੰਕਾਰੁ ਹੈ**। ਇਸ ਨਿਰੰਕਾਰ ਨੂੰ ਅੰਦਰ ਲੈ ਜਾਈਂ, ਤੈਨੂੰ ਨਿਰੰਕਾਰ ਬਣਾ ਦੇਏਗੀ, **ਸਚਖੰਡਿ ਵਸੈ ਨਿਰੰਕਾਰੁ**। ਸਚਖੰਡਿ ਨਿਰੰਕਾਰ ਹੀ ਵੱਸਦਾ ਹੈ। ਇੱਕਲਾ ਨਿਰੰਕਾਰ ਕਿ ਆਪਾਂ ਸਾਰੇ ਨਿਰੰਕਾਰ, ਅਸੀਂ ਸਾਰੇ ਰੱਬ ਦਾ ਹੀ ਰੂਪ ਹਾਂ। ਗੁਰੂ ਨਾਨਕ ਵਾਹਿਗੁਰੂ ਦਾ ਅੰਮ੍ਰਿਤ ਛੱਕ ਕੇ ਪੁੱਤਰ ਜਰੂਰ ਬਣ ਜਾਈਂ। ਹਰਾਮ ਦਾ ਨਾ ਰਹੀਂ। ਬਾਣੀ ਵਿਚਾਰ ਕੇ ਪੜ੍ਹੀ। ਜਪੁ-ਗਿਆਨ ਹੈ ਰੱਬੀ ਗਿਆਨ-40 ਦਿਨਾਂ ਵਿਚ ਵਿਚਾਰੀ। ਆਨੰਦ ਦੀ ਪ੍ਰਾਪਤੀ ਹੋ ਜਾਏਗੀ। ਵਿਚਾਰਹੀਨ ਬਾਣੀ ਪੜ੍ਹਨ ਨਾਲ 299 ਜਨਮਾਂ ਵਿਚ ਵੀ ਪ੍ਰਾਪਤੀ ਨਹੀਂ ਹੋਣੀ। ਜਿੰਦਗੀ ਵਿਚ ਭੁੱਲ ਕੇ ਵੀ ਆਖੰਡ ਪਾਠ ਨਾ ਕਰਾਈਂ, ਇਹ ਕੁਰਹਿਤ ਨਾ ਕਰੀਂ, ਤੈਨੂੰ ਕੋਈ ਪ੍ਰਾਪਤੀ ਨਹੀਂ ਹੋਣੀ। 48 ਸਾਲਾਂ ਵਿਚ ਬਾਣੀ ਸਮਝ ਆ ਗਈ, ਨਿਰੰਕਾਰ ਅੰਦਰ ਚਲਾ ਗਿਆ, ਤੈਨੂੰ ਨਿਰੰਕਾਰ ਬਣਾ ਕੇ ਸਚਖੰਡਿ ਜਰੂਰ ਲੈ ਜਾਉਂਗਾ। ਜਿੰਦਗੀ ਸਫਲ ਹੋ ਜਾਏਗੀ। ਕਰੋੜਾਂ ਸਾਲ ਆਨੰਦ ਮਾਣੇਗਾ। ਨਹੀਂ ਤਾਂ ਕਰੋੜਾਂ ਸਾਲ ਵਿਚ ਪਛਤਾਂਦਾ ਰਹੇਗਾ, ਕੀੜੇ ਪੈ ਜਾਣੇ ਹਨ, ਮਰਨਾ ਤੂੰ ਹੈ ਨਹੀਂ-ਵਿਸਟਾ ਵਿਚ ਪਿਆ ਸੜਦਾ ਰਹੇਗਾ। ਯਾਦ ਰੱਖੀਂ, ਨਿਰੋਲ ਸੱਚ ਹੈ। ਸਰੀਰ ਹੀ ਗੁਰੂ ਨਾਨਕ ਵਾਹਿਗੁਰੂ ਨੇ ਦਿੱਤਾ ਹੈ, ਉਹ ਦਾਤਾ ਕੁਛ ਨਹੀਂ ਮੰਗਦਾ, ਸਭ ਕੁਝ ਦੇਂਦਾ ਹੈ। ਸਭ ਕੁਝ ਦੇਣ ਦੇ ਵੱਟੇ ਇਕ ਚੀਜ਼ ਮੰਗਦਾ ਹੈ, ਮੈਨੂੰ ਯਾਦ ਰੱਖੀਂ, ਮੇਰਾ ਸਿਮਰਨ ਕਰਦਾ ਰਹੀਂ, ਬਾਣੀ ਵਿਚਾਰਦਾ ਰਹੀਂ। ਜਾਣੇ-ਅਣਜਾਣੇ ਸੁਪਨੇ ਵਿਚ

ਵੀ ਭੁੱਲ ਕੇ ਕੁਰਹਿਤ ਨਾ ਕਰੀਂ। ਹੇ ਵਾਹਿਗੁਰੂ! ਜੇ ਤੇਰਾ ਦਰਬਾਰ ਨਜ਼ਰ ਆ ਜਾਏ ਤਾਂ ਮੈਂ ਕੀ ਭੇਟਾ ਕਰਾਂ? ਇਹ ਸਰੀਰ ਤਾਂ ਤੇਰਾ ਹੈ, ਇਹ ਦਿੱਤੀ ਮਾਇਆ ਵੀ ਤੇਰੀ ਹੈ, ਸਾਹ ਹੀ ਤੇਰੀ ਕਿਰਪਾ ਨਾਲ ਆ ਰਿਹੈ, ਅੰਦਰ ਤੂੰ ਆਪ, ਜੀਵਾਤਮਾ ਤੇਰੀ ਹੈ, ਫਿਰ ਮੈਂ ਕੀ ਦਿਆਂ? ਅਰਦਾਸ ਕਰੀਂ, ਵਾਹਿਗੁਰੂ! ਤੈਨੂੰ ਕਦੀ ਨਾ ਭੁਲਾਵਾਂ, ਤੈਨੂੰ ਸਾਰੀ ਉਮਰ ਯਾਦ ਕਰਦਾ ਰਹਾਂ। ਸੁਆਸ-ਸੁਆਸ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਸਿਮਰਨ ਕਰਦਾ ਰਹਾਂ। ਤੇਰੀਆਂ ਕੀਤੀਆਂ ਬਖਸ਼ਸਾਂ ਨੂੰ ਹਮੇਸ਼ਾਂ ਯਾਦ ਰੱਖਾਂ, ਤੂੰ ਮੈਨੂੰ ਨਰਕਾਂ ਵਿਚੋਂ ਕੱਢ ਕੇ ਮਨੁੱਖਾਂ ਜਨਮ ਦਿੱਤੈ, ਅੰਮ੍ਰਿਤ ਦੀ ਦਾਤ ਦੇ ਕੇ ਆਪਣਾ ਪੁੱਤਰ ਬਣਾਇਆ ਹੈ, ਬੜੀ ਮਿਹਰ ਕੀਤੀ ਹੈ, ਨਹੀਂ ਤੇ ਮੈਂ ਫਿਰ ਨਰਕਾਂ ਵਿਚ ਜਾ ਕੇ ਕੁੱਤਾ, ਬਿੱਲਾ, ਸੂਰ, ਕਾਂ, ਕਿਰਲੀ, ਕਾਕਰੋਚ ਹੀ ਬਨਣਾ ਸੀ, ਬੜੀ ਮਿਹਰ ਕੀਤੀ ਹੈ, ਬਾਣੀ ਦੀ ਵਿਚਾਰ ਬਖਸ਼ੀ ਹੈ, ਸਿਮਰਨ ਵਿਚ ਸੁਰਤੀ ਲਾਉਂਣ ਦੀ ਸਮਝ ਬਖਸ਼ੀ ਹੈ, ਸਚਖੰਡਿ ਕਿਵੇਂ ਜਾਣਾ ਹੈ, ਸਮਝਾਇਆ ਹੈ, ਨਰਕਾਂ ਤੋਂ ਖਲਾਸੀ ਬਖਸ਼ੀ ਹੈ, ਮਾਇਆ ਸਰੀਰ ਤੋਂ ਨਿਰਮੋਹ ਕਿਵੇਂ ਹੋਣਾ ਹੈ, ਸਮਝਾਇਆ ਹੈ, ਰੱਬ ਨਾਲ ਪਿਆਰ ਕਿਵੇਂ ਪਾਉਂਣਾ ਹੈ, ਸਮਝ ਬਖਸ਼ੀਂ ਹੈ, ਇਹਨੀਆਂ ਬਖਸ਼ਸ਼ਾ ਹਨ, ਤੈਨੂੰ ਹਮੇਸ਼ਾਂ ਯਾਦ ਕਰਦਾ ਰਹਾਂ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਇਹੀ ਵਾਹਿਗੁਰੂ ਚਾਹੁੰਦਾ ਹੈ, ਸਮੇਂ ਦਾ ਦਸਵੰਦ ਜਰੂਰ ਕੱਢੀ। ਅਕ੍ਰਿਤਘਣ ਨਾ ਬਣੀ, ਨਹੀਂ ਤਾਂ ਮਾਰਿਆ ਜਾਏਂਗਾ। ਉਹ ਮਾਂ ਹੀ ਬਾਂਝ ਰਹਿ ਜਾਣੀ ਚਾਹੀਦੀ ਹੈ, ਜੋ ਪੁੱਤਰਾਂ ਨੂੰ ਅੰਮ੍ਰਿਤ ਨਹੀਂ ਛਕਾਉਂਦੀ ਤੇ ਵਾਹਿਗੁਰੂ-ਵਾਹਿਗੁਰੂ ਸਿਮਰਨ ਨਹੀਂ ਕਰਵਾਉਂਦੀ, ਬਾਣੀ ਬਾਰੇ ਨਹੀਂ ਦੱਸਦੀ। ਸਮੇਂ ਦਾ ਦਸਵੰਦ ਕਢਣ ਨਾਲ, ਜਿੰਦਗੀ ਰੱਬ ਵਲ ਲੱਗ ਜਾਂਦੀ ਹੈ, ਸਮਾਂ ਚੰਗਾ ਆਨੰਦ-ਮਈ ਗੁਜ਼ਰਦਾ ਹੈ।

ਮਾਇਆ ਦਾ ਦਸਵੰਦ ਕਢਨ ਨਾਲ, ਸੇਵਾ-ਭਾਵਨਾ ਆਉਂਦੀ ਹੈ। ਨਿਮਰਤਾ ਆਉਂਦੀ ਹੈ, ਹਉਮੈ ਮਰਦੀ ਹੈ। ਜੀਵਨ, ਸਰਬਤ ਦਾ ਭਲਾ ਮੰਗਦਾ ਹੈ, ਪਰਉਪਕਾਰੀ ਬਣਦਾ ਹੈ। ਖਲਕਤ ਦੀ ਸੇਵਾ ਕਰਦਾ ਹੈ। **ਦਸਵੰਦ ਕਢਣ ਨਾਲ ਘਰ ਵਿਚ ਬਰਕਤਿ ਬਹੁਤ ਪੈਂਦੀ ਹੈ।** ਕੋਈ ਕੰਮ ਰੱਬ ਤੋਂ ਕਰਵਾਉਂਣਾ ਚਾਹੁੰਦੇ ਹੋ। ਘਰ ਸੰਗਤਿ ਬੁਲਾਓ, ਕੁੱਤੇ, ਬਿੱਲੇ, ਸੂਰ, ਕਾਂ ਨਹੀਂ, ਗੁਰਸਿਖ ਅੰਮ੍ਰਿਤਧਾਰੀ, ਉਹਨਾਂ ਦੀ ਦਸਵੰਦ ਦੀ ਕਮਾਈ ਨਾਲ ਰੱਜ ਕੇ ਸੇਵਾ ਕਰੋ। ਦੋ ਘੰਟੇ ਸਿਮਰਨ ਕਰੋ। ਦੇਗ ਬਣਾ ਕੇ, ਸੁਰਤਿ ਜੋੜ ਕੇ ਅਰਦਾਸ ਕਰੋ, ਮੈਨੂੰ ਫੋਨ ਕਰੋ, ਕੰਮ ਹੋਇਆ ਹੈ ਕਿ ਨਹੀਂ।

ਪੰਜ ਪਿਆਰਿਆ ਨੂੰ ਮਹੀਨੇ ਵਿਚ ਇਕ ਵਾਰੀ ਜਰੂਰ ਪ੍ਰਸ਼ਾਦਾ ਖੁਆਓ।

ਬੋਲੋ ਕੀ ਕੰਮ ਹੈ? ਅਰਦਾਸ ਕਰਵਾਓ, ਸਾਰੇ ਕਾਰਜ ਰਾਸ ਹੋ ਜਾਣਗੇ। ਦੋ ਘੰਟੇ ਸਿਮਰਨ ਜਰੂਰ ਕਰਨਾ-ਇਹ ਗੁਰੂ ਦਾ ਹੁਕਮ ਹੈ। ਗਰੀਬ ਹੋ, ਸੁੱਕੀ ਰੋਟੀ ਦਾਲ ਨਾਲ ਖੁਆ ਦਿਓ। ਅਰਦਾਸ ਕਰੋ, ਗਰੀਬੀ ਦੂਰ ਹੋ ਜਾਏ, ਲੰਗਰ ਦੀ ਸੇਵਾ ਕਰ ਸਕੀਏ। ਦੇਖ! ਅਰਦਾਸ ਪੂਰੀ ਹੋਈ ਹੈ ਕਿ ਨਹੀਂ।

ਕਾਰੋਬਾਰ ਵਿਚ ਬਰਕਤਿ ਨਹੀਂ ਪੈਂਦੀ। ਘਰ ਸੰਗਤਿ ਕਰਵਾ, ਦੋ ਘੰਟੇ ਸਿਮਰਨ, ਦੇਗ ਬਣਾ ਕੇ ਅਰਦਾਸ ਸੁਰਤਿ ਜੋੜ ਕੇ ਕਰਵਾ ਦੇ, ਦੇਖ ਬਰਕਤਿ ਪੈਂਦੀ ਹੈ ਕਿ ਨਹੀਂ। ਦੋ ਘੰਟੇ ਰੋਜ਼ ਸਿਮਰਨ ਕਰੀ ਜਾਓ, ਦੇਖੇ ਤੇ ਦਸੋ, ਕਿਹੜੇ ਕੰਮ ਵਿਚ ਬਰਕਤਿ ਨਹੀਂ ਪੈਂਦੀ। ਕਿਹੜਾ ਕੰਮ ਨਹੀਂ ਹੁੰਦਾ।

ਬਹੁਤ ਬਖਸ਼ਸ਼ਾਂ ਹਨ, ਦਸਵੰਦ ਵਿਚ ਜੇ ਠੀਕ ਵਰਤੀਏ। ਰੁਮਾਲੇ ਹੀ ਚੜ੍ਹਾਈ ਜਾਂਦੇ ਹੋ, ਮੰਗਤਿਆਂ ਨੂੰ ਦੇਈ ਜਾਂਦੇ ਹੋ, ਉਹ ਸਿਗਰਟਾਂ ਪੀ ਛੱਡਦੇ ਹਨ। ਅਕਲ ਹੀ ਨਹੀਂ, ਗੁਰੂ ਦੀ ਮਾਇਆ ਮੰਗਤੇ ਨੂੰ ਦੇਣ ਲਈ ਨਹੀਂ। ਸਿਰਫ ਗੁਰਸਿੱਖਾਂ ਲਈ ਹੈ। ਸਿਰਫ ਤੇ ਸਿਰਫ ਗੁਰਸਿੱਖਾਂ ਲਈ। ਫਿਰ ਦੇਖੋ ਘਰ ਬਰਕਤਿ ਪਈ ਕਿ ਨਹੀਂ। ਲਿਖੋ ਜਾਂ ਫੋਨ ਕਰੋ।

ਗੁਰੂ ਦੇ ਪਰਚਾਰ ਲਈ ਫ੍ਰੀ ਲਿਟਰੇਚਰ ਵੰਡਣ ਲਈ ਦਸਵੰਦ ਦਾ ਹਿੱਸਾ ਪਾਉਂਣਾ ਚਾਹੁੰਦੇ ਹੋ ਤਾਂ ਪਾਓ। ਤੁਹਾਨੂੰ ਪਰਚਾਰ ਕਰਨ ਲਈ ਸਾਰੀਆਂ ਕਿਤਾਬਾਂ ਘਰ ਪਹੁੰਚ ਜਾਣਗੀਆਂ।

**Amarjit Singh,**
**State Bank of India, A/c. No. 10639991252**

# ਵਾਹਿਗੁਰੂ ਨੇ ਮੇਰੇ ਕੋਲੋਂ ਇਹ ਸਾਰੀਆਂ ਕਿਤਾਬਾਂ ਕਿਉਂ ਲਿਖਵਾਈਆਂ?

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ-(ਅਰਥ) 10 ਪੋਥੀਆਂ ਵਿੱਚ-** ਮੈਂ ਇਕ ਘੋਨਾ ਮੋਨਾ Clean Shave ਅਨਪੜ੍ਹ ਬੰਦਾ ਸੀ। ਗੁਰੂ ਪਾਤਿਸ਼ਾਹ ਨੇ ਕਿਵੇਂ ਮਿਹਰ ਕੀਤੀ, ਮੈਂ ਨਹੀਂ ਜਾਣਦਾ? ਮਿਹਰ ਤੋਂ 30 ਸਾਲ ਬਾਦ ਲਿਖਵਾਉਂਣਾ ਸ਼ੁਰੂ ਕੀਤਾ। ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਿਆ, ਜੋ ਮੇਰੇ ਕੋਲੋਂ ਲਿਖਵਾਇਆ, ਉਹ ਅਜ ਤੱਕ ਕਿਸੇ ਨੇ ਨਹੀਂ ਲਿਖਿਆ। ਭਾਈ ਵੀਰ ਸਿੰਘ ਨੇ ਲਿਖਿਆ-ਥੋਹੜਾ ਅਨੁਭਵੀ ਲਿਖਿਆ। ਪ੍ਰਿੰਸੀਪਲ ਸਾਹਿਬ ਸਿੰਘ ਨੇ ਲਿਖਿਆ, ਉਹ ਅਨੁਭਵੀ ਤਾਂ ਬਿਲਕੁਲ ਨਹੀਂ, ਪਰ ਵਿਆਕਰਣ ਅਨੁਸਾਰ ਬਿਲਕੁਲ ਠੀਕ ਹੈ, ਸਾਹਿਬ ਸਿੰਘ ਨੇ ਗੁਰੂ ਪਾਤਿਸ਼ਾਹ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ, ਪਰ ਵਿਆਕਰਣ ਅਨੁਸਾਰ ਬਿਲਕੁਲ ਠੀਕ ਹੈ, ਸਾਹਿਬ ਸਿੰਘ ਨੇ ਗੁਰੂ ਪਾਤਿਸ਼ਾਹ ਨੂੰ ਠੀਕ ਤਰ੍ਹਾਂ ਸਮਝਿਆ ਹੀ ਨਹੀਂ, ਕਿਉਂਕਿ ਉਹ ਧਿਆਨੀ ਨਹੀਂ ਸੀ, ਗਿਆਨੀ ਸੀ, ਚੁੰਚ ਗਿਆਨੀ। ਮੈਨੂੰ ਧਿਆਨ ਰਾਹੀਂ ਪਹਿਲਾਂ ਸਭ ਕੁਝ ਦਿਖਾਇਆ, ਸਮਝਾਇਆ, ਫਿਰ ਲਿਖਵਾਇਆ, ਮੈਂ ਜਿਵੇਂ ਦੇਖਿਆ, ਉਸੇ ਤਰ੍ਹਾਂ ਲਿਖਿਆ, ਮੈਂ ਬੁਧੂ ਜੀਵ ਦੀ ਅਨਪੜ੍ਹਤਾ ਵਿਚੇ ਹੀ ਛੁਪ ਗਈ। ਮੈਂ ਇੰਗਲਿਸ਼, ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ, ਅਰਬੀ, ਬ੍ਰਿਜ ਭਾਸ਼ਾ, ਸਹਸਕ੍ਰਿਤੀ ਕੁਛ ਵੀ ਨਹੀਂ ਜਾਣਦਾ। ਟੀਕਾ ਲਿਖ ਦਿਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 10 ਪੋਥੀਆਂ। ਤੁਸੀਂ ਪੜ੍ਹ ਕੇ ਦੇਖੋ, ਮੇਰੇ ਕੋਲੋਂ ਲਿਖਵਾਏ ਟੀਕੇ ਵਿਚ ਤੇ ਬਾਕੀ ਸਾਰੇ ਲਿਖੇ ਟੀਕਿਆਂ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੈ। ਉਹਨਾਂ ਦੇ ਟੀਕਿਆਂ ਵਿੱਚ ਵਿਦਵਤਾ ਹੈ ਮੇਰੇ ਟੀਕੇ ਵਿੱਚ ਅਸਲੀਅਤ ਹੈ। ਤੁਸੀਂ ਆਪ ਪੜ੍ਹ ਕੇ ਫਰਕ ਦੇਖ ਕੇ ਦੱਸੋਂ। Please ਫੋਨ ਕਰਨਾ-099150-97565

11. **ਗੁਰੂ ਕੌਣ ਹੁੰਦਾ ਹੈ ? ਆਓ ਆਪਣਾ ਇਤਿਹਾਸ ਠੀਕ ਕਰੀਏ-** ਸਿੱਖ ਕੌਮ ਐਸੀ ਬੁਧੂ ਕੌਮ ਹੈ, ਜਿਸ ਨੂੰ ਆਪਣੇ ਅਸਲੀ, ਸੱਚੇ ਸੁੱਚੇ ਗੁਰੂ ਦਾ ਹੀ ਪਤਾ ਨਹੀਂ, ਟੱਟੀ, ਪੇਸ਼ਾਬ ਦੇ ਬੈਗ, ਦੇਹਧਾਰੀ ਗੁਰੂ ਮਗਰ ਤੁਰੇ ਫਿਰਨਗੇ, ਜਿਸ ਦਿਨ ਤੈਨੂੰ ਮੁਕਤੀ ਮਿਲ ਗਈ, ਉਸ ਦਿਨ ਮੈਨੂੰ ਦੱਸੀ, ਮੈਂ ਵੀ ਗੁਰੂ ਨਾਨਕ, ਸਭ ਤੋਂ ਵੱਡੇ ਗੁਰੂ ਨਾਨਕ ਨੂੰ ਛੱਡ ਦਿਆਂਗਾ। ਫਿਰ ਮੈਨੂੰ ਸਮਝਾਈਂ ਸਭ ਤੋਂ ਵੱਡਾ ਗੁਰੂ ਨਾਨਕ ਛੋਟਾ ਕਦੋਂ ਤੇ ਕਿਵੇਂ ਹੋ ਗਿਆ? ਦੂਸਰਾ ਪੱਖ, ਗੁਰੂ ਨਾਨਕ ਤਾਂ ਸ੍ਰਿਸ਼ਟੀ

ਦਾ ਕਰਤਾ ਹੈ, ਕੁਦਰਤਿ ਦਾ ਕਰਤਾ ਹੈ, ਕਰੋੜਾਂ ਬ੍ਰਹਿਮੰਡਾਂ ਦਾ ਕਰਤਾ ਹੈ, ਫਿਰ ਆਦਿ ਹੈ, ਜੁਗਾਦਿ ਹੈ, ਅਨਾਦਿ ਹੈ, ਤੇਰਾ ਦੇਹਧਾਰੀ ਗੁਰੂ ਕੀ ਹੈ? ਪੰਜ ਤੱਤ ਗੁਰੂ ਨਾਨਕ ਨੇ ਬਣਾਏ ਹਨ, ਤੇਰਾ ਗੁਰੂ ਕੋਈ ਛੇਵਾਂ ਤੱਤ ਬਣਾ ਕੇ ਦਿਖਾ ਦੇਵੇ। ਨਰਕਾਂ ਤੋਂ ਬਚਾ ਕੇ ਦਿਖਾ ਦੇਵੇ, ਰੱਬ ਦੇ ਦਰਸ਼ਨ ਕਰਵਾ ਕੇ ਦਿਖਾ ਦੇਵੇ, ਜੋਤੀ ਨਾਲ ਜੋਤ ਮਿਲਾ ਕੇ ਦਿਖਾ ਦੇਵੇ, ਕੁਛ ਕਰਕੇ ਦਿਖਾ ਦੇਵੇ ਤੇ ਮੇਰਾ ਗੁਰੂ ਸਚਖੰਡਿ ਪਹੁੰਚਾ ਦੇਂਦਾ ਹੈ। ਹੈ ਕੋਈ ਹੋਰ ਗੁਰੂ ਜੋ ਰੱਬ ਨੂੰ ਜਾਣਦਾ ਹੋਵੇ? **ਚੈਲੰਜ?** ਇਸ ਕਰਕੇ, ਇਹ ਕਿਤਾਬ ਲਿਖੀ ਹੈ।

"**ਏਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰੁ** ॥"

**ਰੱਬ ਇਕ ਗੁਰੂ ਵੀ ਇਕ ਹੀ ਹੁੰਦਾ ਹੈ।** ਇਸ ਕਿਤਾਬ ਵਿੱਚ ਇਹੀ ਲਿਖਿਆ ਹੈ। ਪੜ੍ਹੋ ਤੇ ਦਸੋ। ਸਿਖਾਂ ਦੇ ਸਿਰਾਂ ਦੇ ਮੁੱਲ ਪੈਣ ਤੋਂ ਬਾਦ, R.S.S. ਹਿੰਦੂ ਸਮਾਜ ਨੇ ਸਾਡਾ ਇਤਿਹਾਸ ਹੀ ਬਦਲ ਦਿੱਤਾ। ਉਹਨਾਂ 13 ਕਿਤਾਬਾਂ ਲਿਖੀਆ ਹਨ, ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਹੈ। ਥੋਹੜਾ ਉਪਰਾਲਾ ਗੁਰੂ ਪਾਤਿਸ਼ਾਹ ਨੇ ਕਰਵਾਇਆ ਹੈ। ਜਿਹੜੀ ਸਾਖੀ ਗੁਰਬਾਣੀ ਦੀ ਕਸਵੱਟੀ ਤੇ ਨਹੀਂ ਉਤਰਦੀ, ਉਹ ਸਾਖੀ ਗਲਤ ਹੈ। ਸਿਖਾਂ ਨੂੰ ਸਮਝਾਉਂਣ ਦੀ ਕੋਸ਼ਿਸ਼ ਕੀਤੀ ਹੈ, ਸਮਝੋ, ਆਪਣੇ ਗੁਰੂ ਨੂੰ ਸਮਝੋ, ਆਪਣੇ ਇਤਿਹਾਸ ਨੂੰ ਸਮਝੋ।

12. **ਜਿਸਨੇ ਅੰਮ੍ਰਿਤ ਨਹੀਂ ਛਕਿਆ, ਰਹਿਤ ਨਹੀਂ ਰੱਖੀ, ਕੁਰਹਿਤ ਨਹੀਂ ਛੱਡੀ-** ਅਸੀਂ ਸਾਰੀ ਸ੍ਰਿਸ਼ਟੀ ਨੂੰ ਸਮਝਾਉਂਣਾ ਸੀ, ਅੰਮ੍ਰਿਤ ਕੀ ਹੈ? ਅਸੀਂ ਆਪ ਹੀ ਨਹੀਂ ਸਮਝ ਸਕੇ, ਅੰਮ੍ਰਿਤ ਕੀ ਹੈ? ਤੇ ਸਾਰੀ ਸ੍ਰਿਸ਼ਟੀ ਨੂੰ ਕਿਵੇਂ ਸਮਝਾਉਂਦੇ ? 700 ਕਰੋੜ ਵਿਚੋਂ ਕੋਈ ਅੰਮ੍ਰਿਤ ਦੀ ਖੇਡ ਜਾਣਦਾ ਹੋਵੇ, ਅੰਮ੍ਰਿਤ ਛੱਕਨ ਤੋਂ ਬਗੈਰ ਰੱਬ ਨੂੰ ਜਾਣਦਾ ਹੋਵੇ, ਦਰਸ਼ਨ ਹੁੰਦੇ ਹੋਣ, ਨਰਕਾਂ ਤੋਂ ਬਚਿਆ ਹੋਵੇ। ਧਰਮ ਰਾਜ ਨਾਲ ਸਿੱਧੀ ਗੱਲ ਬਾਤ ਹੋਵੇ। ਇਹ ਕਿਤਾਬ ਵਿੱਚ ਅੰਮ੍ਰਿਤ ਦੀ ਕੀ ਮਹਾਨਤਾ ਹੈ ਤੇ ਜਿਸ ਨੇ ਅੰਮ੍ਰਿਤ ਨਹੀਂ ਛਕਿਆਂ, ਉਸ ਦਾ ਕੀ ਹਾਲ ਹੋਵੇਗਾ ਲਿਖਿਆ ਹੈ। ਜਿਸ ਨੇ ਅੰਮ੍ਰਿਤ ਹੀ ਨਹੀਂ ਛੱਕਿਆਂ, ਉਹ ਕੁੱਤਾ, ਬਿੱਲਾ, ਸੂਰ, ਕਾਂ, ਕੰਜਰੀ ਦਾ ਪੁੱਤਰ ਹਰਾਮ ਦਾ ਹੈ।

13. **ਸੁਖਮਨੀ ਸਟੀਕ** - ਸਾਰੇ ਸੁਖਮਨੀ ਦਾ ਪਾਠ ਹੀ ਕਰੀ ਜਾਂਦੇ ਹਨ, ਸਿਰਫ ਪਾਠ। ਪਰ ਵਿਚਾਰ ਅੱਖਰ ਦੀ ਵੀ ਨਹੀਂ। ਸੁਖਾਂ ਦੀ ਮਣੀ ਮੇਰੇ ਕੋਲੋਂ ਲੈ ਜਾ, ਜਾਹ ਕਦੀ ਵੀ ਘਰ ਦੁੱਖ ਨਹੀਂ ਆਏਗਾ, ਕਦੀ ਬਿਮਾਰੀ ਨਹੀਂ ਆਏਗੀ- ਘਰ, ਅਮੀਰ ਹੋ ਜਾਏਗਾ-ਕਦੀ ਗਰੀਬੀ ਨਹੀਂ ਆਏਗੀ। 2½ ਘੰਟੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪੀਂ। ਅਸੀਂ ਪਾਠ, ਸਵੇਰੇ ਪਾਠ, ਗੁਰਦੁਆਰੇ ਪਾਠ,

ਸੁਸਾਇਟੀ ਵੱਲੋਂ ਪਾਠ, ਬੀਬੀਆਂ ਪਾਠ, ਸਮਝਣਾ ਅੱਖਰ ਵੀ ਨਹੀਂ, ਨਾ ਹੀ ਅੰਮ੍ਰਿਤ ਛੱਕਣਾ ਹੈ, ਨਾ ਹੀ ਸਿਮਰਨ ਕਰਨਾ ਹੈ।

14. **ਆਸਾ ਦੀ ਵਾਰ ਸਟੀਕ** – ਆਸਾ ਦੀ ਵਾਰ ਜੀਵਨ ਜਾਂਚ ਹੈ। Right Way of Life ਸਾਰੀਆਂ ਆਸਾਂ ਪੂਰੀਆਂ ਕਰਨ ਵਾਲੀ ਹੈ। ਸਾਡੀ ਇਕ ਆਸ ਵੀ ਪੂਰੀ ਨਹੀਂ ਹੋਈ। ਸਾਨੂੰ ਜੀਊਣਾ ਹੀ ਨਹੀਂ ਆਇਆ। ਗੋਲਕ ਵਿਚੋਂ ਪੈਸੇ ਕਢਨੇ ਆ ਗਏ। ਸ਼ਰਾਬਾਂ ਪੀਣੀਆਂ ਆ ਗਈਆਂ, ਲੜਾਈਆਂ ਕਰਨੀਆਂ ਆ ਗਈਆਂ। ਕੌਮ ਪਤਿਤ ਹੋ ਗਈ, ਅਸੀਂ ਗਾਣੇ ਹੀ ਗਾਈ ਜਾ ਰਹੇ ਹਾਂ। ਆਸਾ ਦੀ ਵਾਰ ਪਹਿਲਾਂ ਵੀਚਾਰੋ, ਫਿਰ ਫੋਨ ਕਰੋ। How it is?

15. **ਨਿਤਨੇਮ ਸਟੀਕ** – ਨਿਤਨੇਮ ਕੀ ਹੈ ? Daily Routine ਕੀ ਕਰਨਾ ਹੈ ਕੀ ਕਰੀ ਜਾ ਰਹੇ ਹਾਂ। 40 ਦਿਨਾਂ ਵਿੱਚ ਜਪੁਜੀ ਕਰੋ। 200 ਦਿਨਾਂ ਵਿਚ ਜਾਪੁ ਕਰੋ। 10 ਦਿਨਾਂ ਵਿਚ ਸਵਯੀਏ ਕਰੋ। 10 ਦਿਨਾਂ ਵਿਚ ਚੌਪਈ ਕਰੋ। **ਪ੍ਰਣਵੋ ਆਦਿ ਏਕੰਕਾਰਾ**। 40 ਦਿਨਾਂ ਵਿਚ ਆਨੰਦ ਸਾਹਿਬ ਕਰੋ। ਜਪੁਜੀ-ਗਿਆਨ ਹੈ। ਜਾਪੁ-ਧਿਆਨ ਹੈ। ਸਵਯੀਏ-ਹਉਮੈ ਤੋਂ ਛੁਟਕਾਰਾ ਹੈ। ਚੌਪਈ ਨਿਮਰਤਾ ਹੈ-ਬੇਨਤੀ ਹੈ। ਅਨੰਦ-ਜਿੰਦਗੀ ਦਾ ਆਨੰਦ ਆ ਜਾਏਗਾ। ਕਿੰਨੇ ਚਿਰ ਵਿਚ 40+200+10+10+40=300 ਇਕ ਸਾਲ ਵਿਚ 60/70 ਸਾਲ ਹੋ ਗਏ ਪਾਠ ਕਰਦੇ ਨੂੰ, ਅਨੰਦ ਪਤਾ ਨਹੀਂ, ਹੁੰਦਾ ਹੀ ਕੀ ਹੈ? ਬਾਣੀ ਦਾ ਅੱਖਰ ਨਹੀਂ ਆਉਂਦਾ। ਕੀ ਤੁਹਾਨੂੰ ਆਉਂਦਾ ਹੈ? ਪਾਠਕੋ! ਜੇ ਜੁਗ ਚਾਰੇ ਆਰਜਾ, ਕੀ ਹੁੰਦਾ ਹੈ? ਵੁੜੀ ਕਲਾਮ ਕੀ ਹੈ? ਭੁਗਤਿ ਗਿਆਨ ਦਇਆ ਭੰਡਾਰਣ ਕੀ ਹੁੰਦੀ ਹੈ? ਤਿਤੁ ਸਰਵਰੜੇ ਭਈਏ ਨਿਵਾਸਾ ਕੀ ਹੁੰਦਾ ਹੈ। **ਸਾਚੀ ਲਿਵੈ ਬਿਨੁ ਦੇਹ ਨਿਮਾਣੀ**। ਕੀ ਹੁੰਦੀ ਹੈ? ਇਸ ਕਰਕੇ ਨਿਤਨੇਮ ਸਟੀਕ ਲਿਖਿਆ 1 ਸਾਲ ਵਿਚ ਪੜੋ, ਵਿਚਾਰੋ ਤੇ ਜਿੰਦਗੀ ਦਾ ਆਨੰਦ ਮਾਣੋ। ਜਿੰਦਗੀ ਬਰਬਾਦ ਨਾ ਕਰੋ।

16. **ਚਰਨ ਧੂੜ** – ਹਉਮੈ ਨੂੰ ਮਾਰਨ ਲਈ, ਚਰਨ ਧੂੜ ਦੀ ਬਹੁਤ ਜਰੂਰਤ ਹੈ। ਹਉਮੈ ਹੀ ਮਾਰਨੀ ਹੈ, ਮਾਰਨੀ ਵੀ ਜਰੂਰੀ ਹੈ ਤਾਂ ਹੀ ਨਿਮਰਤਾ ਆਏਗੀ। ਨਿਮਰਤਾ ਹੀ ਜੀਵਨ ਜਾਚ ਹੈ, ਆਵੇ ਕਿਵੇਂ? ਚਰਨ-ਧੂੜ ਤੋਂ ਬਗੈਰ ਨਿਮਰਤਾ ਕਿਵੇਂ ਆਵੇ, ਆ ਤੂੰ ਸਮਝਾ ਦੇ। ਫਿਰ ਚਰਨ-ਧੂੜ ਲੈਣ ਲਈ ਬਾਣੀ ਵਿਚ 100 ਵਾਰੀ ਲਿਖਿਆ ਹੋਇਆ ਹੈ।

17. **ਸਚਖੰਡ** – ਕਿਸੇ ਨੇ ਨਹੀਂ ਲਿਖਿਆ, ਠੀਕ ਠੀਕ ਕੀ ਹੈ ਸਚਖੰਡ। ਕੌਣ ਪਹੁੰਚਦਾ ਹੈ ਸਚਖੰਡਿ, ਕਿਵੇਂ ਪਹੁੰਚੀਦਾ ਹੈ, ਕੀ ਤਰੀਕਾ ਹੈ? ਅਸੀਂ ਅਗਲੀ ਦੁਨੀਆਂ ਨੂੰ ਜਾਣਦੇ ਹੀ ਨਹੀਂ, ਜੋ ਅਸਲ ਹੈ, ਸਦੀਵੀ ਹੈ, ਸਚੀ ਦੁਨੀਆਂ ਹੈ,

ਕਰੋੜਾਂ ਅਰਬਾਂ ਸਾਲਾਂ ਦੀ ਜਿੰਦਗੀ ਹੈ, ਉਥੇ, ਜੰਮਨ ਮਰਨ ਹੀ ਨਹੀਂ ਹੈ। ਧਰਤੀ, ਸ੍ਰਿਸ਼ਟੀ, ਕੁਦਰਤਿ ਸਚਖੰਡਿ ਦੇ ਆਸਰੇ ਹੀ ਖੜੀ ਹੈ, ਉਥੋਂ ਹੀ ਕੰਟਰੋਲਿੰਗ ਪਾਵਰ ਕੰਟਰੋਲ ਕਰ ਰਹੀ ਹੈ ਜਾ ਕੇ ਦੇਖੋ, ਫਿਰ ਯਕੀਨ ਆਏਗਾ। ਜੋ ਅਜ ਤੱਕ ਤਰਿਆ ਹੈ ਸਚਖੰਡਿ ਬੈਠਾ ਹੈ, ਜੋ ਅੰਮ੍ਰਿਤਧਾਰੀ ਨਹੀਂ ਸੀ, ਉਹ ਨਰਕਾਂ ਵਿਚ ਬੈਠਾ ਹੈ, ਜਾ ਕੇ ਦੇਖ ਲੈ ।

18. **ਦਸਮ ਦੁਆਰ-ਕੀ ਹੈ? ਇਨਸਾਨੀਅਤ ਅਸਲੀਅਤ** - ਸਰੀਰ ਸਾਰਾ ਗੰਦਾ ਹੈ-ਗੰਦੀਆਂ ਆਦਤਾਂ ਹਨ। ਜ਼ਹਿਰ ਹੈ, ਵਿਚ ਹੀ ਅੰਮ੍ਰਿਤ ਹੈ, ਰੱਬ ਹੈ, ਇਨਸਾਨੀਅਤ ਹੈ। ਗੰਦੇ ਸਰੀਰ, ਜ਼ਹਿਰ ਭਰੇ ਸਰੀਰ ਵਿਚੋਂ ਅੰਮ੍ਰਿਤ ਲੱਭਣਾ ਹੈ, ਰੱਬ ਲੱਭਣਾ ਹੈ, ਕਿਵੇਂ ਲੱਭਣਾ ਹੈ, ਦਸਮ ਦੁਆਰ ਵਿਚੋਂ, ਗੁਰੂ ਲਭਾਏਗਾ। ਬਾਬਾ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਅੰਮ੍ਰਿਤ ਛਕਣ ਨਾਲ। ਗੁਰੂ ਪਾਤਿਸ਼ਾਹ ਤੋਂ ਬਗੈਰ ਦਸਮ-ਦੁਆਰ ਰੱਬ ਕੋਲ ਸਚਖੰਡਿ ਜਾ ਕੇ ਦਿਖਾ ਦੇ।

19. **ਨਰਕਾਂ ਦਾ ਝੂਟਾ** - ਨਰਕਾਂ ਵਿਚ ਕੌਣ ਜਾਂਦਾ ਹੈ, ਕਿਵੇਂ ਜਾਂਦਾ ਹੈ, ਕੌਣ ਲਿਜਾਂਦਾ ਹੈ, ਨਰਕਾਂ ਕਿੱਥੇ ਹਨ। ਸਰੀਰ ਤਾਂ ਸੜ ਜਾਂਦਾ ਹੈ-ਨਰਕਾਂ ਵਿਚ ਕੌਣ ਗਿਆ? ਉਥੇ ਕੀ ਹੈ, ਕੀ ਸਜ਼ਾ ਹੈ? ਸਜ਼ਾਵਾਂ ਕੌਣ ਦੇਂਦਾ ਹੈ, ਕਿਨੂੰ ਦੇਂਦਾ ਹੈ, ਕਿੰਨੇ ਚਿਰ ਦੀਆਂ ਸਜ਼ਾਵਾਂ ਹਨ, ਕਰੋੜਾਂ ਸਾਲਾਂ ਦੀਆਂ। 84 ਲੱਖ ਤਾਂ ਜੂਨਾਂ ਹੀ ਹਨ, ਜੇ 10 ਸਾਲ ਉਮਰ ਹੋਵੇ ਤਾਂ 8 ਕਰੋੜ 40 ਲੱਖ ਸਾਲ ਬਣਦੇ ਹਨ । ਤੂੰ ਆਪ ਸੋਚ ਲੈ ਕੀ ਕਰਨਾ ਹੈ? ਇਹ ਝੂਠੀ-ਲਾਲਚੀ, ਐਸ਼ਪ੍ਰਸਤ ਦੁਨੀਆਂ ਵਿਚ ਐਸ਼ ਕਰਕੇ ਕਰੋੜਾਂ ਸਾਲ ਸਜ਼ਾਵਾਂ ਲੈਣੀਆਂ ਹਨ ਜਾਂ ਮੁਕਤੀ। ਫਿਰ ਸੋਚ ਲੈ, ਫਿਰ ਸੋਚ ਲੈ। **ਇਹ ਜਗ ਮਿੱਠਾ ਅਗਲਾ ਕਿੰਨੇ ਡਿਠਾ ।। ਅਗਲਾ ਤੂੰ ਆਪ ਦੇਖੇਂਗਾ।**

20. **ਇਹਨਾਂ ਤੋਂ ਬਚੋ-** ਇਸ ਕਿਤਾਬ ਵਿਚ ਲਿਖਿਆ ਹੈ। ਜਿਹੜੇ ਇਨਸਾਨੀਅਤ ਤੋਂ ਗਿਰੇ ਹੋਏ ਜ਼ਲੀਲ ਗੰਦੇ ਬੰਦੇ ਹਨ-ਧਰਮ ਦੀ ਪੁਸ਼ਾਕ ਪਾ ਕੇ ਭੋਲੇ ਭਾਲੇ-ਸਿੱਧੇ ਸਾਦੇ ਲੋਕਾਂ ਨੂੰ ਲੁੱਟੀ ਜਾ ਰਹੇ ਹਨ, ਇਹਨਾਂ ਤੋਂ ਬਚੋ।

21. **ਸੁਆਲ-ਜੁਆਬ** - ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਹੀ ਬਾਬਾ ਸੁਆਲ ਕਰਦਾ ਹੈ, ਆਪ ਹੀ ਜੁਆਬ ਦੇ ਦੇਂਦਾ ਹੈ। ਉਹ ਸਾਰੇ ਸੁਆਲ-ਜੁਆਬ ਹਨ। ਜੋਗੀਆਂ ਦੇ ਸੁਆਲ ਤੇ ਬਾਬੇ ਦੇ ਜੁਆਬ ਹਨ।

22. **ਸਾਰੇ ਧਰਮਾਂ ਦਾ ਕਾਤਲ ਬਾਬਾ ਨਾਨਕ** - 1018 ਧਰਮ ਹਨ। ਬਾਬਾ 1017 ਧਰਮਾਂ ਨੂੰ ਕਿਉਂ ਨਹੀਂ ਮੰਨਦਾ, ਕੀ ਗੱਲ ਹੈ। ਉਹਨਾਂ ਵਿਚ ਕੀ ਕਮੀਆਂ ਹਨ, ਕਿਉਂ ਨਹੀਂ ਰੱਬ ਨੂੰ ਮਿਲ ਸਕਦੇ? ਬਾਬਾ ਆਪ ਵਾਹਿਗੁਰੂ ਹੈ, ਰੱਬ ਹੈ, ਅੱਲਾ ਹੈ, ਰਾਮ ਹੈ, ਰਹੀਮ ਹੈ, GOD ਹੈ। ਆਪ ਹੀ ਕਿਸੇ ਹੋਰ ਧਰਮ ਨੂੰ ਮੰਨਦਾ

ਹੀ ਨਹੀਂ। ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦਾ ਹੈ।

23. **ਭਾਵੈ** – ਰੱਬ ਨੂੰ ਕੀ ਚੰਗਾ ਲਗਦਾ ਹੈ? ਕੀ ਚੰਗਾ ਨਹੀਂ ਲਗਦਾ? ਆਪਾਂ ਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ। ਬਖਸ਼ਿਸ਼ ਕਿਵੇਂ ਲੈਣੀ ਹੈ?

24. **ਮਾਈ ਮਾਇਆ ਛਲ** – ਮਾਇਆ ਕੀ ਹੈ। ਕਿੰਨੇ ਰੂਪ ਹਨ? ਕੀ ਕਰਦੀ ਹੈ? ਜੀਵ-ਰੱਬ ਨੂੰ ਕਿਵੇਂ ਛਲਦੀ ਹੈ? ਕਿਵੇਂ ਵਿਕਾਰਾਂ ਵਿਚ ਪਾ ਦੇਂਦੀ ਹੈ? ਕਿਵੇਂ ਨਚਾਉਂਦੀ ਹੈ? ਇਸ ਤੋਂ ਬਚਾਓ ਵੀ ਲਿਖਿਆ ਹੈ।

25. **ਕਰਮਾਂ ਦੀ ਫਿਲਾਸਫੀ** – ਕਰਮ ਕੀ ਹਨ? ਕਰਮਾਂ ਕਰਕੇ ਸਰੀਰ ਨੂੰ ਦੁਬਾਰਾ ਜਨਮ ਲੈਣਾ ਪੈਂਦਾ ਹੈ। ਸਾਰੀ ਖੇਡ ਹੀ ਕਰਮਾਂ ਦੀ ਹੈ। ਸਰੀਰ ਦੀ ਉਪਜ ਹੀ ਕਰਮ ਹਨ। ਦੁਖ ਸੁਖ ਕਰਮਾਂ ਦਾ ਹੀ ਗੇੜ ਹੈ। ਕਰਮ Thinking ਸੋਚ ਪਵਿੱਤਰ ਹੋ ਗਈ ਹੈ, ਰੱਬ ਨੂੰ ਪਛਾਣ ਲਿਆ। ਕਰਮਾਂ ਦੀ ਫਿਲਾਸਫੀ 99% ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ।

26. **ਦਸਾਂ ਗੁਰੂਆਂ ਦਾ ਸੰਖੇਪ ਜੀਵਨ** – ਦਸਾਂ ਗੁਰੂਆਂ ਦਾ ਜੀਵਨ ਲਿਖਿਆ ਹੈ।

27. **ਦਸਮ ਗ੍ਰੰਥ ਬਾਰੇ** – ਇਹ ਅਸ਼ਲੀਲ ਕੋਕ ਸਾਸ਼ਤਰ ਹੈ। ਸਿਖਾਂ ਦੇ ਸਿਰ ਦੇ ਮੁੱਲ ਲਗਣ ਤੋਂ ਬਾਦ R.S.S. ਹਿੰਦੂਆਂ ਨੇ ਲਿਖਿਆ ਹੈ। ਅਸੀਂ ਕਿਸੇ ਅਵਤਾਰ ਨੂੰ ਮੰਨਦੇ ਹੀ ਨਹੀਂ। ਨਾ ਕ੍ਰਿਸ਼ਨ ਨੂੰ ਨਾ ਰਾਮ ਨੂੰ ਨਾ ਸ਼ਿਵ, ਬ੍ਰਹਮਾ, ਵਿਸ਼ਨੂੰ ਨੂੰ ਇਕ ਰੱਬ ਪ੍ਰਕਾਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ।

28. **ਪੜ੍ਹਾਈ ਕਿਵੇਂ ਕਰੀਏ?** – ਸਾਡੀ ਇਹ ਪੜ੍ਹਾਈ ਮਾਇਆ ਕਮਾਉਂਣ ਤੋਂ ਬਗੈਰ ਕਿੱਥੇ ਕੰਮ ਆਉਂਦੀ ਹੈ? ਮਾਇਆ ਨਾਲ ਸ਼ਰਾਬ ਪੀਂਦੇ ਹਾਂ, ਅਯਾਸ਼ੀ ਕਰਦੇ ਹਾਂ। ਇਹ ਪੜ੍ਹਾਈ ਕਿਸ ਕੰਮ? ਕੀ ਇਹ ਪੜ੍ਹਾਈ ਜਮਦੂਤਾਂ ਤੋਂ ਬਚਾ ਸਕਦੀ ਹੈ? ਨਰਕਾਂ ਤੋਂ ਬਚਾ ਸਕਦੀ ਹੈ? ਰੱਬ ਨਾਲ ਮਿਲਾ ਸਕਦੀ ਹੈ? ਮਨੁੱਖਾ ਜਨਮ ਦਾ ਮਨੋਰਥ ਪੂਰਾ ਕਰ ਸਕਦੀ ਹੈ? ਫਿਰ ਕੀ ਫਾਇਦਾ ਇਸ ਪੜਾਈ ਦਾ? ਜੋ ਮਨੁੱਖਾ ਜਨਮ ਦੇ ਮਨੋਰਥ ਵਿਚ ਕੋਈ ਵੀ ਕੰਮ ਨਹੀਂ ਆਉਂਦੀ। ਕਰਮਾਂ ਦਾ ਲੇਖਾ ਪੜ੍ਹ ਸਕਦੀ ਹੈ ?

29. **ਕੀ ਬੀਬੀਆਂ ਲਈ ਕੇਸਕੀ ਸਜਾਉਂਣੀ ਜਰੂਰੀ ਹੈ?** – ਖਾਲਸਾ ਰੱਬ ਦਾ ਹੈ, ਰੱਬ ਦੀ ਜਾਇਦਾਦ ਹੈ, ਰੱਬ ਦੀ ਵਿਰਾਸਤ ਹੈ। **ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੌ ਕਰੌ ਨਿਵਾਸ।।** ਕੇਸਕੀ ਤੋਂ ਬਗੈਰ ਰੂਪ ਖਾਸ ਬਣਦਾ ਹੀ ਨਹੀਂ। ਫਿਰ ਕੇਸਕੀ ਤੋਂ ਬਗੈਰ ਸਚਖੰਡਿ ਪਹੁੰਚ ਕੇ ਦਿਖਾ ਦਿਓ? ਚੈਲੰਜ। You Accept it ਸਵੀਕਾਰ ਕਰੋ? ਦੂਸਰਾ-ਕਕਾਰ ਬਾਹਰੋਂ ਲਏ ਹਨ, ਸਰੀਰ

ਵਿਚੋਂ ਨਹੀਂ ਲਏ। ਕੱਕਾ-ਕੰਨ ਕਕਾਰ ਨਹੀਂ। ਪਹਿਲੀ ਕੁਰਹਿਤ ਹੈ, ਸਿਰ ਤੋਂ ਪੈਰਾਂ ਤੱਕ ਰੋਮਾਂ ਦੀ ਬੇਅਦਬੀ ਨਹੀਂ ਕਰਨੀ, ਇਹ ਕੀ ਹੈ? ਕੇਸ ਰਖਨੇ, ਕੇਸਾਂ ਦੀ ਬੇਅਦਬੀ ਨਹੀਂ ਕਰਨੀ-ਇਕੋ ਹੀ ਗਲ ਹੈ। ਕੇਸਾਂ ਦੀ ਸੰਭਾਲ, ਕੰਘਾ। ਕੇਸਾਂ ਨੂੰ ਢੱਕ ਕੇ ਰਖਨਾ-ਕੇਸਕੀ, ਕਿ ਕੇਸ ਨੰਗੇ ਰਖਣੇ ਹਨ ?

30. **ਰੱਬ ਬਹੁਤ ਚੰਗਾ ਨਹੀਂ ਹੈ** – ਤੁਹਾਡੇ ਕਰਮਾਂ ਦਾ ਫਲ ਤੁਹਾਨੂੰ ਭੋਗਣਾ ਹੀ ਪੈਂਦਾ ਹੈ। ਮੁਆਫ ਨਹੀਂ ਕਰਦਾ। ਮਨਮੁਖ ਨੂੰ ਤਾਂ 84 ਲੱਖ ਵਾਰੀ ਜੂਨਾਂ ਵਿਚ ਜਨਮ ਲੈਣਾ ਹੀ ਪੈਂਦਾ ਹੈ। ਭੂਤਨੀਆਂ, ਭੂਤ, ਪ੍ਰੇਤ, ਭੈੜੀਆਂ, ਰੂਹਾਂ ਰੱਬ ਹੀ ਬਨਾਉਂਦਾ ਹੈ-ਟੱਟੀ ਖਾਂਦੀਆਂ ਹਨ, ਪੇਸ਼ਾਬ, Mences ਪੀਂਦੀਆਂ ਹਨ। ਰੱਬ ਚੰਗਾ ਹੈ? ਤੁਸੀਂ ਦਸ ਦਿਓ ਕਿਵੇਂ ਚੰਗਾ ਹੈ? ਜੀਵ ਸ਼ਰਾਬ ਪੀ ਰਿਹਾ ਹੈ, ਜੂਆ ਖੇਡ ਰਿਹਾ ਹੈ, ਔਰਤਾਂ ਦਾ ਧੰਦਾ ਕਰਦੈ, ਬਲਾਤਕਾਰ ਤਿੰਨ ਸਾਲ ਦੀ ਕੁੜੀ ਨਾਲ ਕਰਵਾ ਦੇਂਦਾ ਹੈ, ਚੰਗਾ ਹੈ। ਬਾਣੀ ਆਖਦੀ ਹੈ ਉਸ ਦੇ ਹੁਕਮ ਤੋਂ ਬਗੈਰ ਪੱਤਾ ਵੀ ਨਹੀਂ ਹਿਲਦਾ।

31. **Why I am proud to be a Sikh?** – ਗੁਰੂ ਦੇ ਸਿਖ ਬਨਣ ਦਾ ਕੀ ਫਾਇਦਾ ਹੈ? ਸਿਰਫ ਗੁਰੂ ਦਾ ਸਿਖ ਹੀ ਸਚਖੰਡਿ ਜਾ ਸਕਦਾ ਹੈ, ਨਰਕਾਂ ਤੋਂ ਬਚ ਸਕਦਾ ਹੈ। ਰੱਬ ਦੇ ਗੁਰੂ ਦੇ ਦਰਸ਼ਨ ਕਰ ਸਕਦਾ ਹੈ। ਵਿਕਾਰ ਛੱਡ ਸਕਦਾ ਹੈ। ਇਸੇ ਲਈ ਗੁਰੂ ਦਾ ਸਿਖ ਹੋਣ ਲਈ ਮੈਨੂੰ ਮਾਣ ਹੈ।

32. **If you want peace in the world?** - ਤੁਹਾਨੂੰ ਕੀ ਕਰਨਾ ਪਏਗਾ? What are you Suppose to do. How you can achieve the peace?

33. **Space exploration with human soul** - Why you are wasting Million-Billion Dollars by Sending - Shuttle, discovery etc. in the space. You will achieve nothing. Why don't you search with your soul. You can count the star even. If you keep one step on one Planet, other step you can keep on other Planet. Soul speed is Trillion times more than Light. Help the Poor, why to waste time, energy + money ?

34. ਵਾਹਿਗੁਰੂ ਦੇ ਵਾਹਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ – ਪਰਮਾਤਮਾ ਮੱਥਾ ਟੇਕਦਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਇਕੋ ਹੀ ਧਰਮ ਜਿਹਨੂੰ ਰੱਬ

ਮੰਨਦਾ ਹੈ।

35. **ਦਸ ਅਸੂਲ ਮੰਨ ਲੈ ਸਚਖੰਡਿ ਜਾਏਂਗਾ** - Ten Commandments. ਇਹ ਦਸ ਅਸੂਲ ਮੰਨ ਲੈ। ਇਨਸਾਨੀਅਤ ਆ ਜਾਏਗੀ। ਸਚਖੰਡਿ ਪਹੁੰਚ ਜਾਏਂਗਾ।

36. **ਵੈਰਾਗ ਤੇ ਸਹਜ ਸਹਜ ਤੇ ਮਿਲਾਪ** - ਵੈਰਾਗ ਕੀ ਹੁੰਦਾ ਹੈ, ਕਿਉਂ ਆਉਂਦਾ ਹੈ, ਕਿਵੇਂ ਆਉਂਦਾ ਹੈ, ਰੱਬ ਨਾਲ ਮਿਲਾਪ ਸਹਜ ਆਉਂਣ ਤੋਂ ਬਾਦ ਹੀ ਆਉਂਦਾ ਹੈ।

37. **ਦੇਹ ਧਾਰੀ ਗੁਰੂ, ਰੱਬ ਦਾ ਕਾਤਲ ਹੈ, ਇਨਸਾਨੀਅਤ ਦਾ ਕਾਤਲ ਹੈ**- ਪੰਜ ਭੂਤਕ ਸਰੀਰ ਗੁਰੂ ਹੋ ਹੀ ਨਹੀਂ ਸਕਦਾ, ਇਹ ਆਪ ਵੀ ਨਰਕਾਂ ਵਿਚ ਹੈ, ਇਸ ਦੇ ਸਾਰੇ ਚੇਲੇ ਬਾਲਕੇ ਵੀ ਨਰਕਾਂ ਵਿਚ ਹਨ, ਹੈ ਨਾ ਇਨਸਾਨੀਅਤ ਦਾ ਕਾਤਲ।

38. **ਪੰਜ ਕਕਾਰਾਂ ਦੀ ਮਹਾਨਤਾ** - ਕਕਾਰ ਕੀ ਹਨ। ਕਿਰਪਾਨ ਮੰਗਲ ਹੈ - ਸ਼ਕਤੀ ਦਾ ਪ੍ਰਤੀਕ। ਕੜਾ-ਸ਼ਨੀ ਦੇਵਤਾ ਤੇਰਾ, ਮੇਰੀ ਸੱਜੀ ਬਾਂਹ ਵਿਚ ਲਟਕ ਰਿਹਾ ਹੈ। ਕੰਘਾ-ਰਾਹੂ-ਕੇਤੂ ਪੰਡਿਤ ਦਾ, ਸਿਰ ਵਿਚ ਟੰਗਿਆ ਹੋਇਆ ਹੈ। ਕਛਹਿਰਾ-ਸ਼ੁਕਰ-ਤੇੜ ਪਾਇਆ ਹੋਇਆ ਹੈ। ਕੇਸਕੀ-ਬ੍ਰਹਿਸਪਤ-ਕੇਸਰੀ ਸਿਰ ਤੇ ਬੰਨੀ ਹੋਈ ਹੈ। ਖੰਡਾ-ਗੁਰਸਿਖ ਕੁਦਰਤਿ ਦਾ ਮਾਲਕ-ਤੂੰ ਵੀ ਹੈ? ਚੈਲੰਜ-ਖੰਡਾ-ਚੈਲੰਜ।

39. **ਤਾਕਤਵਰ ਕੌਣ** - ਅਸਥੂਲ ਦਿਸਦੀ ਚੀਜ਼ ਜਾਂ ਅਦ੍ਰਿਸ਼ਟ-ਸੂਖਸਮ। ਬੰਦੇ ਨੇ 84 ਲੱਖ ਜੂਨ ਵੱਸ ਵਿਚ ਕਰ ਲਈ ਹੈ। ਕਾਮ, ਵੱਸ ਵਿਚ ਕਰ ਕੇ ਦਿਖਾਏ, ਗਿਆਨ ਇੰਦ੍ਰੇ-ਬੁਧੀ-ਅਕਲ-ਮਨ, ਆਤਮਾ, ਪਰਮਾਤਮਾ ਵੱਸ ਵਿਚ ਕਰਕੇ ਦਿਖਾਏ। ਵਿਕਾਰ ਬੰਦੇ ਨੂੰ ਘੁਮਾ ਦੇਂਦੇ ਹਨ। ਕੌਣ ਹੈ ਤਾਕਤਵਰ?

40. **ਅਸਲ ਵਿਚ ਤੂੰ ਬਾਦਸ਼ਾਹ ਹੈ, ਬੇਸਮਝੀ ਕਰਕੇ ਭੇਖਾਰੀ ਬਣਿਆ, ਹੋਇਆ ਹੈ** - ਤੇਰਾ ਪਿਤਾ, ਤ੍ਰਿਲੋਕੀ ਦਾ ਮਾਲਕ ਸ਼ਾਹਿ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਹੈ, ਤੂੰ ਆਪਣੇ ਕਰਮਾਂ ਕਰਕੇ ਗਰੀਬ ਹੈ, ਅਜ ਵੀ ਅਮੀਰ ਹੋ ਸਕਦਾ ਹੈ।

41. **ਰੱਬ ਇਕ ਤਾਂ ਗੁਰੂ ਵੀ ਇਕ। ਇਹ ਰੱਬ ਦਾ ਅਸੂਲ ਹੈ** - ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅੰਮ੍ਰਿਤ ਛਕਣ ਤੋਂ ਬਗੈਰ ਰੱਬ ਨੂੰ ਮਿਲ ਕੇ ਦਿਖਾ ਦੇ।

42. **ਐ ਜੀਵ! ਦੁਖੀ ਕਿਉਂ** - ਜੀਵ ਕਦੀ ਦੁੱਖੀ ਹੁੰਦਾ ਹੀ ਨਹੀਂ-ਬੇਸਮਝੀ ਹੈ।

**"ਮਨ ਕਿਉ ਵੈਰਾਗ ਕਰੇਂਗਾ, ਸਤਿਗੁਰੂ ਮੇਰਾ ਪੂਰਾ"** ਪੂਰੇ ਗੁਰੂ ਦੀ

ਸਮਝ ਨਹੀਂ।

43. **ਮੌਤ ਕਿ ਸਦੀਵੀ ਜ਼ਿੰਦਗੀ** – ਮਰਦਾ ਕੌਣ ਹੈ? ਸਰੀਰ ਤਾਂ ਪਹਿਲਾ ਹੀ ਕੱਚਾ ਭਾਂਡਾ ਸੀ। ਜਦੋਂ ਜੀਵ ਨਰਕਾਂ ਵਿਚ ਜਾਂਦਾ ਹੈ, ਮਰਦਾ ਹੈ।

44. **ਗੁਰਬਾਣੀ ਸਚਖੰਡਿ ਦਾ ਰਾਹ ਦੱਸਦੀ ਹੈ, ਸਿਮਰਨ ਸਚਖੰਡਿ ਪਹੁੰਚਾ ਦੇਂਦਾ ਹੈ** – ਸਿਮਰਨ ਵਾਹਿਗੁਰੂ ਵਾਹਿਗੁਰੂ ਕੋਈ ਕਰਦਾ ਹੀ ਨਹੀਂ। ਬਾਣੀ ਸਾਰੇ ਪੜ੍ਹਦੇ ਹਨ, ਵਿਚਾਰਦਾ ਕੋਈ ਨਹੀਂ। ਸਚਖੰਡਿ ਦਾ ਰਾਹ ਕਿਵੇਂ ਪਤਾ ਲੱਗੇਗਾ ਤੇ ਪਹੁੰਚਾਗੇ ਕਿਵੇਂ? ਜੀਵਨ ਮਨੋਰਥ ਕਿਵੇਂ ਪੂਰਾ ਹੋਏਗਾ? Without Simran Meditation, All in vain.

45. **ਅੰਮ੍ਰਿਤ ਵੇਲੇ ਦੀ ਮਹਾਨਤਾ** – ਅੰਮ੍ਰਿਤ ਵੇਲਾ ਕੀ ਹੈ? ਕਿਉਂ ਉਠਣਾ ਹੈ, ਉਠ ਕੇ ਕੀ ਕਰਨਾ ਹੈ, ਸਿਮਰਨ ਅੰਮ੍ਰਿਤ ਵੇਲੇ ਹੀ ਕਿਉਂ ਕਰਨਾ ਹੈ?

46. **ਵੱਢੀ ਲੈਣੀ ਜਾਇਜ਼ ਨਹੀਂ** – ਵੱਢੀ ਲੈਣ ਵਾਲਾ ਇਨਸਾਨ ਨਹੀਂ ਹੁੰਦਾ। ਉਸ ਦੇ ਬੱਚੇ-ਕੁੜੀ-ਮੁੰਡਾ-ਵਹੁਟੀ-ਭੈਣ ਚਰਿਤਰਹੀਨ ਹੁੰਦੇ ਹਨ। ਰੱਬ ਬਿਮਾਰੀ ਘਰ ਵਿਚ ਵਾੜ ਦਿੰਦਾ ਹੈ, ਮਾਇਆ ਦੀ ਬਰਕਤਿ ਹੀ ਨਹੀਂ ਪੈਂਦੀ, ਅੱਗੇ ਨਰਕਾਂ।

47. **ਪੰਜ ਭੂਤਕ ਸਰੀਰ ਗੁਰੂ ਨਹੀਂ ਹੁੰਦਾ**– ਨਾ ਹੀ ਹੋ ਸਕਦਾ ਹੈ-ਪੰਜ ਭੂਤਕ ਸਰੀਰ ਗੁਰੂ ਹੋ ਹੀ ਨਹੀਂ ਸਕਦਾ, ਤੁਸੀਂ ਦਿਖਾਓ ਕਿਤੇ ਗੁਰੂਆਂ ਨੂੰ ਸਰੀਰ ਲਿਖਿਆ ਹੋਵੇ? ਗੁਰੂ ਪਰਮੇਸਰ, ਗੁਰੂ ਨਿਰੰਕਾਰ, ਗੁਰੂ ਕਰਤਾ, ਗੁਰੂ ਕਰਨਹਾਰ। ਸਰੀਰ ਗੰਦਗੀ ਦਾ ਬੈਗ ਗੁਰੂ ਕਿਵੇਂ ਹੋ ਗਿਆ, ਕਿਵੇਂ ਹੋ ਸਕਦਾ ਹੈ? ਫਿਰ ਨਰਕਾਂ ਵਿਚ ਕਿਉਂ ਜਾਂਦਾ ਹੈ? Only Guru is Sri Guru Granth Sahib Ji.

48. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਸੂਲਾਂ ਦੇ ਗੁਰੂ ਹਨ – Guru of Humanity.** ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਬ ਮੱਥਾ ਟੇਕਦਾ ਹੈ ਤਾਂ 700 ਕਰੋੜ ਜੀਵਾਂ ਦੇ ਸਾਂਝੇ ਗੁਰੂ ਹੋਏ, ਇਕੱਲੇ ਸਿੱਖਾਂ ਦੇ ਗੁਰੂ ਕਿਵੇਂ ਹੋਏ? ਸਿੱਖ ਸ਼ਰਾਬ ਪੀਂਦਾ ਹੈ, ਦਾਹੜੀ ਕੱਟਦਾ ਹੈ, ਕੁਰਹਿਤਾਂ ਕਰਦਾ ਹੈ, ਉਸ ਦੇ ਗੁਰੂ ਕਿਵੇਂ ਹੋਏ? ਜਿਹੜਾ ਵੀ ਅਸੂਲ ਮੰਨੇਗਾ, ਉਸ ਦੇ ਹੀ ਗੁਰੂ ਹਨ, ਭਾਵੇ ਚਾਰੇ ਵਰਨਾਂ ਵਿਚੋਂ ਕੋਈ ਵੀ ਹੋਵੇ, ਸਾਰੇ ਬਰਾਬਰ ਹਨ। ਕੋਈ ਵੀ ਅਸੂਲ ਮੰਨ ਕੇ ਗੁਰੂ ਧਾਰ ਕੇ, ਰੱਬ ਦੀ ਬਖਸ਼ਿਸ਼ ਲੈ ਸਕਦਾ ਹੈ।

49. **ਸੰਗਤਿ ਬਖਸ਼ਿਸ਼ ਦਾ ਘਰ ਹੈ** – ਸੰਗਤ ਵਿਚ ਚਾਰ ਵਾਹਿਗੁਰੂ ਹਾਜ਼ਿਰ ਹੁੰਦੇ ਹਨ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਵਿਚ ਬਖਸ਼ਿਸ਼ ਨਹੀਂ ਹੋਣੀ ਤਾਂ ਹੋਰ ਕਿਤੇ ਵੀ ਨਹੀਂ ਹੋ ਸਕਦੀ। ਵਾਹਿਗੁਰੂ, ਦਸੇ ਪਾਤਿਸ਼ਾਹੀਆਂ ਮੱਥਾ ਟੇਕਦੀਆ

ਹਨ, ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੰਗਤਿ- ਨਾਮ ਜਪੋ ਬਖਸ਼ਿਸ਼ ਹੋਣੀ ਹੀ ਹੋਣੀ ਹੈ। ਰੱਬ ਦੀ ਬਖਸ਼ਿਸ਼ ਦਾ ਘਰ ਹੈ।

50. **ਗੁਰਸਿਖ ਦੇ ਗੁਣ** – ਅੰਮ੍ਰਿਤ ਧਾਰੀ ਗੁਰਸਿਖ ਕਿਹੋ ਜਿਹਾ ਹੁੰਦਾ ਹੈ, ਕੀ ਗੁਣ ਹੁੰਦੇ ਹਨ? ਰੱਬ ਨੂੰ ਸਿਰਫ ਅੰਮ੍ਰਿਤਧਾਰੀ ਗੁਰਸਿਖ ਹੀ ਕਿਉਂ ਪਿਆਰਾ ਹੈ? ਗੁਣਾਂ ਕਰਕੇ।

51. **ਪਰਉਪਕਾਰ-ਪਰਉਪਕਾਰੀ** – ਜਿੰਦਗੀ ਭਲਾ ਕਰਨ ਨੂੰ ਮਿਲੀ ਹੈ- ਸਰੀਰ ਪਰਉਪਕਾਰੀ ਹੈ-ਭਲਾ ਕਰ ਜਾ, ਪਰਉਪਕਾਰ ਕਰ ਜਾ, ਸਾਰਿਆਂ ਨੂੰ ਰੱਬ, ਗੁਰੂ ਨਾਨਕ ਸਮਝੇਂਗਾ ਤਾਂ ਹੀ ਭਲਾ ਸੋਚੇਂਗਾ। ਇਸ ਤੋਂ ਭਾਵ ਤੇਰੇ ਅੰਦਰੋਂ ਵਿਕਾਰ-ਈਰਖਾ ਖਤਮ ਹੋ ਗਏ ਹਨ। ਤੂੰ ਹੁਣ ਗੁਰੂ ਨਾਨਕ ਵਰਗਾ ਹੈ, ਵਾਹਿਗੁਰੂ ਦਾ ਪੁੱਤਰ ਵਾਹਿਗੁਰੂ ਹੀ ਹੈ।

52. **ਪ੍ਰਤਖ ਦਰਸ਼ਨ** – ਰੱਬ ਦੇ ਪ੍ਰਤੱਖ ਦਰਸ਼ਨ ਕਿਸ ਤਰ੍ਹਾਂ ਹੁੰਦੇ ਹਨ। ਹਰ ਜੀਵ ਕਿਵੇਂ ਦਰਸ਼ਨ ਕਰ ਸਕਦਾ ਹੈ? ਬਹੁਤ ਜਰੂਰੀ ਅਹਿਮ ਅਸੂਲ ਲਿਖੇ ਹਨ। ਪੜ੍ਹੇਗਾ, ਹੈਰਾਨ ਰਹਿ ਜਾਏਂਗਾ।

53. 54. 55. 56. **ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਸਟੀਕ ਭਾਗ 1, 2, 3, 4 ਪੜ੍ਹ ਕੇ ਦੇਖ**, ਵਿਸਮਾਦ ਅਵਸਥਾ ਵਿਚ ਪਹੁੰਚ ਜਾਏਂਗਾ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ। ਗੁਰੂ ਪਾਤਿਸ਼ਾਹ ਨੇ ਵਾਹਿਗੁਰੂ ਦੀ ਸਿਫਤਿ ਸਲਾਹ ਕੀਤੀ ਹੈ, ਭਾਈ ਸਾਹਿਬ ਨੇ ਗੁਰੂਆਂ ਦੀ ਸਿਫਤਿ ਸਲਾਹ ਕੀਤੀ ਹੈ। ਗੁਰੂ ਨਾਨਕ ਹੀ ਵਾਹਿਗੁਰੂ ਹੈ, ਸਚਾ ਪਾਤਿਸ਼ਾਹ ਹੈ-ਸਚਖੰਡੁ ਦਾ ਮਾਲਕ ਹੈ, ਸ੍ਰਿਸ਼ਟੀ ਦਾ ਕਰਤਾ ਹੈ। ਬਾਕੀ ਸਾਰੇ ਧਰਮਾਂ ਨੂੰ ਜੀਰੋ ਕਿਹਾ ਹੈ। ਲਿਖਿਆ ਹੈ ਬਾਕੀ ਸਾਰੇ ਧਰਮ ਗੁਰਸਿਖ ਦੇ ਰੋਮ ਦੇ ਬਰਾਬਰ ਨਹੀਂ। ਦਸਮ-ਦੁਆਰ ਸਿਰਫ ਗੁਰਸਿਖ ਦਾ ਹੀ ਖੁਲ ਸਕਦਾ ਹੈ। ਸਚਖੰਡਿ ਸਿਰਫ ਗੁਰਸਿਖ ਹੀ ਪਹੁੰਚ ਸਕਦਾ ਹੈ, ਹੋਰ ਕੋਈ ਨਹੀਂ। ਕਮਾਲ ਕੀਤੀ ਪਈ ਹੈ ਵਿਚਾਰ ਕੇ ਪੜ੍ਹ ਕੇ ਦੇਖ-ਸਹਜ ਵਿਚ ਪੜ੍ਹਨਾ।

57. **ਸਿਖ ਕੌਮ ਏਡੀ ਸਿਆਣੀ ਨਹੀਂ** – ਸਿਖਾਂ ਨੂੰ ਅਕਲ ਹੀ ਨਹੀਂ-ਸਿਖ ਹੈ ਤਾਂ ਮੱਤ ਨਹੀਂ, ਮੱਤ ਹੈ ਤਾਂ ਸਿਖ ਨਹੀਂ। ਦੋਵੇਂ ਹੈ ਤਾਂ ਇਕ ਨਹੀਂ। ਆਪਣੇ ਗੁਰੂ ਕਰਤੇ ਨੂੰ ਭੁੱਲ ਕੇ ਦੇਹਧਾਰੀਆਂ ਮਗਰ ਤੁਰੇ ਫਿਰਦੇ ਹਨ। ਸ਼ਰਾਬਾਂ ਪੀਂਦੇ ਹਨ, ਵੱਢੀਖੋਰੇ ਹਨ, ਦਾਹੜੀਆਂ ਕੇਸ ਕੱਟੇ ਤੁਰੇ ਫਿਰਦੇ ਹਨ। ਅਗਲੀ ਦੁਨੀਆਂ ਦੀ ਸੋਝੀ ਹੀ ਨਹੀਂ। ਨਾ ਨਰਕਾਂ ਦੀ ਨਾ ਸਚਖੰਡ ਦੀ।

58. **ਸੰਗਤਿ ਦੀ ਮਹਾਨਤਾ-ਨਾਮ ਦੀ ਮਹਾਨਤਾ** – ਸੰਗਤਿ ਵਿਚ ਚਾਰ

ਵਾਹਿਗੁਰੂ ਹਨ ਤੇ ਨਾਮ ਤੋਂ ਬਗੈਰ ਜੀਵਨ ਨਹੀਂ ਬਦਲ ਸਕਦਾ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਹੀ ਇਹੀ ਹੈ। ਸੰਗਤਿ ਵਿਚ ਨਾਮ ਜਪ।

59. **ਖਾਲਸਾ ਰਾਜ** – ਰਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ। ਖਾਲਸਾ-ਸ਼ੁਧ। ਪਿਆਰ ਵਾਲਾ-ਵੱਢੀ ਤੋਂ ਬਗੈਰ। ਸਾਰੀਆਂ ਸਹੂਲਤਾਂ ਵਾਲਾ। ਸਾਰੇ ਅਮੀਰ, ਗਰੀਬ ਕੋਈ ਨਹੀਂ। ਦੁਖਾਂ-ਤਕਲੀਫਾਂ ਤੋਂ ਰਹਿਤ। ਸੁਨਹਿਰੀ ਯੁਗ ਸੁਨਹਿਰੀ।

60. **ਬਦਲਾਓ, Change the Administration of Guradwaras** - ਗੁਰਦੁਆਰਿਆ ਵਿਚ ਬਹੁਤ ਗੰਦ ਪੈ ਗਿਆ ਹੈ। ਰੱਬ ਦੇ ਮਿਲਾਪ ਦੀ ਗੱਲ ਹੀ ਕੋਈ ਨਹੀਂ, ਮਨਮੁਖ ਕਮੇਟੀ ਬਦਲ ਦਿਓ ਨੌਜਵਾਨੋ।

61. **ਬਿਖਮੋ ਬਿਖਮ ਅਖਾੜਾ (ਮਨਮੁਖ ਤੂੰ ਹਾਰ ਗਿਆ) ਮੈ ਗੁਰਮਿਲਿ ਜੀਤਾ ਰਾਮ।।** – ਸਰੀਰ ਨੂੰ ਜਿੱਤਣਾ, ਵਿਕਾਰਾਂ ਨੂੰ ਮਾਰਨਾ, ਮੋਹ ਨੂੰ ਮਾਰਨਾ, ਰੱਬ ਨੂੰ ਪਾਉਂਣਾ ਬਹੁਤ ਔਖੀ ਖੇਡ ਹੈ। ਪਰ ਲੜਾਈ ਛੱਡਣੀ ਨਹੀਂ-ਹਾਰਨੀ ਨਹੀਂ। ਜਿੱਤ ਕੇ ਜਾਣੈ।

62. **ਅਸੀਂ ਹਿੰਦੂ ਹੀ ਹਾਂ ਕੌਣ ਆਖਦਾ ਹੈ ਸਿਖ ਹਾਂ** – ਸਿੱਖਾਂ ਵਿਚ ਸਾਰੀਆਂ ਆਦਤਾਂ ਹਿੰਦੂਆਂ ਵਾਲੀਆਂ ਹੀ ਹਨ। ਕਰਮਕਾਂਡੀ ਹਨ। ਬੱਚਿਆਂ ਨਾਲ ਹਿੰਦੀ ਬੋਲਦੇ ਹਨ। ਵਿਆਹ ਤੇ ਸਾਹਾ ਪੰਡਿਤ ਕੱਢਦਾ ਹੈ। ਸੰਗਰਾਂਦ, ਮੱਸਿਆਂ, ਪੂਰਨ ਦੀ ਮਾਸੀ ਦੀ ਪੂਜਾ ਕਰਦੇ ਹਨ। ਸਰੋਵਰਾਂ ਵਿਚ ਇਸ਼ਨਾਨ। ਹਰ ਕੰਮ ਹਿੰਦੂਆਂ ਵਾਲਾ ਹੈ।

63. **ਹੇਮਕੁੰਟ** – ਅਸੀਂ ਬੇਵਕੂਫ ਪਹਾੜੀ ਨੂੰ ਪੂਜੀ ਜਾ ਰਹੇ ਹਾਂ। ਅਸੀਂ ਰੱਬ ਦੇ ਪ੍ਰਕਾਸ਼ ਦੇ, ਨੂਰ ਦੇ, ਜੋਤ ਦੇ ਉਪਾਸ਼ਕ ਪੱਥਰ ਨੂੰ ਪੂਜੀ ਜਾ ਰਹੇ ਹਾਂ। ਗੁਰੂ ਸਾਹਿਬ ਦੇ ਮਨ੍ਹਾ ਕਰਨ ਦੇ ਬਾਵਜੂਦ ਵੀ ਜਾ ਰਹੇ ਹਾਂ। ਮਨਮੁਖ ਅਗਿਆਨੀ ਹਾਂ।

64. **ਗੁਰਬਾਣੀ ਉਹ ਹੁੰਦੀ ਹੈ ਜੋ ਜੀਵਨ ਜਾਂਚ ਦੀ ਸਿਖਿਆ ਦੇਂਦੀ ਹੈ** – ਦਸਮ ਗ੍ਰੰਥ ਇਕ ਕੋਕ ਸ਼ਾਸਤਰ ਦੀ ਨਿਆਈਂ ਹੈ। ਗੰਦ ਲਿਖਿਆ ਹੋਇਆ ਹੈ ਕ੍ਰਿਸ਼ਨ ਨੇ ਗੋਪੀਆਂ ਨਾਲ। ਫਿਰ ਇਹ ਦਸਵੇਂ ਪਾਤਿਸ਼ਾਹ ਦੀ ਲਿਖਤ ਨਹੀਂ। ਅਸੀ ਪ੍ਰਕਾਸ਼ ਕਰਨ ਨੂੰ ਤੁਰੇ ਫਿਰਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ।

65. **ਕਬੀਰ ਜੀ ਦੇ ਸਲੋਕ** – ਲੋਕਾਂ ਨੂੰ ਸਲੋਕਾਂ ਵਿਚ 2/4 ਬਹੁਤ ਵੱਡੇ ਭੁਲੇਖੇ ਹਨ। **ਭਾਵੈਂ ਲਾਬੇ ਕੇਸ ਕਰ ਭਾਵੈ ਘਰਰਿ ਮੁਨਾਇ।।** ਸਮਝ ਹੈ ਨਹੀਂ। ਗੁਰਬਾਣੀ ਕਦੀ ਪੜ੍ਹੀ ਨਹੀਂ। ਭੁਲੇਖੇ ਦੂਰ ਕੀਤੇ ਹਨ।

66. **ਕਿਸਨੇ ਕਿਸਨੇ ਮਰਨਾ ਹੈ 21 ਦਸੰਬਰ 2012 ਤੱਕ** – ਹਿੰਦੂ ਕਹਿ ਰਿਹਾ ਹੈ ਪਰਲੋ ਆ ਜਾਣੀ ਹੈ, ਜੇ ਪਰਲੋ ਆਈ ਕੌਣ ਕੌਣ ਮਰੇਗਾ? ਹਿੰਦੂ-

ਗੁਰਸਿਖ ਨੇ ਨਹੀਂ ਮਰਨਾ।

67. **ਖਾਲਸਾ ਰਾਜ 1 ਜਨਵਰੀ 2013 ਤੋਂ** – ਜੇ ਪਰਲੋਂ ਆਉਂਦੀ ਹੈ ਤਾਂ ਖਾਲਸਾ ਰਾਜ ਹੀ ਆਉਂਣਾ ਹੈ। ਹਿੰਦੂ ਤਾਂ ਰਾਜ ਕਰ ਹੀ ਰਹੇ ਹਨ। ਵਾਹਿਗੁਰੂ ਨੂੰ ਪਸੰਦ ਨਹੀਂ। ਇਹਨੂੰ ਮਾਰਕੇ ਖਾਲਸੇ ਨੂੰ ਰਾਜ ਦੇਣਾ ਹੈ।

68. **ਦਾਨ** – ਦਾਨ ਅਸਲ ਕੀ ਹੈ ਕਿੱਥੇ ਦੇਈਦਾ ਹੈ? ਸਿਖਾਂ ਨੂੰ ਅਕਲ ਹੀ ਨਹੀਂ ਚੜ੍ਹਾਵਾ, ਰੁਮਾਲੇ, ਚੰਦੋਵਾ ਬਸ! ਇਥੇ ਤਕ ਹੀ ਸੀਮਤ ਹਨ।

69. **ਆਖੰਡ ਪਾਠ** – ਆਖੰਡ ਪਾਠ ਕਿ ਪਾਖੰਡ ਪਾਠ : ਬੁਧੂ ਕੌਮ, ਮੰਤਰਾਂ ਦੀ ਤਰ੍ਹਾਂ ਪੜ੍ਹ ਕੇ ਮਹਾਤਮ ਹਾਸਲ ਕਰਨਾ ਚਾਹੁੰਦੀ, ਮਿਹਨਤ ਨਹੀਂ ਕਰਨਾ ਚਾਹੁੰਦੀ। ਬਾਣੀ ਵਿਚਾਰਨੀ ਨਹੀਂ। ਆਪ ਸ਼ਰਾਬ ਪੀਣੀ ਹੈ, ਪਾਠ ਗੁਰਦੁਆਰੇ ਹੋ ਰਿਹਾ ਹੈ, ਭਾਈ ਵੀ ਸ਼ਰਾਬ ਪੀ ਕੇ ਹੀ ਆਖੰਡ ਪਾਠ ਕਰ ਰਿਹਾ ਹੈ। ਫਾਇਦਾ ਤੈਨੂੰ ਹੋ ਜਾਣੈ।

70. **ਮਨੁੱਖਾ ਜਨਮ ਮੁਕਤੀ ਪ੍ਰਾਪਤ ਕਰਨ ਨੂੰ ਮਿਲਿਐ। ਅਵਰ ਕਾਜ ਤੇਰੈ ਕਿਤੇ ਨ ਕਾਮ।।** – ਮੁਕਤੀ ਹਾਸਲ ਕਰਕੇ ਦਿਖਾ–ਗੰਦੇ ਸਰੀਰ, ਵਿਕਾਰਾਂ ਤੋਂ ਮੋਹ ਤੋਂ ਨਰਕਾਂ ਤੋਂ 84 ਲੱਖ ਜੂਨਾਂ ਤੋਂ ਮੁਕਤ ਹੋ ਕੇ ਦਿਖਾ। ਸਰੀਰ ਤਾਂ ਧਰਤੀ ਤੇ ਇਮਤਿਹਾਨ ਦੇਣ ਆਇਆ ਹੈ। ਪਾਸ ਹੋ ਕੇ ਵਾਪਿਸ ਸਚਖੰਡਿ ਜਾਣੈ। **ਸਭ ਜਾਸਨਿ ਵਾਟ ਵਟਾਇਆ।।**

71. **ਗੁਰਬਾਣੀ ਵਿਚਾਰਨ ਦਾ ਵਿਸ਼ਾ ਹੈ, ਤੋਤਾ ਰਟਨੀ ਨਹੀਂ ਹੈ** – ਗੁਰਬਾਣੀ ਗੁਰੂ ਹੈ, ਰੱਬ ਹੈ, ਨਿਰੰਕਾਰ ਹੈ, ਵਾਹਿਗੁਰੂ ਮੱਥਾ ਟੇਕਦਾ ਹੈ। ਇਸ ਨੂੰ ਵਿਚਾਰ ਕੇ ਸਮਝਣਾ ਹੈ। ਅੰਦਰ ਲਿਜਾਣਾ ਹੈ, ਅਮਲ ਕਰਨਾ ਹੈ, ਗੁਰੂ ਨਾਨਕ ਵਰਗੇ ਬਣ ਕੇ ਸਚਖੰਡਿ ਜਾਣਾ ਹੈ। ਇਹ ਤੋਤਾ ਰਟਨੀ ਨਹੀਂ ਹੈ।

72. **Election ਕਿ Selection** – 99% ਸ਼ਰਾਬੀ ਅਯਾਸ਼ ਹਨ। ਦੋ ਨੰਬਰ ਦੇ ਬਲੈਕੀਏ, ਸਮਗਲਰ, ਲੁੱਚੇ ਲਫੰਗੇ, ਹਰਾਮਖੋਰ, ਵੱਢੀਖੋਰੇ, ਬਲਾਤਕਾਰੀਏ ਹਨ। Election ਚੋਣ ਹੋਏਗੀ–ਸ਼ਰਾਬ ਪਿਆ ਕੇ ਇਹੀ ਜਿਤਣਗੇ, ਇਹੀ ਰਾਜ ਕਰਨਗੇ। ਚੰਗਾ ਰਾਜ ਕਦੀ ਵੀ ਨਹੀਂ ਆਏਗਾ। ਸਿਖੀ ਖਤਮ ਹੋ ਜਾਏਗੀ। ਮਨਮੁਖ ਤੇ ਮਾਇਆ ਹੀ ਗੁਰਦੁਆਰੇ ਰਾਜ ਕਰੇਗੀ।

73. **ਆਪਣੇ ਪਹਿਲੇ ਕੀਤੇ ਕਰਮ ਇਥੇ ਹੀ, ਇਸੇ ਜਨਮ ਵਿਚ ਹੀ ਖਤਮ ਕਰ ਲੈ – ਨਹੀਂ ਤਾਂ ਬਹੁਤ ਬਹੁਤ ਬਹੁਤ ਪਛਤਾਣਾ ਪਏਗਾ** – ਜਨਮਾਂ ਜਨਮਾਂ ਦੀ ਖੇਡ ਹੈ। ਰਾਜੇ ਤੋਂ ਵਿਸ਼ਟਾ ਦਾ ਕੀੜਾ ਬਣਾ ਦੇਂਦਾ ਹੈ। ਇਸੇ ਜਨਮ ਵਿਚ ਹੀ ਸਮਝ।

74. **ਰੱਬ ਕਿਵੇਂ ਮਿਲਦਾ ਹੈ ?** – ਰੱਬ ਨੂੰ ਮਿਲਣ ਦਾ ਕੀ ਤਰੀਕਾ ਹੈ।

ਸਿਮਰਨ-ਸੁਰਤੀ ਅੰਮ੍ਰਿਤ ਛਕਕੇ ਗੁਰੂ ਨਾਨਕ ਦਾ ਪੁੱਤਰ ਬਣ, ਕੁਰਹਿਤ ਨ ਕਰੀ, ਗੁਰਬਾਣੀ ਵਿਚਾਰ ਤੇ ਸਿਮਰਨ ਕਰ।

75. **ਗੁਰੂ ਨਾਨਕ ਦੇ ਪੁੱਤਰ ਗੁਰੂ ਨਾਨਕ ਦੀ ਬਣਾਈ ਖੇਡ ਨੂੰ ਸਮਝ** – ਗੁਰੂ ਨਾਨਕ ਰੱਬ ਹੈ। ਉਸ ਨੇ ਇਹ ਜਗਤ ਪਸਾਰਾ ਕੀ ਕੀਤਾ ਹੈ, ਕਿਉਂ ਕੀਤਾ ਹੈ- ਸਮਝ ਸਮਝ।

76. **ਹਰਿ ਮੰਦਰੁ ਇਹੁ ਸਰੀਰੁ ਹੈ** – ਇਹ ਸਰੀਰ ਵਾਹਿਗੁਰੂ ਦੇ ਰਹਿਣ ਦਾ ਘਰ ਹੈ, ਫਿਰ ਅੰਦਰੋਂ ਰੱਬ ਨੂੰ ਲੱਭ ਤੂੰ ਬਾਹਿਰ ਨੱਠਾ ਫਿਰਦਾ ਹੈ। ਤੂੰ ਆਪ ਹੀ ਵਾਹਿਗੁਰੂ ਹੈ। ਮਾਇਆ-ਕੰਜਰੀ ਮਗਰ ਨੱਠਾ ਫਿਰਦਾ ਹੈ। ਸਿਮਰਨ ਵਿੱਚ ਸੁਰਤਿ ਜੋੜ ਕੇ-ਸੁੰਨ-ਸਮਾਧ ਹੋ ਕੇ ਅੰਦਰੋਂ ਹੀ ਗੁਰੂ ਨਾਨਕ ਦੀ ਮਿਹਰ ਨਾਲ ਰੱਬ ਨੂੰ ਲੱਭ ਸਕਦਾ ਹੈ। ਸਰੀਰ ਤਾਂ ਇੱਟਾਂ ਵਰਗਾ ਘਰ ਹੈ ਬੇਜਾਨ ਹੈ, ਮਿਰਤਕ ਹੈ, ਬੁਧੂ ਬੇਅਕਲ।

77. **ਧਰਤੀ ਤੇ ਸਰੀਰ ਦੀ ਖੇਡ ਹੈ ਅੱਗੇ ਸਚਖੰਡਿ ਸਰੀਰ ਹੈ ਨਹੀਂ** – ਅੱਗੇ ਰੱਬੀ ਜੋਤ ਦਾ ਸਰੀਰ ਜਾਂਦਾ ਹੈ। ਧਰਤੀ ਤੇ ਪੈਦਾ ਹੋਇਆ ਸਰੀਰ, ਧਰਤੀ ਤੇ ਹੀ ਸੜ ਜਾਂਦਾ ਹੈ। ਅੱਗੇ ਰੱਬੀ ਜੋਤ ਦਾ ਸਰੀਰ ਜਾਂਦਾ ਹੈ। ਉਸਨੂੰ ਜੀਵ, ਆਤਮਾ- ਜੀਵਾਤਮਾ ਆਖਦੇ ਹਾਂ ਪਰ ਹੈ ਸਰੀਰ।

78. **ਅਸੀਂ ਦੋ ਸਰੀਰ ਹਾਂ-ਸਮਝੋ। ਇਕ ਪੰਜ ਭੂਤਕ ਚੰਮ ਦਾ ਸਰੀਰ ਦੂਜਾ ਸ਼ੂਖਸਮ ਰੱਬੀ ਜੋਤ ਦਾ ਸਰੀਰ-ਆਤਮਾ** – ਪੰਜ ਭੂਤਕ ਸਰੀਰ ਮਿੱਟੀ ਦਾ ਪੁਤਲਾ ਹੈ। ਅੰਦਰ ਆਤਮਾ ਉਹ ਵੀ ਸਰੀਰ ਹੈ ਪਰ ਪੰਜ ਭੂਤਕ ਨਹੀਂ। ਰੱਬੀ ਜੋਤ ਦਾ ਸਰੀਰ ਹੈ-ਅਸਲ ਖੇਡ ਰੱਬੀ ਜੋਤ ਦੇ ਸਰੀਰ ਦੀ ਹੈ।

79. **ਮਨ** – ਜੇ ਮਨ ਨੂੰ ਸਮਝ ਜਾਈਏ ਤਾਂ ਸਾਰੀ ਖੇਡ ਹੀ ਸਮਝ ਆ ਜਾਂਦੀ ਹੈ। ਮਨ ਨੂੰ ਸਮਝਣਾ ਬਹੁਤ ਔਖਾ ਹੈ। ਤੇਤੀ ਕ੍ਰੋੜ ਦੇਵੀ ਦੇਵਤੇ ਮਨ ਨੂੰ ਨਹੀਂ ਸਮਝ ਸਕੇ। ਸਨਕਾਦਿਕ ਨਾਰਦੁ ਮੁਨਿ ਅਰ ਸੇਖ (1000 ਮੂੰਹ ਵਾਲਾ ਸ਼ੇਸ਼ ਨਾਗ) **ਤਿਨਿ ਭੀ ਤਨਿ ਮਹਿ ਮਨੁ ਨਹੀ ਪੇਖਾ॥** (ਕਬੀਰ ਜੀ) ਮਨ ਹੀ ਸੰਸਕਾਰ ਹੈ। ਮਨ ਹੀ ਕੀਤੇ ਕਰਮ ਹੈ। ਮਨ ਦੇ ਅਧੀਨ ਹੀ ਸਰੀਰ ਹੈ। ਮਨ ਨੂੰ ਸਮਝੋ। ਸਚਖੰਡਿ ਜਾਓਗੇ। ਮਨ ਹੀ ਰੱਬ ਹੈ।

80. **ਬਹੁਤ ਬਹੁਤ ਅਫਸੋਸ ਹੈ ਨਾ ਗੁਰੂ ਨੂੰ ਸਮਝ ਸਕੇ ਨਾ ਹੀ ਕਿਸੇ ਨੂੰ ਸਮਝਾ ਸਕੇ** – ਬਾਣੀ ਵਿਚਾਰਦੇ-ਆਪ ਸਮਝਦੇ ਲੋਕਾਂ ਨੂੰ ਇਨਸਾਨੀਅਤ ਸਮਝਾਉਂਦੇ। ਭਾਈ! ਮਨੁੱਖਾਂ ਜਨਮ ਬਹੁਤ ਅਮੁਲਾ ਹੈ। ਐਂਵੇ ਨਾ ਗੁਆਓ। ਚਾਰ ਜੁਗਾਂ ਦੀ ਉਮਰ ਹੈ ਅਗੇ। ਇਥੇ ਤਾਂ ਖੇਡ ਅਜ ਵੀ ਖਤਮ ਕਲ ਵੀ ਖਤਮ। ਲੋਕੀਂ

ਗੁਮਰਾਹ ਹੋਈ ਜਾ ਰਹੇ ਹਨ, ਸ੍ਰਿਸ਼ਟੀ ਭਰਿਸ਼ਟੀ ਜਾ ਰਹੀ ਹੈ। ਅਸੀਂ ਸੁੱਤੇ ਪਏ ਹਾਂ। ਰੱਬ ਦਾ ਪਰਚਾਰ ਹੀ ਨਹੀਂ ਕਰਦੇ। ਹੋਰ ਕਿਸੇ ਨੂੰ ਪਤਾ ਹੀ ਨਹੀਂ ਰੱਬ ਕੀ ਹੁੰਦਾ ਹੈ, ਕਿਵੇਂ ਮਿਲੀਦਾ ਹੈ, ਮੁਕਤੀ ਕਿਵੇਂ ਮਿਲਦੀ ਹੈ? ਅਸੀਂ ਆਪ ਹੀ ਗੋਲਕ ਗਿਣਦੇ ਹਾਂ, ਹੋਰ ਕੋਈ ਕੰਮ ਕਰਦੇ ਹੀ ਨਹੀਂ ਨਾ ਹੀ ਕਰਨਾ ਹੈ। ਹੇ ਵਾਹਿਗੁਰੂ! ਤੂੰ ਆਪ ਹੀ ਮਿਹਰ ਕਰ ਅਸੀਂ ਤੇਰੀ ਸਿਖਿਆ ਸ੍ਰਿਸ਼ਟੀ ਨੂੰ ਸਮਝਾ ਸਕੀਏ।

81. **ਸਿਮਰਨਾ ਕਿਸਨੂੰ ਹੈ, ਅਰਾਧਣਾ ਕਿਸਨੂੰ ਹੈ, ਪੂਜਾ ਕਿਸਦੀ ਕਰਨੀ ਹੈ, ਨਾਮ ਕਿਸਦਾ ਜਪਨਾ ਹੈ, ਕਿ ਜੀਵਨ ਸਫਲਾ ਹੋ ਜਾਏ** – ਜਿੰਨਾ ਪਰਚਾਰ ਹੋ ਰਿਹਾ ਹੈ ਸਭ ਝੂਠ ਦਾ ਪਰਚਾਰ ਹੋ ਰਿਹਾ ਹੈ, ਕੋਈ ਸਚ ਜਾਣਦਾ ਹੀ ਨਹੀਂ। ਸਾਰੀ ਸ੍ਰਿਸ਼ਟੀ ਨੂੰ ਪਤਾ ਹੀ ਨਹੀਂ ਨਾਮ ਕਿਸਦਾ ਜਪਨਾ ਹੈ। ਮੜ੍ਹੀ ਮਸਾਨੀ ਪੂਜੀ ਜਾਂਦੇ ਹਨ। ਬੁਤ ਪੂਜੀ ਜਾਂਦੇ ਹਨ। ਪੱਥਰ ਨੂੰ ਰੱਬ ਸਮਝੀ ਜਾਂਦੇ ਹਨ। ਮੁਕਤੀ ਦਾ ਪਤਾ ਹੀ ਨਹੀਂ–ਤੈਨੂੰ ਮੁਕਤੀ ਕੌਣ ਦੇ ਸਕਦਾ ਹੈ? ਰੱਬ ਨਾਲ ਕੌਣ ਮਿਲਾ ਸਕਦਾ ਹੈ? 700 ਕਰੋੜ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ। ੴ–ਪ੍ਰਕਾਸ਼ ਨੂੰ ਸਿਮਰਨਾ, ਅਰਾਧਣਾ ਹੈ। ਜਿਸ ਦਾ ਮਾਂ ਪਿਓ ਨਹੀਂ–ਜੋ ਆਦਿ ਹੈ ਉਸਨੂੰ ਪੂਜਨਾ ਹੈ। ਜੋ ਸ੍ਰਿਸ਼ਟੀ ਦਾ ਕਰਤਾ ਹੈ, ਕਰਨਹਾਰ ਹੈ, ਕਰਨਯੋਗ ਹੈ, ਉਸ ਦਾ ਨਾਮ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪਨਾ ਹੈ।

82. **ਬੋਲਦੇ ਸੁਣਦੇ ਦੇਖਦੇ ਜਿਹਨਾਂ ਨੂੰ ਪਰਮਾਤਮਾ ਮੱਥਾ ਟੇਕਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਗੱਲ ਕਰਨੀ ਸਿਖੋ** – ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਗਿਆਨ ਹੀ ਨਹੀਂ, ਪਤਾ ਹੀ ਨਹੀਂ, ਗੁਰਬਾਣੀ ਵਿਚਾਰਨੀ ਸੀ, ਅੰਮ੍ਰਿਤ ਛੱਕਣਾ ਸੀ, ਸੰਗਤਿ ਕਰਨੀ ਸੀ, ਗੁਰਦੁਆਰੇ ਦੋ ਟਾਈਮ ਜਾਣਾ ਸੀ– ਵਾਹਿਗੁਰੂ ਵਾਹਿਗੁਰੂ ਨਾਮ ਸਿਮਰਨ ਵਿੱਚ ਸੁਰਤਿ ਜੋੜਨੀ ਸੀ, ਸਮਝਨਾ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਣਦੇ ਬੋਲਦੇ ਦੇਖਦੇ ਵਾਹਿਗੁਰੂ ਹਨ। ਫਿਰ ਗੱਲ ਕਰਨੀ ਸਿਖਣੀ ਸੀ।

83. **ਆਓ ਅਰਦਾਸ ਕਰਨੀ ਸਿਖੀਏ** – ਸਾਨੂੰ ਅਰਦਾਸ ਕਰਨੀ ਹੀ ਨਹੀਂ ਆਉਂਦੀ। ਸਾਨੂੰ ਪੂਰਾ ਵਿਸ਼ਵਾਸ਼ ਹੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ। ਦੇਹਧਾਰੀ ਗੁਰੂ ਤੇ ਹੋਰ ਸਾਰੇ ਕਿਤਾਬ ਹੀ ਆਖਦੇ ਹਨ। ਵਾਹਿਗੁਰੂ ਮੱਥਾ ਟੇਕਦਾ ਹੈ। Whole universe ਨੂੰ ਪੁੱਛ ਕੇ ਚਲਾ ਰਿਹੈ। ਤੇ ਆਪਾਂ ਨੂੰ ਅਰਦਾਸ ਕਰਨੀ ਨਹੀਂ ਆਉਂਦੀ। ਧੰਨ ਹੈ ਸਿੱਖੀ।

102 ਕਿਤਾਬਾਂ ਹੋਰ ਲਿਖੀਆਂ ਹਨ। ਪੜ੍ਹ ਕੇ ਦੇਖੋ। ਪੰਜਾਬ ਦਾ ਨਾਂ ਬਦਲ ਕੇ ਗੁਰੂ ਨਾਨਕ ਕਿੰਗਡਮ ਰੱਖਣਾ ਹੈ। ਦਿੱਲੀ ਤੋਂ ਸ੍ਰੀਨਗਰ ਤੱਕ ਖਾਲਸਾ ਰਾਜ।

# ਖਾਲਸਾ ਰਾਜ

ਖਾਲਸਾ ਕੀ ਹੈ? ਖਾਲਸਾ ਨਾਂ ਉਸ ਦਾ ਹੈ ਜੋ ਰੱਬ ਦਾ ਹੈ, ਪਰਮਾਤਮਾ ਦਾ ਹੈ। ਵਾਹਿਗੁਰੂ ਦੀ ਆਪਣੀ ਚੀਜ਼, ਆਪਣੀ ਅਸਲੀਅਤ, ਆਪਣੀ ਵਿਰਾਸਤ, ਆਪਣੀ ਮਲਕੀਅਤ। ਖਾਲਸਾ ਬਨਣਾ ਸੌਖਾ ਨਹੀਂ ਹੈ। ਖਾਲਸਾ ਮੀਨ ਮਤਲਵ ਸ਼ੁਧ। ਜਿਸ ਵਿੱਚ ਕੋਈ ਖੋਟ ਨਹੀਂ। ਨਿਰੋਲ ਗੁਰੂ ਨਾਨਕ ਵਰਗਾ। ਜਿੰਨਾ ਚਿਰ ਬੰਦਾ ਸਰੀਰ ਤੱਕ ਸੀਮਤ ਹੈ, ਖੋਟਾ ਹੈ, ਵਿਕਾਰੀ ਹੈ, ਮਾਇਆਧਾਰੀ ਹੈ, ਨਿਕੰਮਾ ਹੈ। ਸਰੀਰ ਦਾ ਮੋਹ ਹੀ ਸਾਰਾ ਪੰਗਾ ਹੈ। ਸਾਰੇ ਗੰਦੇ ਕੰਮ ਮੋਹ ਹੀ ਕਰਾਉਂਦਾ ਹੈ। ਕਾਮ, ਕ੍ਰੋਧ, ਲੋਭ ਇਸੇ ਦੀ ਉਪਜ ਹੈ। ਮਾਇਆ ਇਹਨੂੰ ਹੀ ਚਾਹੀਦੀ ਹੈ। ਜ਼ਮੀਰ ਵੇਚ ਦੇਂਦਾ ਹੈ। ਅੰਦਰੋਂ ਇਜ਼ਤ-ਇਮਾਨ ਦੀ ਪਰਵਾਹ ਹੀ ਨਹੀਂ ਕਰਦਾ। ਸਿਆਸੀ ਬਣ ਕੇ ਨਿਰੋਲ ਝੂਠਾ ਬਣ ਜਾਂਦਾ ਹੈ, ਸਵੇਰੇ ਸ਼ਾਮ ਬਾਕੀ ਸਾਰਿਆਂ ਦੀ ਨਿੰਦਾ ਕਰਦਾ ਰਹਿੰਦਾ ਹੈ। ਜੋ ਸਭ ਤੋਂ ਭੈੜੀ ਵਾਦੀ ਹੈ। ਨਿੰਦਕ ਲੱਖ ਜਨਮਾਂ ਵਿੱਚ ਖਾਲਸਾ ਨਹੀਂ ਬਣ ਸਕਦਾ। ਹਿੰਦੂ ਮੁਸਲਿਮ ਕਦੀ ਖਾਲਸਾ ਨਹੀਂ ਬਣ ਸਕਦੇ। ਸਮਝਣ ਦੀ ਗੱਲ ਹੈ 700 ਕਰੋੜ ਜੀਵ, ਸਾਰੇ ਦੇ ਸਾਰੇ ਖਾਲਸਾ ਬਣ ਸਕਦੇ ਹਨ, ਪਰ ਕਿਵੇਂ? ਬਹੁਤ ਔਖਾ ਹੈ ਬਨਣਾ। ਕਿਸੇ ਧਰਮ ਵਿੱਚ ਖਾਲਸਾ ਬਣਨ ਦੀ ਗੱਲ ਹੀ ਨਹੀਂ ਲਿਖੀ। ਸਰੀਰ ਆਪਣੀਆਂ ਗੰਦੀਆਂ ਆਦਤਾਂ ਛੱਡ ਨਹੀਂ ਸਕਦਾ-ਆਤਮਾ ਦਾ ਸੁਖਸ਼ਮ ਅੰਦਰਲਾ ਸਰੀਰ ਆਪਣੇ ਦੈਵੀ ਗੁਣ ਨਹੀਂ ਛੱਡ ਸਕਦਾ। ਸਰੀਰ ਨਿਰੋਲ ਗੁੰਡਾ ਹੈ, ਜੁਆਰੀ ਹੈ, ਔਰਤਬਾਜ਼ ਹੈ, ਵਿਕਾਰੀ ਹੈ, ਨਸ਼ਈ ਹੈ, ਸੋਹਣਾ ਰਹਿਣ ਦਾ ਸ਼ੌਕੀਨ ਹੈ, ਮਾਇਆਧਾਰੀ ਹੈ। ਅੰਦਰਲਾ ਸੁਖਸ਼ਮ ਸਰੀਰ ਨਿਰੋਲ ਰੱਬ ਹੈ, ਗੁਰੂ ਨਾਨਕ ਹੈ, ਸ਼ਰੀਫ ਹੈ, ਪਰਉਪਕਾਰੀ ਹੈ, ਹਰ ਵੇਲੇ ਭਲਾ ਸੋਚਦਾ ਹੈ, ਦੈਵੀ ਗੁਣਾਂ ਨਾਲ ਭਰਪੂਰ ਹੈ।

ਪੁਆੜਾ ਇਹ ਹੈ, ਆਤਮਾ ਤੱਕ ਕਿਵੇਂ ਪਹੁੰਚਿਆਂ ਜਾਏ। ਪਹਿਲੀ ਗੱਲ, ਰਹਿੰਦੀ ਕਿੱਥੇ ਹੈ? ਦੂਜੀ ਗੱਲ, ਕਿਵੇਂ ਜਾਣਾ ਹੈ, ਕਿਸ ਨੇ ਜਾਣਾ ਹੈ? ਸਫਰ ਸ਼ੁਰੂ ਕਿਥੋਂ ਹੋਣਾ ਹੈ ਤੇ ਮੁਕਨਾ ਕਿੱਥੇ ਹੈ? ਸਫਰ ਸ਼ੁਰੂ ਕਿਵੇਂ ਕਰਨਾ ਹੈ, ਗਾਈਡ ਕੌਣ ਕਰੇਗਾ? ਵਿਚੋਲਾ ਕੌਣ ਹੈ? ਆਤਮਾ ਦਿੱਸਦੀ ਹੈ ਤਾਂ ਪਰਮਾਤਮਾ ਵੀ ਦਿੱਸਣਾ ਚਾਹੀਦਾ ਹੈ। ਆਪਣੀ ਅਸਲੀਅਤ ਆਤਮਾ ਨੂੰ ਜਾਨਣ ਤੋਂ ਬਗੈਰ ਕੋਈ ਖਾਲਸਾ ਨਹੀਂ ਬਣ ਸਕਦਾ। ਆਤਮਾ ਨੂੰ ਜਾਨਣ ਵਾਲਾ ਪਰਮ-ਆਤਮਾ ਨੂੰ ਵੀ ਜਾਣਦਾ ਹੈ। ਪਰਮਾ-ਆਤਮਾ ਨੂੰ ਜਾਨਣ ਵਾਲਾ ਹੀ ਖਾਲਸਾ ਹੈ, ਰੱਬ ਦੀ ਵਿਰਾਸਤ ਹੈ,

ਮਲਕੀਅਤ ਹੈ। ਸ਼ੁਧ ਹੈ। ਰੱਬ ਨੂੰ ਜਾਨਣ ਤੋਂ ਬਗੈਰ ਕੋਈ ਖਾਲਸਾ ਹੋਵੇ, ਮੈਨੂੰ ਜ਼ਰੂਰ ਦਰਸ਼ਨ ਕਰਵਾਉਂਣੇ-Please

**ਆਤਮਾ ਨੂੰ ਜਾਨਣ ਵਾਲੇ ਨੂੰ ਅੰਮ੍ਰਿਤ-ਰਸ ਆਉਂਦਾ ਹੈ। "ਆਤਮ ਰਸ ਜਿਹ ਜਾਨਈ ਸੋ ਹੈ ਖਾਲਸ ਦੇਵ ਪ੍ਰਭ ਮਹਿ, ਮੋ ਮਹਿ ਤਾਸ ਮਹਿ, ਰਚੰਕ ਨਾਹੀ ਭੇਦ।। ਆਤਮ ਜਿਵੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੂ ਪੂਰਾ। ਜਾ ਕਉ ਰਸੁ ਹਰਿ ਰਸੁ ਹੈ ਆਇਓ ਸਉ ਅਨ ਰਸ ਨਾਹੀ ਲਪਟਾਇਓ।। ਖਾਲਸਾ ਮੇਰੋ ਸਤਿਗੁਰੂ ਪੂਰਾ।। ਖਾਲਸਾ ਮੇਰੋ ਸਜਨ ਸੂਰਾ।। ਖਾਲਸਾ ਮੇਰੋ ਪਿੰਡ ਪਰਾਨ।। ਖਾਲਸਾ ਮੇਰੀ ਜਾਨ ਕੀ ਜਾਨ।। ਯਾ ਮੈ ਰੰਚ ਨ ਮਿਥਿਆ ਭਾਖੀ।। ਪਾਰਬ੍ਰਹਮ ਗੁਰੂ ਨਾਨਕ ਸਾਖੀ।।"**

ਸਰੀਰ ਵਿੱਚ ਰਹਿੰਦਿਆਂ, ਅੰਮ੍ਰਿਤ ਰਸ ਕਿਵੇਂ ਆਵੇ? ਬਹੁਤ ਔਖੀ ਖੇਡ ਹੈ, ਸੌਖੀ ਖੇਡ ਨਹੀਂ ਹੈ। 700 ਕਰੋੜ Total Population ਵਿਚੋਂ ਮਸੇ 50 ਜੀਵ ਹੋਣਗੇ ਜਿਹਨਾਂ ਨੂੰ ਅੰਮ੍ਰਿਤ-ਰਸ ਆ ਰਿਹਾ ਹੈ। ਪਰ ਪੰਜਾਹ ਅੱਗੇ ਜੇ ਪਰਚਾਰ ਕਰਨ ਤਾਂ 500 ਨੂੰ ਆ ਸਕਦਾ ਹੈ। 500 ਪਰਚਾਰ ਕਰਨ ਤਾਂ 5000 ਨੂੰ ਆ ਸਕਦਾ ਹੈ, ਪਰ ਅਸੀਂ ਪਰਚਾਰ ਹੀ ਨਹੀਂ ਕਰਦੇ, ਘਰ ਬੈਠੇ ਹੀ ਸੋਚਦੇ ਹਾਂ, ਜੇ ਮੈਂ ਅੱਗੇ ਗਲ ਕਰ ਦਿੱਤੀ ਤਾਂ ਮੇਰੇ ਤੇ ਬਖਸ਼ਿਸ਼ ਹੋਣੀ ਬੰਦ ਹੋ ਜਾਣੀ ਹੈ, ਅਗਿਆਨੀ ਹੈ। ਬਖਸ਼ਿਸ਼ ਵਧਨੀ ਹੈ ਤਾਂ ਹੈ ਜੇ ਅੱਗੇ ਪਰਚਾਰ ਕਰੀਏ ਤੇ ਘਟਦੀ ਹੀ ਤਾਂ ਹੈ ਜੇ ਆਪਣੇ ਤੱਕ ਸੀਮਤ ਰੱਖੀਏ। ਗੁਰਬਾਣੀ ਦੀ ਵਿਚਾਰ ਹੀ ਕਰਨੀ ਚਾਹੀਦੀ ਹੈ।

**ਇਹ ਧਨ ਅਖੁਟੁ ਨ ਨਿਖੁਟੈ ਨ ਜਾਇ।।**

**ਪੂਰੇ ਸਤਿਗੁਰ ਦੀਆ ਦਿਖਾਇ।।**

**ਖਾਵਹੁ ਖਰਚਹੁ ਰਲ ਮਿਲਿ ਭਾਈ।।**

**ਤੋਟਿ ਨ ਆਵੈ ਵਧਹੁ ਜਾਈ।।**

ਹੈ ਕੋਈ ਐਸਾ ਆਤਮਾ ਤੱਕ ਪਹੰਚਾ ਦੇਵੇ, ਦਸਮ-ਦੁਆਰ ਵਿੱਚ ਰੱਬ ਰਹਿੰਦਾ ਹੈ-ਕੋਈ ਉਥੇ ਤੱਕ ਲੈ ਜਾਵੇ। ਅੰਮ੍ਰਿਤ-ਰਸ ਚੁਆ ਦੇਵੇ। ਸਰੀਰ ਤੋਂ ਨਿਰਮੋਹ ਕਰ ਦੇਵੇ-ਸੁੰਨ-ਸਮਾਧੀ ਵਿੱਚ ਲੈ ਜਾਵੇ, ਅੰਦਰ ਅਨਹਦ ਸੁਨਣ ਲੱਗ ਪਏ ਵਾਹਿਗੁਰੂ ਵਾਹਿਗੁਰੂ। ਵੈਰਾਗ ਆਉਂਣ ਲੱਗ ਪਏ, ਪ੍ਰਕਾਸ਼ ਹੋ ਜਾਏ,

ਦਰਸ਼ਨ ਹੋ ਜਾਣ, ਸਚਖੰਡ ਤੱਕ ਪਹੁੰਚ ਹੋ ਜਾਏ। ਸਾਰੀ ਸ੍ਰਿਸ਼ਟੀ ਵਿੱਚ ਹੈ ਕੋਈ?

**ਹੈ, ਗੁਰੂ ਨਾਨਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

ਸੁਣੋ ਤੇ ਸਮਝੋ! ਜੇ ਸਚਖੰਡਿ ਜਾਣਾ ਹੈ ਤਾਂ (1) ਅੰਮ੍ਰਿਤ ਛਕੋ (2) ਕੋਈ ਕੁਰਹਿਤ ਸੁਪਨੇ ਵਿਚ ਵੀ ਨਹੀਂ ਕਰਨੀ (3) ਰਹਿਤ ਵਿੱਚ ਰਹਿਣਾ ਹੈ (4) ਗੁਰਬਾਣੀ ਵਿਚਾਰਨੀ ਹੈ, ਸਿਰਫ ਪੜ੍ਹਨੀ ਨਹੀਂ (5) ਗੁਰਦੁਆਰੇ ਦੋ ਟਾਈਮ ਜਾਣਾ ਹੈ (6) ਵਾਹਿਗੁਰੂ ਵਾਹਿਗੁਰੂ ਸਿਮਰਨ ਕਰਨਾ ਹੈ ਢਾਈ ਘੰਟਿਆਂ ਤੋਂ 5 ਘੰਟੇ (7) ਚਰਨ ਧੂੜ ਜ਼ਰੂਰ ਲੈਣੀ ਹੈ, ਲੰਗਰ ਦੇ ਜੂਠੇ ਭਾਂਡੇ ਜ਼ਰੂਰ ਮਾਂਜਨੇ ਹਨ, ਲੰਗਰ ਦੀ ਸੇਵਾ ਜ਼ਰੂਰੀ ਕਰਨੀ ਹੈ (8) ਸਰਬੱਤ ਦਾ ਭਲਾ ਸੋਚੋ, ਸਾਰਿਆਂ ਨੂੰ ਵਾਹਿਗੁਰੂ ਸਮਝੋ, ਪਰਉਪਕਾਰ ਕਰੋ (9) ਲੋਕ ਲਾਜ ਛੱਡ ਦਿਓ (10) ਰੱਬ ਦਾ ਖਾਸ ਰੂਪ-ਕੇਸਕੀ ਸਜਾਓ। (11) ਸਰੀਰ ਤੋਂ ਨਿਰਮੋਹ ਹੋ ਜਾਓ, ਲੋਕ, ਸਮਾਜ, ਪਰਵਾਹ ਦਾ ਮੋਹ ਤਿਆਗ ਦਿਓ, ਹੁਣ ਆਪਣੀ ਮੈਂ ਤਿਆਗ ਦਿਓ (12) ਹੁਣ ਦਿਸਦੇ ਵਾਹਿਗੁਰੂ ਅੱਗੇ ਅਰਦਾਸ ਕਰੋ, ਸੁੰਨ-ਸਮਾਧ ਕਰ ਕੇ ਪ੍ਰਕਾਸ਼ ਕਰਦੇ-ਦਰਸ਼ਨ ਦੇ ਦੇ, ਸਚਖੰਡਿ ਲੈ ਚਲ, ਇਹ ਤੇਰਾ ਫਰਜ਼ ਬਣਦਾ ਹੈ, ਕਿਰਪਾ ਕਰੇ ਤਾਂ ਸਚਖੰਡਿ ਪਹੁੰਚੋਗੇ। **ਸਚਖੰਡਿ ਵਸੈ ਨਿਰੰਕਾਰੁ।। ਤੁਸੀਂ ਹੁਣ ਨਿਰੰਕਾਰੁ ਹੋ। ਸਰੀਰ ਵਿਚੋਂ ਆਤਮਾ (ਗੁਰੂ ਨਾਨਕ ਹੈ) ਬਾਹਿਰ ਨਿਕਲੇਗੀ ਤਾਂ ਨਿਰੰਕਾਰ ਹੋ ਨਹੀਂ ਤਾਂ ਨਹੀਂ। ਨਿਰੰਕਾਰੁ ਬਣ ਕੇ ਹੀ ਤੁਸੀਂ ਸਚਖੰਡਿ ਪਹੁੰਚ ਸਕਦੇ ਹੋ, ਨਹੀਂ ਤਾਂ ਨਹੀਂ।** ਬਾਬਾ ਨਾਨਕ, ਗੁਰੂ ਵਿਚੋਲਾ ਕਾਹਦੇ ਲਈ ਹੈ, ਇਹੀ ਕੰਮ ਕਰਦਾ ਹੈ, ਜੁੜ ਜਾਓ ਉਸ ਨਾਲ, ਬਾਣੀ ਨਾਲ ਭਾਈ ਗੁਰਦਾਸ ਨੂੰ ਪੜ੍ਹੋ।

ਨਿਮਰਤਾ ਧਾਰਨ ਕਰੋ, ਹਉਮੈ ਤਿਆਗੋ, ਸੇਵਾਦਾਰ ਬਣੋ, ਸੇਵਕ ਬਣੋ, ਨੌਕਰ ਬਣੋ, ਗੁਲਾਮ ਬਣੋ, ਹੁਣ ਸੇਵਾ ਕਰੋ, ਪਰਉਪਕਾਰ ਕਰੋ, ਭਲਾ ਕਰੋ, ਸਰਬੱਤ ਦਾ ਭਲਾ ਮੰਗੋ, ਸਚਖੰਡਿ ਪਹੁੰਚ ਜਾਓਗੇ। ਆਤਮਾ ਪਹੁੰਚੇਗੀ। ਸਰੀਰ ਨਹੀਂ।

ਹੁਣ ਤੁਸੀਂ ਹੀ ਨਿਰੰਕਾਰੁ ਹੋ, ਸਾਰੀ ਖਲਕਤ ਤੁਹਾਡੀ ਹੀ ਹੈ, ਵਾਹਿਗੁਰੂ ਦੀ ਹੈ, ਤੁਸੀਂ ਹੁਣ ਰਾਜੇ ਹੋ, PM ਹੋ CM ਹੋ ਪਰ ਸੇਵਾ ਗੁਲਾਮ ਬਣ ਕੇ ਹੀ ਕਰੋਗੇ। ਜਦੋਂ ਰਾਜਾ PM, CM ਹੀ ਵੱਢੀ ਖੋਰਾ ਨਹੀਂ ਤਾਂ ਬਾਕੀ ਅਫਸਰ ਕਿਵੇਂ ਹੋ ਸਕਦੇ ਹਨ। ਪੁਲਿਸ ਤੇ ਬਿਜਲੀ ਮਹਿਕਮਾ ਕਿਵੇਂ ਵੱਢੀ ਖੋਰਾ ਹੋ ਸਕਦਾ ਹੈ, ਕੋਈ ਵੀ ਅਧਿਕਾਰੀ ਤੇ ਕਲਰਕ-ਕਰਿੰਦਾ ਕਿਵੇਂ ਵੱਢੀ ਖੋਰਾ ਹੋ ਸਕਦਾ ਹੈ?

ਜਦੋਂ ਰਾਜਾ ਹੀ ਗੁਲਾਮ ਬਣ ਕੇ ਪਬਲਿਕ ਦੀ ਸੇਵਾ ਕਰ ਰਿਹਾ ਹੈ ਤਾਂ ਪਬਲਿਕ ਕਿਵੇਂ ਵਿਰੋਧੀ ਹੋ ਸਕਦੀ ਹੈ। ਜਦੋਂ ਰਾਜਾ ਹੀ ਸਾਰਿਆਂ ਨਾਲ ਇਕੋ ਜਿਹਾ, ਸਾਰਿਆਂ ਨੂੰ ਰੱਬ ਸਮਝ ਕੇ ਪਿਆਰ ਕਰ ਰਿਹੈ ਤਾਂ ਪਬਲਿਕ ਕਿਵੇਂ ਕੰਮ ਨਹੀਂ ਕਰੇਗੀ, ਕਿਵੇਂ ਹੜਤਾਲ ਕਰਨਗੇ? ਜਦੋਂ ਰਾਜਾ ਹੀ ਸਾਰਿਆਂ ਦੀਆਂ ਦੁੱਖ ਤਕਲੀਫਾਂ ਸੁਣੇਗਾ, ਸਾਂਝੀਆਂ ਕਰੇਗਾ ਤਾਂ ਪਬਲਿਕ ਕਿਉਂ ਨਹੀਂ ਦੇਸ਼ ਦਾ ਸੋਚੇਗੀ-ਕਿਉਂ Sale Tax ਚੋਰੀ ਕਰੇਗੀ Income Tax ਚੋਰੀ ਕਰੇਗੀ ਕਿਉਂ ਬਿਜਲੀ ਚੋਰੀ ਕਰੇਗੀ। ਜਦੋਂ ਬਿਜਲੀ ਦੀ ਸਪਲਾਈ ਸਾਰੇ ਦੇਸ਼ ਵਿਚ 24 ਘੰਟੇ ਰਹੇਗੀ ਤਾਂ ਕਿਉਂ ਨਹੀਂ ਕੰਮ ਹੋਣਗੇ, ਕਿਉਂ ਨਹੀਂ ਇੰਡਸਟਰੀ ਵਧੇਗੀ? ਜਦੋਂ ਬਿਜਲੀ ਦੇ ਰੇਟ ਹੀ ਘੱਟ ਹੋਣਗੇ ਤਾਂ ਚੋਰੀ ਕਿਉਂ? ਪੰਜਾਬ ਇੰਨਾ ਮਿਹਨਤੀ ਹੈ ਕਿ ਅਮੀਰ ਕਿਉਂ ਨਹੀਂ ਹੋ ਸਕਦਾ। ਨਸ਼ਿਆਂ ਨੇ ਮਾਰਿਆ ਪਿਆ ਹੈ। ਨਸ਼ੇ ਹਟਾਉਣਾ ਇਕ ਮਿੰਟ ਦਾ ਕੰਮ ਹੈ, ਪਰ ਸਰਕਾਰ ਪੁਲਿਸ ਆਪ ਕਰਵਾ ਰਹੀ ਹੈ। ਜਦੋਂ ਸਾਰੇ ਰੱਬ ਦਾ ਨਾਮ ਜਪਨਗੇ ਤਾਂ ਨਾਸਤਿਕ ਕੌਣ ਹੋਵੇਗਾ? ਜਦੋਂ ਨਾਸਤਿਕ ਕੋਈ ਨਹੀਂ ਹੋਵੇਗਾ ਤਾਂ ਬੇਈਮਾਨੀ ਕੌਣ ਕਰੇਗਾ-ਵੱਢੀ ਕੌਣ ਲਏਗਾ-ਕੰਮ ਕੌਣ ਨਹੀਂ ਕਰੇਗਾ? ਦੇਸ਼ ਨੂੰ ਕੌਣ ਨਹੀਂ ਪਿਆਰ ਕਰੇਗਾ, ਕੌਣ ਦੇਸ਼ ਦਾ ਗਦਾਰ ਹੋਵੇਗਾ, ਬਲੈਕੀਆ, ਸਮੱਗਲਰ ਕੌਣ ਹੋਵੇਗਾ? 3 ਸਾਲ ਦੀ ਕੁੜੀ ਨਾਲ ਬਲਾਤਕਾਰ ਕੌਣ ਕਰੇਗਾ? ਚਾਰਾ ਕੌਣ ਖਾਏਗਾ, ਘਪਲੇ, ਘੁਟਾਲੇ ਕੌਣ ਕਰੇਗਾ, ਬੈਂਕ ਕੌਣ ਲੁਟੇਗਾ, ਕਤਲ ਕੌਣ ਤੇ ਕਿਸਦਾ ਕਰੇਗਾ? ਜੂਆ ਕੌਣ ਤੇ ਕਿਥੇ ਖੇਡੇਗਾ, ਚਕਲਾ ਕਿੱਥੇ ਹੋਵੇਗਾ, ਕੁੜੀਆਂ ਦਾ ਧੰਦਾ ਕੌਣ ਕਰਵਾਏਗਾ ਤੇ ਕੌਣ ਕਰੇਗਾ? Under World ਕੌਣ ਹੋਏਗਾ, ਭਗਤੀ ਕਰਨ ਵਾਲਾ ਕਿਹੜਾ ਬੰਦਾ "ਦਾਊਦ" ਬਣੇਗਾ? ਹਰ ਗਲਤ ਕੰਮ ਸਰਕਾਰ ਦੀ ਪੁਲਿਸ ਦੀ ਸਹਿਮਤੀ ਤੋਂ ਬਗੈਰ ਹੋ ਹੀ ਨਹੀਂ ਸਕਦਾ। ਚੋਰੀ ਕੌਣ ਕਰਦਾ ਹੈ, ਕੌਣ ਕਰਵਾਉਂਦਾ ਹੈ? ਸਭ ਸ਼ਾਂਤ ਹੋ ਜਾਏਗਾ। ਸਾਰਾ ਵਾਤਾਵਰਣ ਸ਼ਾਂਤ ਸਚਖੰਡ ਵਰਗਾ। ਹੁਣ ਦਸੋ ਸ਼ਰਾਬ ਕੌਣ ਪੀਏਗਾ, ਭੂਕੀ ਕੌਣ ਵੇਚੇਗਾ? ਨਸ਼ਾ ਕੌਣ ਕਰੇਗਾ?

ਪੜ੍ਹਾਈ ਦਾ ਮਿਆਰ ਇਨਾ ਉਚੱਾ ਹੋ ਜਾਏਗਾ, ਹਰ ਬੱਚਾ ਪੜ੍ਹ ਸਕੇਗਾ? No Interview No Test, No Cat, No PMT, ਹਰ ਬੱਚੇ ਨੂੰ ਹੱਕ ਹੈ ਪੂਰਾ ਪੜ੍ਹਨ ਦਾ। ਸਭ ਨੂੰ ਸੀਟਾਂ ਮਿਲਣਗੀਆਂ। ਹਰ ਜ਼ਿਲ੍ਹੇ ਵਿੱਚ IIT ਹੋਵੇਗਾ। Medical College, Dental College ਹੋਣਗੇ।

ਗੰਦ ਨਹੀਂ ਹੋਏਗਾ, 6 ਵਿਆਹ 30 ਬੱਚੇ। ਇਕ ਵਿਆਹ ਇਕ ਬੱਚਾ।

ਕੋਈ ਜਾਤ-ਪਾਤ ਨਹੀਂ, ਕੋਈ ਵਰਨ-ਵੰਡ ਨਹੀਂ। ਕੋਈ SC ਨਹੀਂ ਕੋਈ ST ਨਹੀਂ, ਕੋਈ ਬੈਕਵਰਡ ਨਹੀਂ, ਕੋਈ ਰਿਜ਼ਰਵ ਕੋਟਾ ਨਹੀਂ, ਕੋਈ ਤਰੱਕੀ ਪਹਿਲਾਂ ਨਹੀਂ, ਸਾਰੇ ਵਾਰੀ ਸਿਰ। ਸਾਰੇ ਇਕ ਬਰਾਬਰ ਹਨ।

ਸਾਰਿਆਂ ਨੂੰ ਵਪਾਰ ਕਰਨ ਲਈ ਜਿਨਾਂ ਵੀ ਕਰਜਾ ਚਾਹੀਦਾ ਹੈ ਦਿੱਤਾ ਜਾਏਗਾ। ਕਿਸ ਨੇ ਫੈਕਟਰੀ ਲਾਉਂਣੀ ਹੈ, ਸਰਕਾਰ ਮੱਦਦ ਕਰੇਗੀ। ਜੋ ਬਾਹਰ ਪੜ੍ਹਨਾ ਚਾਹੁੰਦੇ ਹਨ ਜਾ ਸਕਦੇ ਹਨ। ਸਾਰੇ ਪੜ੍ਹੇ ਲਿਖੇ ਹੋਣਗੇ, ਕੋਈ ਵੀ ਅਨਪੜ੍ਹ ਨਹੀਂ ਹੋਏਗਾ। ਕੋਈ ਵਿਹਲਾ ਨਹੀਂ ਹੋਏਗਾ, ਜੋ ਹੋਏਗਾ ਤਾਂ ਸਰਕਾਰ ਭੱਤਾ ਦੇਵੇਗੀ। ਬਜ਼ੁਰਗਾਂ ਦੀ ਦੇਖਭਾਲ ਕੀਤੀ ਜਾਏਗੀ। ਹਸਪਤਾਲ, ਡਿਸਪੈਂਸਰੀ ਬਹੁਤ ਸਟੈਂਡਰਡ ਦੇ ਹੋਣਗੇ। ਬਿਮਾਰੀ ਦਾ ਇਲਾਜ ਬਹੁਤ ਆਧੁਨਿਕ ਤਰੀਕੇ ਨਾਲ ਕੀਤਾ ਜਾਵੇਗਾ। ਸਿਮਰਨ ਕਰਨ ਨਾਲ ਬਿਮਾਰ ਹੀ ਕੋਈ ਨਹੀਂ ਹੁੰਦਾ। ਸਰੀਰ ਹੀ ਰੱਬ ਦਾ ਹੈ। ਹਰ ਬੰਦਾ ਆਪਣੇ ਕਰਮਾਂ ਕਰਕੇ ਬਿਮਾਰ ਹੁੰਦਾ ਹੈ ਤੇ ਦੁੱਖ ਭੋਗਦਾ ਹੈ। ਕਰਮਾਂ ਦੀ ਫਿਲਾਸਫੀ ਸਮਝਾ ਦਿੱਤੀ ਜਾਏਗੀ। ਪਿਛਲੇ ਕੀਤੇ ਕਰਮ ਸਿਮਰਨ ਨਾਲ ਖਤਮ ਹੋ ਜਾਂਦੇ ਹਨ, ਇਹ ਗੱਲਾਂ-ਸਿੱਖਿਆ ਤਾਂ ਸਕੂਲਾਂ ਵਿੱਚ ਹੀ ਦਿੱਤੀ ਜਾਏਗੀ।

ਹਰ ਘਰ ਅਮੀਰ ਹੋਏਗਾ। ਹਰ ਘਰ ਟੈਲੀਫੋਨ ਤੇ ਫੈਕਸ ਹੋਏਗੀ। ਘਰ ਸਾਰਿਆਂ ਕੋਲ ਹੋਣਗੇ। ਖਾਣ-ਪੀਣ ਦੀ ਹਰ ਚੀਜ਼ ਸ਼ੁਧ ਹੋਏਗੀ, ਸਸਤੀ ਹੋਏਗੀ। ਕੁਲੀ, ਗੁਲੀ, ਜੁਲੀ ਸਾਰਿਆਂ ਲਈ ਹੋਏਗੀ, ਹਰ ਆਮ ਖਾਸ ਬੰਦਾ ਕਾਰ ਤੇ ਆ ਸਕੇਗਾ। ਟਰੈਫਿਕ ਵਿਚ ਰੁਕਾਵਟ ਨਹੀਂ ਹੋਏਗੀ। ਸਾਰੇ ਪਾਸੇ Flyover ਹੋਣਗੇ। ਸੜਕਾ Ten 10 Lane ਹੋਣਗੀਆਂ। ਉਤੇ ਸਪੀਡ ਲਿਖੀ ਹੋਈ ਹੋਵੇਗੀ 40/60/80/100/120 ਅਸੀਂ ਤਾਂ ਗੰਦ ਪਾਇਆ ਹੋਇਆ ਹੈ। ਗੱਡੀਆਂ Trains ਦੀ ਸਪੀਡ 350km/ph / Magnet Train 650 km/ph ਤੋਂ ਘੱਟ ਨਹੀਂ ਹੋਵੇਗੀ। ਬੱਸਾਂ ਦੀ 100 ਤੋਂ ਘੱਟ ਨਹੀਂ ਹੋਵੇਗੀ। ਸਿਰਫ ਲੋਕਲ ਬਸ ਰੁਕੇਗੀ, ਦੂਜੀਆਂ ਬੱਸਾਂ Non Stop ਹੋਣਗੀਆਂ ਬੱਸਾਂ Volvo ਹੋਣਗੀਆਂ। Trains & Buses ਸਾਰੀਆਂ A/c ਹੋਣਗੀਆਂ। ਪਿੰਡ ਤੋਂ ਪਿੰਡ Metro ਚਲੇਗੀ। Sky Train ਸ਼ਹਿਰਾਂ ਵਿੱਚ ਚਲੇਗੀ। ਆਵਾਜਾਈ ਦੇ ਸਾਧਨ ਬਹੁਤ ਵਧੀਆ ਤੇ Under/Ground ਹੋਣਗੇ।

No Horn, No Noise of Engines Sound Pollution & Pollutions ਨਹੀਂ ਹੋਏਗੀ। ਕੋਈ Horn ਨਹੀਂ ਮਾਰੇਗਾ, ਕਿਸੇ ਇੰਜਨ

ਵਿਚੋਂ ਅਵਾਜ਼ ਨਹੀਂ ਆਏਗੀ। ਕੋਈ ਡੀਜ਼ਲ ਵਿਚ ਪੈਟਰੋਲ ਤੇ ਪੈਟਰੋਲ ਵਿੱਚ ਡੀਜ਼ਰ ਨਹੀਂ ਮਿਕਸ ਕਰੇਗਾ। ਸਾਰੀਆਂ ਗੱਡੀਆਂ ਜਾਂ ਪੈਟਰੋਲ ਤੇ ਜਾਂ ਬੈਟਰੀ ਤੇ ਜਾਂ CNG, LPG ਤੇ ਹੋਣਗੀਆਂ। ਜਾਂ ਨਵੀਂ ਕਾਢ ਆਈ ਹੈ, ਪਾਣੀ ਤੋਂ ਹਾਈਡਰੋਜਨ ਤੇ ਆਕਸੀਜਨ ਬਣਾ ਕੇ, ਗੱਡੀਆਂ, ਟਰੱਕ, ਬੱਸਾਂ ਚਲਿਆ ਕਰਨਗੀਆਂ। ਕੋਈ ਗੱਡੀ ਧੂੰਆਂ ਨਹੀਂ ਮਾਰੇਗੀ। ਕਿਸੇ ਦੇ ਸਾਈਲੈਂਸਰ ਵਿਚੋਂ ਆਵਾਜ਼ ਨਹੀਂ ਆਏਗੀ। ਜਿਹੜਾ ਵੀ ਸਵਾਰੀ ਵਾਹਨ-ਗੱਡੀ ਰੋਕੇਗਾ-4' off the Road-4 ਫੁਟ ਸੜਕ ਤੋਂ ਉਤਾਰ ਕੇ ਰੋਕੇਗਾ। ਐਵੇਂ ਸੜਕ ਤੇ ਕੋਈ ਨਹੀਂ ਖੜੀ ਕਰੇਗਾ।

ਕੋਈ ਲਾਊਡ ਸਪੀਕਰ ਨਹੀਂ ਹੋਣਗੇ। ਕਿਸੇ ਦੀ ਆਵਾਜ਼ ਬਾਹਰ ਤੱਕ ਨਹੀਂ ਆਏਗੀ। ਫੈਕਟਰੀਆਂ ਦਾ ਧੂੰਆਂ ਨਹੀਂ ਹੋਏਗਾ, ਨਾ ਹੀ ਪ੍ਰਦੂਸ਼ਨ ਹੋਏਗਾ। ਸੜਕਾਂ ਸਾਰੀਆਂ ਕੰਕਰੀਟ, ਸਰੀਆ ਪਾ ਕੇ ਸੀਮੈਂਟ ਦੀਆਂ ਹੋਣਗੀਆਂ, ਫਿਰ ਲੁਕ ਪਾ ਕੇ ਬਣਾਈਆਂ ਜਾਣਗੀਆਂ, ਉਤੇ ਰਬੜ ਦੀ ਭੋਰ ਵਿਛਾਈ ਜਾਏਗੀ। Non Skid ਸੜਕਾਂ ਹੋਣਗੀਆਂ, ਟਾਇਰ Tubeless, ਟਿਊਬ ਤੋਂ ਬਗੈਰ, ਟਾਇਰ ਘਸਨਗੇ ਹੀ ਨਹੀਂ, ਪੈਂਚਰ ਹੀ ਨਹੀਂ ਹੋਣਗੇ।

ਟੀ.ਵੀ. ਤੇ ਪ੍ਰੋਗਰਾਮ ਬਹੁਤ ਵਧੀਆ ਆਉਣਗੇ। ਮਨੁੱਖਾ ਜਨਮ ਬਾਰੇ ਸਮਝਾਇਆ ਜਾਏਗਾ। ਰੱਬ ਬਾਰੇ, ਪਰਮਾਤਮਾ ਦੀ ਖੇਡ ਬਾਰੇ ਸਮਝਾਇਆ ਜਾਏਗਾ। ਬੰਦਾ ਕਿਉਂ ਆਇਆ ਹੈ, ਕੀ ਕਰਨ ਆਇਆ, ਕਿਥੋਂ ਆਇਆ, ਕਿੱਥੇ ਜਾਣਾ ਹੈ। ਬਹੁਤ ਦਿਲਚਸਪ ਸੀਰੀਅਲ ਐਪੀਸੋਡ। ਫਿਲਮਾਂ ਵੀ ਵਧੀਆ ਬਣਾਈਆਂ ਜਾਣਗੀਆਂ ਗੰਦ ਨਹੀਂ ਦਿਖਾਇਆ ਜਾਵੇਗਾ। ਨੰਗੇਜ਼ ਨਹੀਂ ਹੋਏਗਾ, ਸੀਰੀਅਲ ਤੇ ਫਿਲਮਾਂ ਬਹੁਤ ਵਧੀਆ ਹੋਣਗੀਆਂ। ਟੀ.ਵੀ. ਤੇ ਅੱਧੇ ਘੰਟੇ ਦੇ ਸੀਰੀਅਲ ਵਿਚ ਸਿਰਫ ਦੋ ਵਾਰੀ ਐਡ ਆਏਗੀ, ਉਹ ਵੀ ਸਿਰਫ 5 ਮਿੰਟ ਦੀ। 45 ਮਿੰਟ ਦੇ ਸੀਰੀਅਲ ਵਿਚ 3 ਵਾਰੀ ਐਡ ਸਿਰਫ 5 ਮਿੰਟ ਦੀ। ਇਕ ਘੰਟੇ ਦੇ ਸੀਰੀਅਲ ਵਿਚ ਚਾਰ ਵਾਰੀ ਐਡ ਸਿਰਫ 5 ਮਿੰਟ ਦੀ। ਫਿਲਮ ਦਿਖਾਉਣ ਲੱਗਿਆਂ ਅੱਧੇ-ਅੱਧੇ ਘੰਟੇ ਬਾਦ ਐਡ ਸਿਰਫ ਪੰਜ ਮਿੰਟ ਦੀ। ਅੱਜ ਦੇ ਚੈਨਲ ਵਾਲਿਆਂ ਤਾਂ ਗੰਦ ਪਾਇਆ ਹੋਇਆ ਹੈ, ਇਕ ਮਿੰਟ ਫਿਲਮ ਦਿਖਾਉਣਗੇ 15 ਮਿੰਟ ਦੀ ਮਸ਼ਹੂਰੀ ਫਿਲਮ ਦਾ ਮਜ਼ਾ ਹੀ ਨਹੀਂ ਆਉਂਦਾ। ਨੈਸ਼ਨਲ ਪ੍ਰੋਗਰਾਮ ਸਾਰਿਆਂ ਦਾ ਸਾਂਝਾ ਹੋਏਗਾ। ਸਿਰਫ 15 ਮਿੰਟ, ਖਾਸ-ਖਬਰਾਂ ਜਾਂ ਕੁਦਰਤ ਦੀ ਕਰੋਪੀ ਭੂਚਾਲ-ਸੁਨਾਮੀ ਜਾਂ ਕੋਈ ਅਜੀਬ ਘਟਨਾ। ਸਰਕਾਰ ਦੀਆਂ ਪਬਲਿਕ

ਸੰਬੰਧੀ ਬਖਸ਼ਿਸ਼ਾਂ। ਦੇਸ਼ ਦੀਆਂ ਤਰੱਕੀਆਂ। ਦੇਸ਼ ਨੂੰ ਸੁਨਹਿਰੀ ਯੁੱਗ ਵਿਚ ਲਿਆਉਣ ਲਈ ਸੁਝਾਅ।

ਸੜਕਾਂ 10 ਲੇਨ ਕਰਨ ਲਈ ਕੰਪਨੀਆਂ ਨੂੰ ਟੈਂਡਰ ਭਰਾ ਕੇ ਠੇਕਾ ਹੀ ਦੇਣਾ ਹੈ ਕੰਮ ਸ਼ੁਰੂ-ਪੈਸੇ ਪਬਲਿਕ ਨੇ ਦੇਣੇ ਹਨ, World Bank ਤੋਂ ਲਏ ਜਾ ਸਕਦੇ ਹਨ। ਵੱਡੇ ਦੇਸ਼ਾਂ ਤੋਂ ਉਧਾਰੇ ਲਏ ਜਾ ਸਕਦੇ ਹਨ ਜਾਂ ਠੇਕਾ ਹੀ ਉਹਨਾਂ ਨੂੰ ਦਿੱਤਾ ਜਾ ਸਕਦਾ ਹੈ-ਬਣਾਓ ਤੇ ਕਮਾਓ ਪਰ ਪਬਲਿਕ ਤੇ ਭਾਰ ਨਹੀਂ ਪਏਗਾ। 5 ਰੁ: ਸਕੂਟਰ, 10 ਰੁ: ਕਾਰ, 50 ਰੁ: ਟਰੱਕ/ਬੱਸ, 100 ਰੁ: ਟਰਾਲਾ। ਸੜਕਾਂ ਇੰਨੀਆਂ ਸੋਹਣੀਆਂ ਕਿ ਤੁਹਾਨੂੰ ਵੀ ਸਫਰ ਕਰਨ ਦਾ ਨਜ਼ਾਰਾ ਆਵੇ। ਲੁਧਿਆਣੇ ਤੋਂ ਅੰਮ੍ਰਿਤਸਰ 1 ਘੰਟੇ ਵਿੱਚ Non Stop ਤੇ ਅੱਜ ਕਲ ਟਰੱਕ ਵਾਲਿਆਂ ਨੂੰ ਚਲਾਉਂਣਾ ਹੀ ਨਹੀਂ ਆਉਂਦਾ, ਸੱਜੇ ਹੱਥ ਹੀ ਰਹਿਣਾ ਹੈ, ਰਹਿਣਾ ਹੀ ਰਹਿਣਾ ਹੈ, ਸਾਈਡ ਵੀ ਨਹੀਂ ਦੇਣੀ, ਸਪੀਡ ਵੀ ਜ਼ਿਆਦਾ ਨਹੀਂ ਕਰਨੀ। ਅੱਜ ਜਿੰਦਗੀ ਬੜੀ ਫਾਸਟ ਹੈ। Western Countries ਸਾਡੇ ਤੋਂ ਪਿਛੇ ਰਹਿ ਜਾਣਗੇ। You see it, Time is Coming. ਕਿਉਂਕਿ ਅਸੀਂ ਮਿਹਨਤੀ ਬਹੁਤ ਹਾਂ। ਬਾਹਰ ਜਾ ਕੇ ਦਾਲ ਬਰੈਡ ਖਾ ਕੇ 16 ਘੰਟੇ ਮਿਹਨਤ ਹੀ ਕਰਦੇ ਹਾਂ, ਇਥੇ ਵੀ ਕਰ ਸਕਦੇ ਹਾਂ, ਪੈਸਿਆਂ ਦੀ ਗੱਲ ਹੈ। ਹਰ ਨੌਕਰੀ, ਕੰਮ, 10000 ਤਨਖਾਹ ਘੱਟੋ ਘੱਟ ਹੋਵੇਗੀ। ਜਿਵੇਂ MBA, BED, MED, B.D.S., MBBS Starting Pay 50 ਹਜ਼ਾਰ ਤੱਕ ਤਨਖਾਹਾਂ ਹੋਣਗੀਆਂ, ਭੁੱਖਮਰੀ ਨਹੀਂ ਹੋਵੇਗੀ। ਪੰਜਾਬ ਸਾਰੇ ਦੇਸ਼ ਨੂੰ ਰੋਟੀ ਦੇ ਸਕਦਾ ਹੈ ਤਾਂ ਭੁੱਖਮਰੀ ਕਿਉਂ? ਕੋਈ ਗਰੀਬ ਹੀ ਨਹੀਂ ਹੋਵੇਗਾ। ਤਨਖਾਹ ਪਰਿਵਾਰ ਮੁਤਾਬਿਕ ਹੋਵੇਗੀ। ਨਸ਼ਾ ਬਿਲਕੁਲ ਖਤਮ, ਭੁਕੀ, ਤਮਾਕੂੰ, ਸਮੈਕ, ਹੈਰੋਇਨ ਆਦਿ ਆਦਿ ਨਾ ਕੋਈ ਬੀਜੇਗਾ ਨਾ ਕੋਈ ਖਾਏਗਾ। ਸ਼ਰਾਬ ਬਾਹਰ ਜਾਏਗੀ, ਇਥੇ ਨਹੀਂ। ਜਦੋਂ ਸਾਰਿਆਂ ਦੀ ਲੋੜਾਂ ਪੂਰੀਆਂ ਹੋਣਗੀਆਂ ਤਾਂ ਹੜਤਾਲ ਕਿਉਂ? ਜੇ ਹੋ ਵੀ ਗਈ ਤਾਂ ਆਪਣੇ ਆਫਿਸ ਵਿਚ, ਬਾਹਰ ਨਹੀਂ, ਸੜਕ ਤੇ ਜਾਮ ਨਹੀਂ ਲਾ ਸਕਣਗੇ, ਅੱਜ ਦੀ ਤਰ੍ਹਾਂ। ਰੇਲ ਲਾਈਨ ਤੇ ਲੇਟ ਕੇ ਹੜਤਾਲ ਨਹੀਂ ਕਰਨਗੇ। ਹਰ ਦੀ ਹਰ ਲੋੜ ਪੂਰੀ ਕੀਤੀ ਜਾਵੇਗੀ। ਕਿਸਾਨ ਬਸ ਅੱਡੇ ਨੂੰ ਜਾਮ ਨਹੀਂ ਲਾਉਂਣਗੇ। ਬਸ ਆਉਂਣ ਜਾਣ ਨਹੀਂ ਦੇਣੀ। ਰਕਸ਼ੇ ਤੇ ਲਾਊਡ-ਸਪੀਕਰ ਲਾ ਕੇ ਲੋਕਾਂ ਦਾ ਸਿਰ ਖਾਈ ਜਾਣਾ ਖਤਮ। 100 ਲਾਊਡ ਸਪੀਕਰ ਲਾ ਕੇ ਵੱਡਾ ਪ੍ਰੋਗਰਾਮ ਕਰਨਾ ਖਤਮ। We got no Right to Disturb other.

ਗੁਰਦੁਆਰਿਆਂ ਦਾ ਪ੍ਰਬੰਧ ਬਹੁਤ ਵਧੀਆ ਹੋਏਗਾ। ਮਾਇਆ ਬੋਰੀਆਂ ਭਰ ਕੇ ਲੋਕਾਂ ਦੇ ਘਰ ਵਿੱਚ Election ਵਾਸਤੇ ਨਹੀਂ ਜਾਏਗੀ। ਦੇਸ਼ ਦੇ ਕੰਮ ਆਏਗੀ। ਕਾਰ ਸੇਵਾ ਬੰਦ ਹੋ ਜਾਏਗੀ-Total Completely ਇਹ ਅਰਬਾਂ ਰੁਪਏ ਸਿਖਾਂ ਦਾ ਖਾਈ ਜਾਂਦੇ ਹਨ, ਨਾ ਸਕੂਲ ਨਾ IIT ਨਾ BDS, MBBS ਨਾ ਕੋਈ ਕਾਲਜ ਨਾ ਕੋਈ ਸੰਸਥਾ ਬਣਾਉਂਦੇ ਹਨ। ਇਹਨਾਂ ਦੇ ਸੇਵਕ ਸਾਰੇ ਛੜੇ ਹਨ ਕਾਮ ਤੇ ਕੰਟਰੋਲ ਕਿਵੇਂ ਹੋਏਗਾ? ਬਲਾਤਕਾਰ ਕਰਕੇ ਨਹਿਰ ਵਿੱਚ ਸੁੱਟ ਦਿਓ? ਹੋਰ ਬੜੇ Point ਹਨ, ਮੈਨੂੰ ਲਿਖੋ-ਅਗਲੀ ਐਡੀਸ਼ਨ ਵਿੱਚ ਛਾਪ ਦਿਆਂਗਾ।

**"ਸੁਨਹਿਰੀ ਯੁਗ ਲਿਆਉਂਣਾ ਹੈ, ਸੁਨਹਿਰੀ ਯੁੱਗ"**

ਤੁਸੀਂ ਮੈਨੂੰ ਦੱਸੋ ਕਿਹੜਾ ਕੰਮ ਨਹੀਂ ਹੋ ਸਕਦਾ? Order ਹੀ ਕਰਨਾ ਹੈ, ਅਸੀਂ ਵੋਟਾਂ ਤੇ ਖੜੇ ਹਾਂ, ਹਾਏ ਮੇਰੀਆਂ ਵੋਟਾਂ ਨਾ ਟੁੱਟ ਜਾਣ, ਮੈਂ ਹਾਰ ਨਾ ਜਾਵਾਂ। ਹਜ਼ਾਰਾਂ ਗਲਤ ਕੰਮ ਕਰਨੇ ਪੈਣ, ਕਰਾਂਗਾ, ਮੈਂ ਜਿੱਤਨਾ ਚਾਹੀਦਾ ਹਾਂ। ਪਬਲਿਕ ਸੜਦੀ ਹੈ ਭਾਵੇਂ ਸੜ ਜਾਏ-ਮਰਦੀ ਹੈ ਮਰ ਜਾਏ, ਮੈਂ CM ਬਨਣਾ ਚਾਹੀਦਾ ਹਾਂ। ਦੁਨੀਆਂ ਦਾ ਭਲਾ ਕੋਈ ਨਹੀਂ ਸੋਚ ਸਕਦਾ, ਜਿਹੜਾ ਵੀ ਸਰੀਰ ਤਕ ਸੀਮਿਤ ਹੈ, ਆਪਣਾ ਭਲਾ ਹੀ ਸੋਚੇਗਾ। ਆਪਣਾ ਘਰ ਹੀ ਭਰੇਗਾ।

ਹਿੰਦੂ "ਖਾਲਸਾ" ਨਾਂ ਤੋਂ ਬਹੁਤ ਡਰਦਾ ਹੈ, ਪਤਾ ਨਹੀਂ ਕੀ ਭੂਚਾਲ ਆ ਗਿਆ ਜਾਂ ਆ ਜਾਣਾ ਹੈ। ਉਸਨੂੰ ਪਤਾ ਹੀ ਕੱਖ ਨਹੀਂ। ਉਹ ਸਮਝਦਾ ਹੈ "ਖਾਲਸਾ" Mean ਮਤਲਬ ਨਿਹੰਗ ਸਿੰਘ, ਭੁਕੀ ਖਾਣੇ, ਸ਼ਰਾਬਾਂ ਪੀਣੇ, ਭੰਗ ਪੀਣੇ, ਲੜਾਕੇ ਸਾਨੂੰ ਮਾਰ ਮੁਕਾਉਂਣਗੇ। ਤੁਸੀਂ ਰਾਮਰਾਜ ਕਿਹਾ ਸੀ, ਕਰ ਕੇ ਦਿਖਾਇਆ? ਤੁਹਾਨੂੰ ਕਰਨਾ ਹੀ ਨਹੀਂ ਆਉਂਦਾ। ਅਸੀਂ ਤੁਹਾਡੇ ਰਾਮਰਾਜ ਤੋਂ ਘਬਰਾਏ ਵੀ ਨਹੀਂ। ਹਿੰਦੂ ਕਦੀ ਵੀ ਸੱਚਾ-ਸੁੱਚਾ ਨਹੀਂ ਹੁੰਦਾ, ਕਿਉਂਕਿ ਸਰੀਰ ਤੱਕ ਹੀ ਸੀਮਤ ਹੈ, ਆਤਮਾ ਦਾ ਗਿਆਨ ਹੈ ਹੀ ਨਹੀਂ, ਜੇ ਹੈ ਤਾਂ ਧਿਆਨ ਨਹੀਂ, ਫਿਰ ਉਸ ਕੋਲ ਗੁਰੂ ਕੋਈ ਨਹੀਂ, ਇਕ ਰੱਬ ਨੂੰ ਨਹੀਂ ਮੰਨਦਾ, ਜ਼ਿਆਦਾ ਜੜ੍ਹ ਨੂੰ ਪੂਜਦਾ ਹੈ, ਚੇਤਨਤਾ ਦਾ ਗਿਆਨ ਹੀ ਨਹੀਂ। ਨੈਨਾ ਦੇਵੀ, ਵੈਸ਼ਨੂੰ ਦੇਵੀ, ਸ਼ੇਰਾਂ ਵਾਲੀ, ਭਗਾਉਤੀ, ਕਾਲੀ, ਮਹਾਂ ਕਾਲੀ, ਬ੍ਰਹਮਾ, ਵਿਸ਼ਨੂੰ ਇਹ ਸਾਰੇ Minister without portfolio ਹਨ। ਪੱਥਰ ਨੂੰ ਪੂਜਦਾ ਹੈ, ਸ਼ਿਵ-ਲਿੰਗ ਨੂੰ ਪੂਜਦਾ ਹੈ, ਇਹਨਾਂ ਵਿਚੋਂ ਰੱਬ ਕੌਣ ਹੈ? ਇਸ ਲਈ ਹਿੰਦੂ ਰੱਬ ਪਖੋਂ, ਆਤਮਿਕ ਪਖੋਂ ਸਿਆਣਾ ਨਹੀਂ ਹੋ ਸਕਦਾ, ਪਰ ਬਣਾਇਆ ਜਾਏਗਾ, ਸਮਝਾਇਆ ਜਾਏਗਾ ਤਾਂ ਇਨਸਾਨੀਅਤ ਸਮਝਾਂਗੇ। ਕਰਿਸ਼ਚਨ ਵੀ ਸਮਝ

ਜਾਏਗਾ। ਹਿੰਦੂਆਂ ਨੇ ਰਾਮਰਾਜ ਵਿੱਚ ਸਿਖਾਂ ਤੇ ਕਰਿਸ਼ਚਨਾਂ ਨੂੰ ਮਾਰਨ ਤੋਂ ਬਗੈਰ ਕਿਹੜਾ ਚੰਗਾ ਕੰਮ ਕੀਤਾ ਹੈ? ਦੂਸਰਿਆਂ ਨੂੰ ਮਾਰਨ ਵਾਲਾ ਕਦੀ ਵੀ ਚੰਗਾ ਨਹੀਂ ਸੋਚ ਸਕਦਾ। ਉਹ Selfish ਹੈ। ਹਿੰਦੂ ਦੀ ਸੋਚਨੀ ਥੋਹੜ ਵਿੱਤੀ ਹੈ। ਹਿੰਦੂ ਸੈਤਾਨ ਵਿੱਚ ਹਿੰਦੂ ਹੀ ਹੋਵੇ, ਹੋਰ ਕੋਈ ਨਾ ਹੋਵੇ।

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।**

ਖਾਲਸਾ ਵਾਹਿਗੁਰੂ ਦਾ ਹੈ, ਜਿੱਤ ਵੀ ਵਾਹਿਗੁਰੂ ਦੀ ਹੈ। ਸਾਡਾ ਇਥੇ ਕੁਝ ਵੀ ਨਹੀਂ। ਕਰੋੜਾਂ ਸਾਲਾਂ ਤੋਂ ਧਰਤੀ ਘੁੰਮੀ ਜਾ ਰਹੀ ਹੈ, ਕੋਈ ਕੀ ਲੈ ਗਿਆ ਹੈ ਇਥੋਂ? ਧਰਤੀ ਉਥੇ ਦੀ ਉਥੇ ਹੀ, ਜੀਵ ਮਰਦੇ ਜਾ ਰਹੇ ਹਨ, ਫਿਰ ਅਸਲੀਅਤ ਨੂੰ ਸਮਝੋ। ਅਸਲੀਅਤ ਨੂੰ ਸਮਝਣ ਸਮਝਾਉਂਣ ਲਈ ਤਾਂ ਖਾਲਸਾ ਰਾਜ ਦੀ ਜ਼ਰੂਰਤ ਹੈ। ਖਿੜਿਆ ਸੰਸਾਰ, ਹਰਿਆ ਭਰਿਆ ਸੰਸਾਰ, ਅੰਦਰੂਨੀ ਖੁਸ਼ੀ, ਸਦੀਵੀ ਖੁਸ਼ੀ ਨਾ ਜੰਮਣ ਦੀ ਖੁਸੀ, ਨਾ ਮਰਨ ਦਾ ਸੋਗ, ਦੁੱਖ ਸੁਖ ਤੋਂ ਬਾਹਰਾ ਖਾਲਸਾ।

ਪੈਦਲ ਰਿਕਸ਼ਾ-ਭਾਰ ਢਾਉਣ ਵਾਲਾ, ਰਿਕਸ਼ਾ-ਪੈਡਲ ਰਿਕਸ਼ਾ-ਸਵਾਰੀ ਲਿਜਾਣ ਵਾਲਾ ਇਹ ਟਰੈਫਿਕ ਨੂੰ ਰੋਕਦੇ ਹਨ, ਨਹੀਂ ਹੋਣਗੇ। ਖੋਤਾ-ਖੱਚਰ-ਘੋੜਾ-ਟਾਂਗਾ ਇਹ ਨਹੀਂ ਰਹਿਣਗੇ। Auto ਰਿਕਸ਼ਾ-ਆਟੋ ਰਿਕਸ਼ਾ ਸ਼ਹਿਰ ਤੋਂ ਬਾਹਰ। ਟੈਂਪੂ-ਸ਼ਹਿਰ ਤੋਂ ਬਾਹਰ। ਹੌਲੀ ਚਲਣ ਵਾਲੇ ਵਾਹਨ ਸਾਰੇ ਸ਼ਹਿਰੋ ਬਾਹਰ। ਟਰੈਫਿਕ ਜਾਮ ਕਰਨ ਵਾਲੇ ਸਾਰੇ ਬਾਹਰ। ਘੱਟੋ-ਘੱਟ ਸਪੀਡ Limit-80 Kmph, 100 Kmph ਹਾਈਵੇ ਤੇ ਤਾਂ ਕਿ ਟਰੈਫਿਕ ਰੁਕੇ ਨਾ। ਆਪਣੀ ਲੇਨ ਵਿਚ ਹੀ ਜਾਣਾ ਹੈ। No Accident

ਸਾਰੀਆਂ ਬਿਜਲੀ ਦੀਆਂ Wire-ਤਾਰਾਂ Underground ਹੋਣਗੀਆਂ-ਭਾਵੇਂ ਬਿਜਲੀ ਦੀ ਹੈ ਜਾਂ ਟੈਲੀਫੋਨ ਦੀ ਹੈ-ਭਾਵੇਂ ਕੇਬਲ ਦੀ ਹੈ। ਸਾਰੀਆਂ ਬਾਹਰਲੀਆਂ ਕੰਪਨੀਆਂ ਇਥੇ ਫੈਕਟਰੀਆਂ ਲਾਉਂਣਗੀਆਂ। Manufacturing ਸਾਰੀ ਇਥੇ ਹੋਏਗੀ। Industries ਬਹੁਤ ਵਧਾਈ ਜਾਏਗੀ।

ਖੇਤੀ ਆਰਗੈਨਿਕ ਹੋਵੇਗੀ। ਕੋਈ ਖਾਦ ਸਪਰੇ ਨਹੀਂ ਵਰਤੀ ਜਾਏਗੀ। ਸਿਰਫ ਗੋਹਾ, ਮੁਰਗੀਆਂ ਦੀ ਖਾਦ ਵਰਤੀ ਜਾਏਗੀ। ਖਾਦਾਂ ਸਪਰੇ Slow Poison ਹੈ-ਇਕ ਦਿਨ ਆਪਣੇ ਆਪ ਸ੍ਰਿਸ਼ਟੀ ਖਤਮ ਹੁੰਦੀ ਜਾਏਗੀ। ਤਾਕਤ ਘੱਟਦੀ ਜਾਏਗੀ-ਕੱਦ ਘਟਦਾ ਜਾਏਗਾ। ਰੱਬ ਸ਼ਾਇਦ ਮਨਮੁਖ ਨੂੰ ਇਸੇ ਤਰ੍ਹਾਂ ਹੀ

ਮਾਰਦਾ ਹੈ, ਮਾਰ ਰਿਹਾ ਹੈ।

ਸੰਤ-ਬਾਬੇ-ਛਾਬੇ-ਦੇਹਧਾਰੀ ਗੁਰੂ-ਤਾਂਤਰਿਕ-ਤਬੀਤ ਦੇਣ ਵਾਲੇ, ਜਾਦੂ-ਟੂਣਾ, ਭੂਤ ਕਢਣ ਵਾਲੇ-ਪੁੱਛਾਂ ਦੇਣ ਵਾਲੇ, ਜੋਤਸ਼ੀ, ਨਹੀਂ ਰਹਿਣਗੇ। ਅਗਿਆਨਤਾ ਹੀ ਨਹੀਂ ਰਹੇਗੀ, ਇਹ ਵੀ ਨਹੀਂ ਰਹਿਣਗੇ।

ਜੀਵ-ਜੀਵਾਤਮਾ ਰੱਬ ਹੈ, ਰੱਬ ਨਾਲ ਕਿਵੇਂ ਮਿਲਣਾ ਹੈ, ਸਮਝਾਇਆ ਜਾਏਗਾ। ਵਾਹਿਗੁਰੂ ਸਿਮਰਨ ਨਾਲ ਸੁਰਤੀ ਜੋੜ ਕੇ। ਗੁਰਬਾਣੀ, ਧੁਰ ਕੀ ਬਾਣੀ ਕਿਵੇਂ ਹੈ, ਧੁਰੋਂ ਕਿਥੋਂ ਆਈ ਹੈ, ਕਿਵੇਂ ਆਈ ਹੈ, ਕਲਿਆਣਕਾਰੀ ਹੈ, ਕਿਵੇਂ ਹੈ, ਸਭ ਸਮਝਾਇਆ ਜਾਏਗਾ। ਗੁਰਬਾਣੀ ਤੋਂ ਬਗੈਰ ਪਾਰ-ਉਤਾਰਾ ਨਹੀਂ ਹੋ ਸਕਦਾ, ਸਮਝਾਇਆ ਜਾਏਗਾ। ਬਾਕੀ ਸਾਰੇ ਧਰਮ ਗੁਰਬਾਣੀ ਅੱਗੇ ਜ਼ੀਰੋ ਹਨ 0 ਕਿਵੇਂ ਜ਼ੀਰੋ ਹਨ, ਸਮਝਾਇਆ ਜਾਏਗਾ। ਗੁਰਦੁਆਰੇ ਮੱਥਾ ਟੇਕਨ ਨਾਲ ਕੁਝ ਨਹੀਂ ਬਣਦਾ, ਨਾ ਹੀ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਹੀ ਕੁਝ ਬਣਦਾ ਹੈ। ਗੁਰਬਾਣੀ ਨੂੰ ਸਮਝਣਾ ਹੈ। ਆਨੰਦਪੁਰ, ਅੰਮ੍ਰਿਤਸਰ, ਸਾਬੋ ਕੀ ਤਲਵੰਡੀ-ਤਰਨਤਾਰਨ, ਗੋਇੰਦਵਾਲ-ਖਡੂਰ ਸਾਹਿਬ ਪਵਿੱਤਰ ਸ਼ਹਿਰ ਕਰਾਰ ਦਿੱਤੇ ਜਾਣਗੇ।

Traveling ਯਾਤਰਾ ਬਹੁਤ ਸਸਤੀ ਹੋਏਗੀ। ਰੇਲ ਟਿਕਟ-ਬਸ ਦਾ ਕਰਾਇਆ, ਹਵਾਈ ਜਹਾਜ਼ ਦੀ ਟਿਕਟ ਬਹੁਤ ਸਸਤੀ ਹੋਵੇਗੀ। ਗੱਡੀ ਕਦੀ ਲੇਟ ਨਹੀਂ ਆਏਗੀ-ਇਕ ਮਿੰਟ ਪਹਿਲਾਂ ਆਏਗੀ।

Passenger should wait for the Bus or Bus should wait for the Passenger.

ਅਕਲ ਨਾਂ ਦੀ ਚੀਜ਼ ਹੀ ਕੋਈ ਨਹੀਂ, 100 ਵਿਚੋਂ 99 ਨੂੰ ਰੋਡ Sense ਨਹੀਂ ਹੈ। What is Road sense? No Body knows. ਟਰੈਫਿਕ ਰੂਲਜ਼ ਨਹੀਂ ਪਤਾ। ਸਿਪਾਹੀ ਬੈਠਾ ਪੈਸੇ ਉਗਰਾਹੀ ਜਾਂਦਾ ਹੈ। ਟਰੈਫਿਕ ਜਾਮ ਹੈ, ਵਿਚਾਰਾ ਸਿਪਾਹੀ ਕੀ ਕਰੇ? ਇਹੋ ਜਿਹੀਆਂ ਬੇਵਕੂਫੀਆਂ ਨਹੀਂ ਹੋਣਗੀਆਂ। ਚਲਾਨ ਹੋਏਗਾ ਹੀ ਨਹੀਂ। ਟਰੱਕ ਡਰਾਈਵਰ ਨੂੰ ਕੋਈ ਤਕਲੀਫ ਨਹੀਂ ਆਏਗੀ। No Checking. ਪੇਪਰ ਪੂਰੇ ਹੋਣ ਤੋਂ ਬਗੈਰ Vehicle ਟਰੱਕ ਰੋਡ ਤੇ ਆਏਗਾ ਹੀ ਨਹੀਂ। ਮੰਤਰੀ ਦੀ ਕੋਈ ਬਸ ਪਰਮਿਟ ਤੋਂ ਬਗੈਰ ਨਹੀਂ ਚਲੇਗੀ। ਕੋਈ ਮੰਤਰੀ ਦੀ ਸਿਫਾਰਸ਼ ਨਹੀਂ ਚਲੇਗੀ। ਨਾ ਕਿਸੇ ਮਹਿਕਮੇ ਵਿਚ ਨਾ ਹੀ ਪੁਲਿਸ ਕੋਲ।

ਵੱਢੀ ਲੈਣ ਵਾਲਾ-ਗਲਤੀ ਕਰਨ ਵਾਲਾ ਹਰ ਅਫਸਰ, ਕਲਰਕ ਨੌਕਰੀ ਤੋਂ ਡਿਸਮਿਟ ਕੀਤਾ ਜਾਏਗਾ। ਪਬਲਿਕ ਨੂੰ ਇੱਜ਼ਤ ਨਾ ਦੇਣ ਵਾਲਾ-ਸਸਪੈਂਡ ਕੀਤਾ ਜਾਏਗਾ।

ਬੈਂਕ ਲੋਨ-ਕਰਜ਼ਾ 36 ਘੰਟਿਆਂ ਵਿੱਚ ਗਰਾਂਟ ਹੋਏਗਾ। ਬੈਂਕ ਸੇਵਾ ਬਹੁਤ ਵਧੀਆ ਹੋਵੇਗੀ-No Waiting. ਨਾ ਡਰਾਫਟ ਬਣਾਉਂਣ ਲੱਗਿਆਂ, ਨਾ ਹੀ ਪੈਸੇ ਜਮਾਂ ਤੇ ਕਢਵਾਉਣ ਲੱਗਿਆਂ ਸਮਾਂ ਲੱਗੇਗਾ।

ਪਬਲਿਕ ਦੀ ਸਿਹਤ ਦਾ ਬਹੁਤ ਧਿਆਨ ਰੱਖਿਆ ਜਾਵੇਗਾ। ਘੱਟੋ-ਘੱਟ 6 ਫੁੱਟ ਕੱਦ ਹੋਵੇ। 5'.5" ਫੁੱਟ ਦੀ ਔਰਤ। 5'.3" ਘੱਟੋ-ਘੱਟ ਕੱਦ ਔਰਤ ਦਾ।

ਵਪਾਰ, ਚੀਜ਼ਾਂ ਵਸਤਾਂ ਦਾ ਇਕੋ ਹੀ ਰੇਟ ਹੋਵੇਗਾ। No Bargaining ਚੀਜ਼ ਚੁੱਕੋ-ਘਰ ਆ ਜਾਓ। ਘਰ Home Delivery ਵੀ ਹੋ ਜਾਏਗੀ। Bills ਸਾਰੇ ਆਪਣੇ ਆਪ ਚੈੱਕ ਰਾਹੀਂ ਜਾਂ ਤਨਖਾਹ ਵਿਚੋਂ ਜਾਂ ਬੈਂਕ ਅਕਾਊਂਟ ਵਿਚੋਂ ਕੱਟੇ ਜਾਣਗੇ। You need not to go anywhere, No wastage of time. ਕੋਈ ਬਿਲ ਤੇ Fine ਨਹੀਂ ਹੋਵੇਗਾ। ਤੁਸੀਂ ਇਕ ਮਹੀਨੇ ਵਿਚ ਦੇ ਸਕਦੇ ਹੋ।

ਬਿਜਲੀ ਦੀ ਬਹੁਤ ਜ਼ਰੂਰਤ ਹੈ, ਅੱਜ ਸਾਰੇ ਕੰਮ ਦੁਕਾਨਦਾਰੀ ਬਿਜਲੀ ਨਾਲ ਚਲਦੇ ਹਨ। ਬਿਜਲੀ ਦਾ ਕੱਟ ਕਟੌਤੀ ਇਕ ਸਕਿੰਟ ਵੀ ਨਹੀਂ ਹੋਵੇਗੀ। ਬਿਜਲੀ ਦਾ Atomic Plant ਲਗੇਗਾ Gas Plant, Solar System ਬਿਜਲੀ ਨਾਲ ਸਾਰੇ ਕੰਮ ਹੋਣਗੇ। ਗੈਸ ਵਾਲੇ ਮਿੰਨਤਾਂ ਕਰਦੇ ਫਿਰਨਗੇ, ਗੈਸ ਲੈ ਲਓ ਗੈਸ। ਗੈਸ ਦੀ ਘਰਾਂ ਵਿੱਚ ਪਾਈਪ ਲਾਈਨ ਹੋਵੇਗੀ। ਗੈਸ 24 ਘੰਟੇ, ਬਿਜਲੀ 24 ਘੰਟੇ, ਪਾਣੀ 24 ਘੰਟੇ। ਜਿਵੇਂ ਬਾਹਰਲੇ ਦੇਸ਼ਾਂ ਵਿੱਚ ਲਾਈਟ ਜਾਂਦੀ ਹੀ ਨਹੀਂ, ਇਸੇ ਤਰ੍ਹਾਂ ਕਦੀ ਲਾਈਟ ਜਾਏਗੀ ਹੀ ਨਹੀਂ।

ਇਨਸਾਫ ਬਹੁਤ ਸਸਤਾ ਤੇ ਬਹੁਤ ਜਲਦੀ ਮਿਲੇਗਾ। ਵੱਧ ਤੋਂ ਵੱਧ ਪੰਜ ਤਰੀਕਾਂ। ਮਹੀਨੇ ਵਿੱਚ ਫੈਸਲਾ। 50% ਮੁਕਦਮੇ ਪਹਿਲੀ ਤਾਰੀਕੇ ਹੀ ਨਿਬੜ ਜਾਣਗੇ। ਬਹੁਤੇ ਲੜਾਈ ਝਗੜੇ ਰਹਿਣਗੇ ਹੀ ਨਹੀਂ।

ਅੱਤਵਾਦ ਬਿਲਕੁਲ ਬਿਲਕੁਲ ਨਹੀਂ ਰਹੇਗਾ। ਸਭ ਨੂੰ ਸਮਝਾ ਦਿੱਤਾ ਜਾਏਗਾ। ਚੋਰੀ, ਡਾਕਾ ਕਦੀ ਨਹੀਂ। ਜਦੋਂ ਚੋਰ ਹੀ ਨਹੀਂ ਰਹੇਗਾ ਤਾਂ ਚੋਰੀ ਕਿਵੇਂ ਹੋਵੇਗੀ? ਦਰਵਾਜੇ ਖੁੱਲ੍ਹੇ ਛੱਡ ਕੇ ਸੋਵੋਗੇ। ਕੋਈ ਗਰੀਬ ਨਹੀਂ ਰਹੇਗਾ।

Film Industry ਆਪਣੀ ਹੋਵੇਗੀ। ਵਧੀਆ ਫਿਲਮਾਂ ਬਣਿਆ

ਕਰਨਗੀਆਂ, ਸਿੱਖ ਬੱਚੇ-ਬੱਚੀਆਂ ਕੰਮ ਕਰਨਗੀਆਂ। ਥੀਮ ਹਰ ਫਿਲਮ ਦਾ ਬਹੁਤ ਵਧੀਆ ਹੋਵੇਗਾ।

ਆਪਣੇ ਬੈਂਕ ਹੋਣਗੇ। ਕਰਜ਼ਾ ਲੈਣ ਲਈ ਕੋਈ ਤਕਲੀਫ ਨਹੀਂ ਆਏਗੀ। 36 ਘੰਟਿਆਂ ਵਿੱਚ ਲੋਨ ਪਾਸ। 72 ਘੰਟਿਆਂ ਵਿੱਚ ਮਿਲ ਜਾਇਆ ਕਰੇਗਾ। ਸਰਕਾਰ ਤੁਹਾਡੀ ਮਦਦ ਕਰੇਗੀ। ਜੋ ਕੁਝ ਵੀ ਤੁਸੀਂ ਕਰਜ਼ਾ ਲੈ ਕੇ ਕਰਨਾ ਚਾਹੁੰਦੇ ਹੋ।

ਆਪਣੀ ਖਾਲਸਾ ਏਅਰਵੇਜ਼ ਹੋਵੇਗੀ "Khalsa Airways" ਬਹੁਤ ਸਸਤੇ ਕਿਰਾਏ। Flight ਕਦੇ ਲੇਟ ਨਹੀਂ ਹੋਵੇਗੀ। All in Time ਖਾਣ-ਪੀਣ ਦੀਆਂ ਚੀਜ਼ਾਂ ਬਹੁਤ ਸ਼ੁਧ ਬਹੁਤ ਸਸਤੀਆਂ ਹੋਣਗੀਆਂ। 10/12 ਤਾਂ ਜੂਸ ਕੱਢਣ ਦੇ ਪਲਾਂਟ ਲਗਣਗੇ, ਹਰ ਘਰ ਵਿੱਚ ਜੂਸ ਆਮ ਪਿਆ ਹੋਵੇਗਾ, ਹਰ ਬੰਦਾ ਪਾਣੀ ਦੀ ਤਰ੍ਹਾਂ ਪੀ ਸਕੇਗਾ।

ਮਿਨਰਲ ਵਾਟਰ, ਸਾਫ ਪਾਣੀ ਦੀ ਬੋਤਲ 5 ਰੁਪਏ ਦੀ ਵਿਕੇਗੀ। ਸ਼ਹਿਰਾਂ ਪਿੰਡਾਂ ਵਿਚ 350 ਫੁਟ ਤੋਂ ਬੋਰ ਦਾ ਪਾਣੀ ਲਿਆ ਜਾਏਗਾ, ਪਾਣੀ ਵੈਸੇ ਹੀ ਸਾਰਾ ਸ਼ੁਧ ਦਿੱਤਾ ਜਾਵੇਗਾ।

ਰਾਸ਼ਨ-ਆਟਾ-ਗੁੜ-ਖੰਡ ਸਸਤੀਆਂ ਹੀ ਰਹਿਣਗੀਆਂ। ਬਹੁਤੀ ਗੁੜ ਤੇ ਸ਼ਕਰ ਵਰਤੀ ਜਾਏਗੀ। ਖੰਡ ਵਿੱਚ ਕੈਮੀਕਲ ਘਟ ਪਾਏ ਜਾਣਗੇ। ਸ਼ੁਧ ਸਰੋਂ ਦਾ ਤੇਲ 90% ਵਰਤਿਆ ਜਾਏਗਾ। ਤੇਜ਼ਾਬ ਕਿਸੇ ਚੀਜ਼ ਨਾਲ ਨਹੀਂ ਪਾਇਆ ਜਾਏਗਾ। ਕੀੜਿਆਂ ਦੇ ਭਰੇ ਗਲੇ ਸੜੇ ਟਮਾਟਰਾਂ ਦੀ ਸਾਉਸ-ਚਟਨੀ ਨਹੀਂ ਬਣੇਗੀ। ਸਾਫ ਸੁਥਰੇ ਟਮਾਟਰ Special Quality ਦੇ ਲਾਲ ਟਮਾਟਰ ਹੋਣਗੇ।

ਤਹਿਸੀਲ-ਜ਼ਿਲ੍ਹੇ-ਸ਼ਹਿਰ ਵਿੱਚ ਸਿਰਫ ਇਕ ਜਗ੍ਹਾ ਤੋਂ ਡਾਕਟਰ ਦੀ ਇਨਸਪੈਕਸ਼ਨ ਤੋਂ ਬਾਅਦ ਹੀ ਮੁਰਗਾ-ਮੀਟ-ਮੱਛੀ ਮਿਲਿਆ ਕਰੇਗੀ। ਸਾਰੇ ਦੁਕਾਨਦਾਰਾਂ ਨੂੰ ਉਥੋਂ ਹੀ ਸਪਲਾਈ ਹੋਵੇਗੀ। ਕੋਈ ਆਪਣਾ ਨਹੀਂ ਮਾਰ ਸਕੇਗਾ। ਪਿੰਡਾਂ ਵਿੱਚ ਆਪਣਾ ਮਾਰ ਕੇ ਬਣਾ ਸਕਣਗੇ।

ਸਬਜ਼ੀਆਂ ਸ਼ੁਧ ਸਾਫ ਤਾਜ਼ੀਆਂ ਤੇ ਸਸਤੀਆਂ ਸਪਲਾਈ ਹੋਣਗੀਆਂ। ਦੁੱਧ ਦੀ ਹਰ ਆਈਟਮ ਬਹੁਤ ਸ਼ੁਧ 100% ਸੁੱਧ ਖੰਡ ਤੋਂ ਬਗੈਰ ਹੋਵੇਗੀ। ਮਿੱਠਾ, ਤਲੀ ਹੋਈ ਚੀਜ਼ ਨੂੰ ਘੱਟ ਕੀਤਾ ਜਾਏਗਾ। ਸੂਪ-ਜੂਸ ਦੀ ਜ਼ਿਆਦਾ ਵਰਤੋਂ ਹੋਵੇਗੀ।

ਹਰ ਬੱਚਾ-ਬੱਚੀ ਪੜ੍ਹਿਆ ਲਿਖਿਆ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸੂਲਾਂ ਮੁਤਾਬਿਕ ਰਾਜ ਕੀਤਾ ਜਾਵੇਗਾ, ਅੱਜ ਵੀ ਸਾਰੀ ਸ੍ਰਿਸ਼ਟੀ, ਸਾਰੀ ਕੁਦਰਤਿ, ਕਰੋੜਾਂ ਬ੍ਰਹਿਮੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਹੀ ਚਲ ਰਹੇ ਹਨ। ਖਾਲਸਾ ਰਾਜ ਤਾਂ ਚਲੇਗਾ ਹੀ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਮੁਤਾਬਿਕ। ਸਾਰੇ ਪਾਸੇ ਸ਼ਾਂਤੀ ਹੀ ਸ਼ਾਂਤੀ ਹੋਏਗੀ।

ਸਾਰੇ ਸ਼ਹਿਰਾਂ ਵਿੱਚ ਚੁੰਗੀ ਤੱਕ Flyover ਹੋਣਗੇ। ਤਾਂ ਕਿ ਟਰੈਫਿਕ ਕਦੀ ਵੀ ਇਕ ਸਕਿੰਟ ਲਈ ਵੀ ਜਾਮ ਨਾ ਹੋਵੇ। ਸਰਦੀਆਂ : ਦੁਕਾਨਾਂ ਦਾ ਸਮਾਂ ਸਵੇਰੇ 11 ਵਜੇ ਤੋਂ 11 ਵਜੇ ਰਾਤ। ਗਰਮੀਆਂ : ਸਵੇਰੇ 10 ਤੋਂ 11 ਵਜੇ ਰਾਤ ਤੱਕ। ਦੁਪਹਿਰ 2 ਘੰਟੇ ਅਰਾਮ। ਸਭ ਦਾ ਰੇਟ ਇਕ ਤੇ ਸਿਰਫ ਇਕ ਹੋਵੇਗਾ। No Bargaining. ਸਭ ਤੋਂ ਵਧੀਆ ਗੱਲ ਇਹ ਹੋਵੇਗੀ। ਸਾਰਿਆਂ ਦਾ ਵਰਤਾਓ, ਬੋਲ ਚਾਲ ਬਹੁਤ ਪਿਆਰ ਵਾਲਾ ਹੋਵੇਗਾ।

ਦੋ ਬੋਲੀਆਂ ਹੋਣਗੀਆਂ-ਇੰਗਲਿਸ਼ ਤੇ ਪੰਜਾਬੀ। No Third Language. ਬੱਚਿਆਂ ਦੀ ਪੜ੍ਹਾਈ ਦਾ ਬਹੁਤ ਭਾਰ ਨਹੀਂ ਹੋਵੇਗਾ। Only 3 to 4 Subjects ਹਰ ਬੱਚੇ ਨੂੰ ਕੰਪਿਊਟਰ ਆਉਂਦਾ ਹੋਵੇਗਾ। ਹਰ ਬੱਚਾ ਇੰਗਲਿਸ਼ ਬੋਲੇਗਾ। ਇਨਸਾਨੀਅਤ ਸਕੂਲਾਂ ਵਿੱਚ ਹੀ ਪੜਾਈ ਜਾਏਗੀ। ਬੱਚਿਆਂ ਦੇ ਇਮਤਿਹਾਨ ਵੇਲੇ ਕੋਈ ਸੁਪਰਵਾਈਜ਼ਰ ਨਹੀਂ ਹੋਵੇਗਾ। No Supervisor ਬੱਚੇ ਘਰੋਂ ਵੀ ਪੇਪਰ ਕਰਕੇ ਲਿਆ ਸਕਦੇ ਹਨ। ਇਸ ਦਾ ਹੀ ਨਾਂ ਹੈ ਇਨਸਾਨੀਅਤ-"Humanity" ਅਸੀਂ ਤਾਂ ਬੱਚੇ ਤੇ ਐਵੇਂ ਭਾਰ ਪਾਇਆ ਹੋਇਆ ਹੈ। ਬੱਚਾ ਨਾਲਾਇਕ ਹੁੰਦਾ ਹੀ ਨਹੀਂ, ਬਣਾਇਆ ਜਾਂਦਾ ਹੈ।

**"ਪ੍ਰਭਿ ਕੈ ਸਿਮਰਨ ਗਿਆਨੁ ਧਿਆਨੁ ਤਤੁ ਬੁਧਿ॥"**

ਇਹੋ ਜਿਹੇ ਰਾਜ ਵਿੱਚ ਸ਼ਾਇਦ ਕੋਰਟ ਕਚਹਿਰੀਆਂ ਦੀ ਲੋੜ ਹੀ ਨਾ ਪਵੇ। ਪੁਲਿਸ ਬਹੁਤ ਘੱਟ ਹੋਵੇਗੀ, ਲੋੜ ਹੀ ਨਹੀਂ ਪੈਣੀ। ਪਬਲਿਕ ਨੂੰ ਹੀ ਗਿਆਨਵਾਨ ਕਰਨਾ ਹੈ। ਵਾਹਿਗੁਰੂ ਮਿਹਰ ਕਰੇ, ਇਹੋ ਜਿਹਾ ਰਾਜ ਆਵੈ, ਸਾਰੇ ਹੀ ਖੁਸ਼ ਰਹਿਣ, ਸਾਰੇ ਪਾਸੇ ਖੁਸ਼ਹਾਲੀ ਹੋਵੇ। ਸੁਨਹਿਰੀ ਯੁਗ ਆ ਜਾਏ। ਸਾਰੇ ਆਪਣੀ ਜ਼ਿੰਦਗੀ ਦਾ ਅਨੰਦ ਮਾਨਣ। ਆਓ ਸਾਰੇ ਕੋਸ਼ਿਸ਼ ਕਰੀਏ।

# ਵੱਢੀ ਲੈਣਾ ਕਿੰਨਾ ਕੁ ਜ਼ਾਇਜ ਹੈ?

ਲੇਖ, ਖੁਸਵੰਤ ਸਿੰਘ ਦੇ ਚੁਟਕਲੇ ਨਾਲ ਸ਼ੁਰੂ ਕਰਦੇ ਹਾਂ। ਇਕ ਵਾਰੀ ਅਮਰੀਕਾ ਦਾ ਪਰੈਜ਼ੀਡੈਂਟ, ਰੂਸ ਦਾ ਪਰੈਜ਼ੀਡੈਂਟ ਤੇ ਭਾਰਤ ਦਾ ਪ੍ਰਧਾਨ ਮੰਤਰੀ ਰੱਬ ਨੂੰ ਮਿਲਣ ਗਏ। ਰੱਬ ਬਹੁਤ ਖੁਸ਼ ਸੀ, ਰੂਸ ਦੇ ਪ੍ਰਧਾਨ ਨੇ ਮੱਥਾ ਟੇਕਿਆ ਤੇ ਕਿਹਾ ਹੇ ਵਾਹਿਗੁਰੂ! ਸਾਡੇ ਦੇਸ਼ ਤੇ ਤੇਰੀ ਬੜੀ ਮਿਹਰ ਹੈ ਫਿਰ ਵੀ ਕਿਤੇ-ਕਿਤੇ ਵੱਢੀ ਕੋਈ ਨਾ ਕੋਈ ਲੈ ਹੀ ਲੈਂਦਾ ਹੈ, ਕੋਈ ਨਾ ਕੋਈ ਮਹਿਕਮਾ ਵੱਢੀ ਲੈ ਹੀ ਲੈਂਦਾ ਹੈ। ਕਿਰਪਾ ਕਰਦੇ ਵਾਹਿਗੁਰੂ! ਜਾਓ 25 ਸਾਲਾਂ ਵਿਚ ਸਭ ਠੀਕ ਹੋ ਜਾਏਗਾ। ਅਮਰੀਕਾ ਦੇ ਪ੍ਰਧਾਨ ਨੇ ਮੱਥਾ ਟੇਕਿਆ, ਵਾਹਿਗੁਰੂ! ਛੋਟੇ ਲੈਵਲ ਤੇ ਵੱਢੀ ਨਹੀ ਕੋਈ ਲੈਂਦਾ, ਵੱਡੇ ਲੈਵਲ ਤੇ ਕਈ ਵਾਰ ਬੜਾ ਵੱਡਾ ਘਪਲਾ, ਘੁਟਾਲਾ ਹੋ ਹੀ ਜਾਂਦਾ ਹੈ। ਹਾਈ ਲੈਵਲ ਤੇ ਵੱਢੀ ਲੈ ਹੀ ਲੈਂਦੇ ਹਨ। ਕਿਰਪਾ ਕਰਦੇ ਵਾਹਿਗੁਰੂ! ਜਾਓ 100 ਸਾਲ ਵਿੱਚ ਸਭ ਠੀਕ ਹੋ ਜਾਏਗਾ। ਰਾਜੀਵ ਗਾਂਧੀ ਨੇ ਦੇਖਿਆ, ਰੱਬ ਬਹੁਤ ਖੁਸ਼ ਹੈ, ਮੈਂ ਵੀ ਮੱਥਾ ਟੇਕ ਦਿਆਂ, ਰਾਜੀਵ ਗਾਂਧੀ ਨੇ ਮੱਥਾ ਟੇਕਿਆ ਤੇ ਕਿਹਾ, ਹੇ ਵਾਹਿਗੁਰੂ! ਕਿਰਪਾ ਕਰਦੇ, ਕੋਈ ਜੁਆਬ ਹੀ ਨਹੀਂ ਆਇਆ, ਥੋਹੜੀ ਦੇਰ ਵਾਅਦ ਰੱਬ ਵੱਲ ਦੇਖਿਆ, ਰੱਬ ਰੋ ਰਿਹਾ ਸੀ, ਵਾਹਿਗੁਰੂ ਇਹ ਕੀ? ਤੇਰੇ ਦੇਸ਼ ਵਿੱਚ ਵੱਢੀ ਲੈਣੀ-ਦੇਣੀ ਮੇਰੇ ਮਰਨ ਤੋਂ ਬਾਅਦ ਵੀ ਖਤਮ ਨਹੀਂ ਹੋਣੀ। ਸੋ ਵੱਢੀ ਲੈਣੀ ਅੱਜ ਰਾਸ਼ਟਰੀ ਕਾਨੂੰਨ ਬਣ ਗਿਆ ਹੈ। ਕੋਈ ਮਹਿਕਮਾ ਅੱਜ ਐਸਾ ਨਹੀਂ ਜੋ ਵੱਢੀ ਨਹੀਂ ਲੈਂਦਾ, ਵੱਢੀ ਦੇਣ ਤੋਂ ਬਗੈਰ ਕੰਮ ਹੀ ਨਹੀਂ ਹੋਣਾ। ਵਾਹਿਗੁਰੂ ਹੀ ਕ੍ਰਿਪਾ ਕਰੇ, ਖਾਲਸਾ ਰਾਜ ਆਏ ਤਾਂ ਹੀ ਵੱਢੀ ਖਤਮ ਹੋਵੇਗੀ। ਖਾਲਸਾ ਮੀਨ ਸ਼ੁਧ ਰਾਜ, ਧਰਮੀ ਪੁਰਸ਼ਾਂ ਦਾ ਰਾਜ।

ਜਦੋਂ ਦਾ ਦੇਸ਼ ਧਰਮ-ਨਿਰਪੇਖਤਾ ਹੋਇਆ ਹੈ, ਧਰਮੀ ਵੀ ਅਧਰਮੀ ਹੋ ਗਏ ਹਨ, ਸਾਰੇ ਹੀ ਨਾਸਤਿਕ ਹੋ ਗਏ ਹਨ। ਹੋਰ ਤਾਂ ਹੋਰ ਰਾਗੀ, ਭਾਈ, ਢਾਡੀ, ਪਰਚਾਰਕ ਸ਼ਰਾਬ ਪੀਣ ਲੱਗ ਪਏ ਹਨ। ਰਾਗੀ ਨੇ ਸ਼ਰਾਬ ਪੀਤੀ, ਅਸੀਂ ਦੇਖ ਲਿਆ, ਕਿਹਾ ਤੇਰੀ ਸ਼ਿਕਾਇਤ ਕਰਾਂਗੇ, ਰਾਗੀ ਕਹਿੰਦਾ ਕਿਹਨੂੰ ਕਰੋਗੇ? ਉਹ ਮੇਰਾ ਕੀ ਕਰੇਗਾ, ਉਹ ਵੀ ਪੀਂਦਾ ਹੈ, ਅਗੋਂ ਮੈਨੇਜਰ ਵੀ ਪੀਂਦਾ ਹੈ, ਸਾਰੇ ਤਾਂ ਵੱਢੀ ਖੋਰੇ ਹਨ। ਜਥੇਦਾਰ ਵੱਢੀ-ਖੋਰਾ ਹੈ, ਸ਼ਿਕਾਇਤ ਕਿਹਨੂੰ ਕਰੋਗੇ ਤੇ ਕੌਣ ਸੁਣੇਗਾ?

## "ਅੱਜ ਅਧਰਮ ਹੀ ਧਰਮ ਹੈ"

ਇਕ ਬੀਬੀ ਦਾ ਕੋਈ ਕੰਮ ਨਹੀਂ ਸੀ ਹੋ ਰਿਹਾ, ਬੀਬੀ ਸਿਆਣੇ ਅਮਲੀ ਕੋਲ ਗਈ (ਸਿਆਣੇ ਸਾਰੇ ਅਮਲੀ, ਨਸ਼ਈ, ਚਰਿਤਰਹੀਨ ਹੁੰਦੇ ਹਨ) ਉਹ ਕਹਿਣ ਲੱਗਾ, ਬੀਬੀ ਗ੍ਰਹਿ ਬਹੁਤ ਭਾਰਾ ਹੈ, ਪੰਜ ਪੱਕੇ ਹਰਾਮੀਆਂ ਨੂੰ ਰੋਟੀ ਖੁਆ ਤਾਂ ਟਲੁਗਾ। ਬੀਬੀ ਪੰਜ ਪੁਲਸੀਆਂ ਨੂੰ ਘਰ ਲੈ ਆਈ, ਪੁਲਸੀਆਂ ਨੇ ਕਾਰਣ ਪੁੱਛਿਆ, ਬੀਬੀ ਨੇ ਦੱਸ ਦਿੱਤਾ। ਪੁਲਸੀਆਂ ਨੇ ਕਿਹਾ ਬੀਬੀ ਅਸੀਂ ਪੂਰੇ ਪੱਕੇ ਹਰਾਮੀ ਨਹੀਂ ਅਸੀਂ ਤਾਂ ਪੈਸੇ ਲੈ ਕੰਮ ਤਾਂ ਕਰ ਦਿੰਦੇ ਹਾਂ। ਬਿਜਲੀ ਵਾਲੇ ਪੂਰੇ ਪੱਕੇ ਹਰਾਮੀ ਹਨ, ਉਹ ਪੈਸੇ ਵੀ ਲੈ ਲੈਂਦੇ ਹਨ, ਕੰਮ ਵੀ ਕੋਈ ਨਹੀਂ ਕਰਦੇ ਜਾਂ ਉਹ ਹੜਤਾਲ ਤੇ ਹੀ ਰਹਿੰਦੇ ਹਨ, ਉਹਨਾਂ ਨੂੰ ਰੋਟੀ ਖੁਆ, ਤੇਰਾ ਕੰਮ ਹੋ ਜਾਏਗਾ।

ਗੱਲ ਕੀ ਨਾਸਤਿਕਤਾ ਨੇ ਬੇੜਾ ਹੀ ਗਰਕ ਕਰ ਦਿੱਤਾ ਹੈ। ਸਿੱਖੀ, ਬਾਬਾ ਨਾਨਕ, ਜੋ ਆਪ ਹੀ ਸ੍ਰਿਸ਼ਟੀ ਦਾ ਕਰਤਾ ਹੈ, ਅਗਲੀ ਦੁਨੀਆਂ ਨੂੰ ਮੰਨਦਾ ਹੈ, ਧਰਮ ਰਾਜ ਨੂੰ ਮੰਨਦਾ ਹੈ, ਨਰਕਾਂ ਨੂੰ ਮੰਨਦਾ ਹੈ, ਸਜ਼ਾਵਾਂ ਨੂੰ ਮੰਨਦਾ ਹੈ, 84 ਲੱਖ ਜੂਨਾਂ ਨੂੰ ਮੰਨਦਾ ਹੈ, ਜਨਮ-ਮਰਨ ਦੇ ਗੇੜ ਨੂੰ ਮੰਨਦਾ ਹੈ, ਨਹੀਂ ਮੰਨਦੇ ਤਾਂ ਵਿਦਵਾਨ ਨਹੀਂ ਮੰਨਦੇ, ਪਰਚਾਰਕ ਨਹੀਂ ਮੰਨਦੇ, ਪੜ੍ਹਿਆ ਲਿਖਿਆ ਨਹੀਂ ਮੰਨਦਾ, ਰਾਗੀ, ਢਾਡੀ ਨਹੀਂ ਮੰਨਦੇ, ਦਰਬਾਰ ਸਾਹਿਬ ਦਾ ਕੋਈ ਕਰਿੰਦਾ ਨਹੀਂ ਮੰਨਦਾ। ਕੋਈ ਧਰਮੀ ਬੰਦਾ ਵੀ ਨਹੀਂ ਮੰਨਦਾ, ਅਗਲੀ ਦੁਨੀਆਂ ਨੂੰ।

ਜੇ ਨਰਕਾਂ ਹੀ ਨਹੀਂ ਤਾਂ ਇਨਸਾਨੀਅਤ ਕਿਹਨੂੰ ਦਿਖਾਉਣੀ ਹੈ? ਜੇ ਨਰਕਾਂ ਹੀ ਨਹੀਂ ਤਾਂ ਅੰਮ੍ਰਿਤ ਕਿਉਂ ਛਕਨਾ ਹੈ? ਜੇ ਨਰਕਾਂ ਹੀ ਨਹੀਂ ਤਾਂ ਕੁਰਹਿਤ ਕਿਉਂ ਨਹੀਂ ਕਰਨੀ, ਜੇ ਨਰਕਾਂ ਹੀ ਨਹੀਂ ਤਾਂ ਰਹਿਤ ਕਿਉਂ ਰਖਨੀ ਹੈ ਜੋ ਬਹੁਤ ਔਖੀ ਹੈ? ਜੇ ਨਰਕਾਂ ਹੀ ਨਹੀਂ ਤਾਂ ਸਰੀਰ ਤੋਂ ਮਾਇਆ ਤੋਂ ਨਿਰਮੋਹ ਕਿਉਂ ਹੋਣਾ ਹੈ, ਜੇ ਨਰਕਾਂ ਹੀ ਨਹੀਂ ਤਾਂ ਰੁੱਖੀ ਮਿੱਸੀ ਕਿਉਂ ਖਾਣੀ ਹੈ? ਜੇ ਨਰਕਾਂ ਹੀ ਨਹੀਂ ਤਾਂ ਨਾਮ ਕਿਉਂ ਜਪਨਾ ਹੈ, ਗੁਰਬਾਣੀ ਕਿਉਂ ਵਿਚਾਰਨੀ ਹੈ, ਸਾਦੇ ਕਿਉਂ ਰਹਿਣਾ ਹੈ, ਜੀਵਨ ਉਚੱਾ ਕਿਉਂ ਰਖਣੈ, ਸਵੇਰੇ ਕਿਉਂ ਉਠਣਾ ਹੈ, ਟੀ.ਵੀ. ਕਿਉਂ ਨਹੀਂ ਦੇਖਣੀ, ਗੁਰਦੁਆਰੇ ਕਿਉਂ ਜਾਣਾ ਹੈ? ਕੀਰਤਨ ਕਿਉਂ ਸੁਣਨਾ ਹੈ? ਠੱਗੀ ਠੋਰੀ ਕਿਉਂ ਨਹੀਂ ਮਾਰਨੀ, ਝੂਠ ਕਿਉਂ ਨਹੀਂ ਬੋਲਣਾ, ਕੰਮ ਕਾਰ ਕਿਉਂ ਨਹੀਂ ਵਧਾਉਣਾ, Busy ਕਿਉਂ ਨਹੀਂ ਰਹਿਣਾ, ਵੱਢੀ ਕਿਉਂ ਨਹੀਂ ਲੈਣੀ। ਮੁੰਡੇ-ਕੁੜੀਆਂ ਨੂੰ ਐਸ਼ ਕਿਉਂ ਨਹੀਂ ਕਰਨ ਦੇਣੀ, ਨਸ਼ਾ ਕਿਉਂ ਨਹੀਂ ਕਰਨਾ, ਕੇਸ ਕਿਉਂ ਨਹੀਂ ਮੁੰਨਣੇ, ਬਿਊਟੀ ਪਾਰਲਰ ਕਿਉਂ ਨਹੀਂ ਜਾਣਾ? ਸੋਹਣੇ ਕਿਉਂ ਨਹੀਂ

ਰਹਿਣਾ? ਫੈਸ਼ਨ ਕਿਉਂ ਨਹੀਂ ਕਰਨਾ? ਆਦਿ ਆਦਿ ਕੋਈ ਜੁਆਬ ਦੇਵੇ, ਕੋਈ ਟੈਲੀਫੋਨ ਕਰਕੇ ਹੀ ਸਮਝਾ ਦੇਵੇ। "9915097565" ਕੋਈ ਗਿਆਤਾ, ਸਿਆਣਾ, ਮਹਾਂਪੁਰਖ, ਪਰਚਾਰਕ, ਮਿਸ਼ਨਰੀ, ਕਥਾਕਾਰ, ਗੁਰਬਾਣੀ ਦੀ ਇਕ ਲਾਈਨ ਹੀ ਪੜ੍ਹ ਕੇ ਸਮਝਾ ਦੇਵੇ, ਗੁਰਬਾਣੀ ਧਰਮ ਰਾਜ, ਨਰਕਾਂ ਦੀਆਂ ਸਜਾਵਾਂ ਨੂੰ ਨਹੀਂ ਮੰਨਦੀ। ਅਗਲੀ ਦੁਨੀਆਂ ਨੂੰ ਨਹੀਂ ਮੰਨਦੀ। ਗੁਰਬਾਣੀ ਕੀ ਕਹਿੰਦੀ ਹੈ ਤੁਸੀਂ ਆਪ ਪੜ੍ਹੋ ਧਿਆਨ ਨਾਲ।

ਕਰਮਾਂ ਦੀ ਫਿਲਾਸਫੀ ਜਾਣਦੇ ਹੋ? ਤੁਸੀਂ ਆਪ ਰੱਬ ਹੋ। ਤੁਹਾਡੇ ਸਾਰਿਆਂ ਅੰਦਰ ਰੱਬ ਰਹਿੰਦਾ ਹੈ, 700 ਕਰੋੜ ਵਿੱਚ ਰੱਬ ਵੱਸਦਾ ਹੈ। ਰੱਬ ਤੁਹਾਡੇ ਅੰਦਰ ਰਹਿੰਦਾ ਹੈ, ਤੁਸੀਂ ਕਿੱਥੇ ਰਹਿੰਦੇ ਹੋ, ਤੁਸੀਂ ਕੌਣ ਹੋ, ਤੁਹਾਡੀ ਹੋਂਦ ਵੀ ਹੈ ਕਿ ਨਹੀਂ? ਜਦੋਂ ਸ੍ਰਿਸ਼ਟੀ ਨਹੀਂ ਸੀ ਬਣੀ, ਤੁਸੀਂ ਕਿੱਥੇ ਸੀ?

ਸਾਰੀ ਰੱਬ ਦੀ ਖੇਡ ਹੀ ਹੈ। ਤੁਹਾਡੀ ਸੋਚ, ਹਰ ਜੀਵ ਤੱਕ ਪਹੁੰਚਦੀ ਹੈ, ਤੁਹਾਡੇ ਬੋਲ ਸਾਰਿਆਂ ਤੱਕ ਪਹੁੰਚਦੇ ਹਨ। ਤੁਹਾਡੀਆਂ ਕਰਤੂਤਾਂ-ਕੰਮ-ਸੇਵਾ-ਪਰਉਪਕਾਰ-ਭਲਾ-ਮੰਦਾ ਕਰਮ ਰੱਬ ਤੱਕ ਪਹੁੰਚਦਾ ਹੈ ਤੇ ਹਰ ਜੀਵ ਤੱਕ ਪਹੁੰਚਦਾ ਹੈ।

ਉਦਾਹਰਨ : ਦੋ ਹਿੱਸੇਦਾਰ ਸਨ। ਇਕ ਨੇ ਬੇਈਮਾਨੀ ਕਰਕੇ 25 ਲੱਖ ਰੁਪਈਆ ਵਿਚੋਂ ਕੱਢ ਲਿਆ, ਉਹ ਬਿਮਾਰ ਹੋ ਗਿਆ, ਡਾਕਟਰ ਨੇ ਕਿਹਾ, ਇਸਦੇ ਅੰਦਰ ਜ਼ਹਿਰ ਫੈਲ ਗਈ ਹੈ, ਇਹ 15 ਮਿੰਟ ਦਾ ਪ੍ਰਾਹੁਣਾ ਹੈ, ਇਸ ਨੇ ਮਰ ਜਾਣਾ ਹੈ। ਕਹਿਣ ਲੱਗਾ ਮੇਰੇ ਪਾਰਟਨਰ ਨੂੰ ਬੁਲਾਓ। ਦੋਸਤਾ! ਮੈਨੂੰ ਮੁਆਫ ਕਰੀਂ, ਮੈਂ ਮਰਨ ਲੱਗਾ ਹਾਂ, ਮੈਂ 25 ਲੱਖ ਵਿਚੋਂ ਬੇਈਮਾਨੀ ਕਰਕੇ ਕੱਢ ਲਿਆ ਸੀ, ਤੈਨੂੰ ਦਸਿਆ ਹੀ ਨਹੀਂ, ਮੇਰੇ ਸਿਰ ਤੇ ਬੋਝ ਸੀ, ਹੁਣ ਮੈਨੂੰ ਮੁਆਫ ਕਰਦੇ ਮੈਂ ਹੁਣ ਮਰ ਰਿਹਾ ਹਾਂ। ਮੈਨੂੰ ਵੀ ਮੁਆਫ ਕਰਦੇ ਤੂੰ ਤਾਂ ਮਰ ਹੀ ਰਿਹਾ ਹੈ, ਇਹ ਜ਼ਹਿਰ ਮੈਂ ਹੀ ਤੈਨੂੰ ਦਿੱਤੀ ਸੀ। ਤੁਸੀਂ ਮਾੜਾ ਸੋਚਿਆ ਉਹਨੇ ਤੁਹਾਨੂੰ ਮਾਰ ਹੀ ਦਿੱਤਾ।

ਰੱਬ ਕਦੀ ਆਪਣੇ ਪੁੱਤਰ ਨੂੰ ਦੁਖੀ ਦੇਖ ਕੇ ਰਾਜ਼ੀ ਨਹੀਂ। ਕਦੀ ਤਕਲੀਫ ਦੇਣਾ ਨਹੀਂ ਚਾਹੁੰਦਾ, ਕਦੀ ਬਿਮਾਰ ਨਹੀਂ ਕਰਦਾ, ਕਦੀ ਐਕਸੀਡੈਂਟ ਨਹੀਂ ਕਰਵਾਉਂਦਾ, ਪਰ ਦੇਖੋ ਨਾਨਕ ਦੁਖੀਆ ਸਭ ਸੰਸਾਰ। ਹਸਪਤਾਲ ਸਾਰੇ ਭਰੇ ਪਏ ਹਨ, ਕੋਈ ਸੁਖੀ ਨਜ਼ਰ ਹੀ ਨਹੀਂ ਆ ਰਿਹਾ। ਕਿਉਂ? ਤੁਸੀਂ ਰੱਬ ਦੇ ਹੁਕਮ ਅਨੁਸਾਰ ਨਹੀਂ ਚਲ ਰਹੇ, ਵਾਹਿਗੁਰੂ ਦੇ ਭਾਣੇ ਵਿੱਚ ਨਹੀਂ ਹੋ। ਤੁਸੀਂ ਵਾਹਿਗੁਰੂ ਦੇ ਅਸੂਲਾਂ ਬਾਰੇ ਜਾਣਦੇ ਹੀ ਨਹੀਂ। ਇਸੇ ਕਰਕੇ ਦੁਖੀ ਹੋ, ਤੁਸੀਂ ਰੱਬ ਹੋ ਕੇ ਰੱਬ

ਦੀ ਨਿੰਦਾ ਕਰਦੇ ਹੋ। ਰੱਬ ਹੋ ਕੇ ਬੇਈਮਾਨੀ ਕਰਦੇ ਹੋ ਰੱਬ ਹੋ ਕੇ ਵੱਢੀ ਲੈਂਦੇ ਹੋ। ਰੱਬ ਹੋ ਕੇ ਰੱਬ ਵਰਗੀ ਸੋਚਨੀ ਨਹੀਂ ਹੈ, ਇਸੇ ਕਰਕੇ ਦੁਖੀ ਹੋ। ਅੰਦਰ ਈਰਖਾ ਹੈ, ਤੇਰ-ਮੇਰ ਹੈ, ਉਚੱਾ-ਨੀਵਾਂ ਪੱਖ ਹੈ, ਜਾਤ-ਪਾਤ ਹੈ, ਵਰਨ-ਵੰਡ ਹੈ, ਦੁਖੀ ਹੋ, ਦੁਖੀ ਹੀ ਰਹੋਗੇ। ਲੇਖ ਹੈ ਵੱਢੀ ਬਾਰੇ। ਰੱਬ ਹੋ ਕੇ ਵੱਢੀ ਲੈਂਦੇ ਹੋ, ਖ਼ੂਨ ਪੀਂਦੇ ਹੋ, ਰੱਬ ਦਾ, ਗਰੀਬਾਂ ਦਾ, ਰੱਬ ਦੇ ਜੀਵਾਂ ਦਾ ਸੁਖੀਂ ਕਿਵੇਂ ਰਹਿ ਸਕਦੇ ਹੋ?

ਰੱਬ ਬਹੁਤ ਚੰਗਾ ਨਹੀਂ ਹੈ। ਰੱਬ ਕਦੀ ਕਿਸੇ ਨੂੰ ਮੁਆਫ ਨਹੀਂ ਕਰਦਾ। ਤੁਸੀਂ ਵੱਢੀ ਲਈ-ਤੁਹਾਡੇ ਪੈਸੇ+ਵੱਢੀ ਵਾਲੇ ਤੁਹਾਡੇ ਬਿਮਾਰੀ ਤੇ ਲੁਆ ਦੇਣੇ ਹਨ। ਘਰ ਦਵਾਈਆਂ ਦਾ ਖਰਚਾ, ਵਹੁਟੀ ਬਿਮਾਰ, ਬੱਚਾ ਬਿਮਾਰ, ਮੁੰਡੇ ਦਾ ਐਕਸੀਡੈਂਟ ਹੋ ਗਿਆ। ਜਿਵੇਂ ਸਾਰੀ ਦੁਨੀਆਂ ਬਿਮਾਰ ਹੈ, ਕਿਉਂ ਬਿਮਾਰ ਹੈ? ਸਰੀਰ ਤਾਂ ਰੱਬ ਦਾ ਹੈ-ਰੱਬ ਕਿਉਂ ਤਕਲੀਫ ਦੇਂਦਾ ਹੈ। ਤੁਸੀਂ ਰੱਬ ਨੂੰ ਮੰਨਦੇ ਹੀ ਨਹੀਂ "**ਪਰਮੇਸ਼ਰ ਤੋਂ ਭੁਲਿਆ ਵਿਆਪਣ ਸਭੇ ਰੋਗ**"

ਹੋਰ ਅੱਗੇ ਚਲੋ, ਵੱਢੀਖੋਰਾਂ ਦੀਆਂ ਵਹੁਟੀਆਂ ਕਲੱਬਾਂ ਵਿੱਚ ਜੂਆ ਖੇਡਦੀਆਂ ਹਨ। ਅੱਜ ਅਸੀਂ ਕਹਿ ਰਹੇ ਹਾਂ ਘੋਰ ਕਲਯੁਗ ਹੈ, ਕਿਥੋਂ ਆਇਆ? ਸਾਡਾ ਹੀ ਲਿਆਂਦਾ ਹੋਇਆ ਹੈ। ਵੱਢੀ ਖੋਰੇ ਦੀ ਵਹੁਟੀ, ਧੀ, ਭੈਣ ਚਰਿਤਰਹੀਨ ਹੋਏਗੀ ਉਹ ਆਪ ਚਰਿੱਤਰਹੀਨ ਹੋਏਗਾ।

ਅਖਬਾਰਾਂ ਪੜ੍ਹਦੇ ਹੋ? ਤਿੰਨ ਸਾਲ ਦੀ ਕੁੜੀ ਨਾਲ ਬਲਾਤਕਾਰ, ਤਿੰਨ ਮਹੀਨੇ ਦੀ ਕੁੜੀ ਨਾਲ ਬਲਾਤਕਾਰ, ਹੈ ਕਿਤੇ ਇਨਸਾਨੀਅਤ ਦੀ ਗੱਲ? ਘੋਰ ਕਲਯੁਗ ਹੈ ਕਿ ਨਹੀਂ। ਕੌਣ ਕਰ ਰਿਹਾ ਹੈ, ਕੌਣ ਕਰਵਾ ਰਿਹਾ ਹੈ? ਤੇਰੀ ਮੇਰੀ ਤਾਂ ਹੋਂਦ ਹੀ ਨਹੀਂ-ਰੱਬ ਹੀ ਖੇਡ ਖੇਡ ਰਿਹਾ ਹੈ, ਆਪਾਂ ਹੀ ਸਮਝ ਨਹੀਂ ਸਕੇ, ਕਿਉਂਕਿ ਅਸੀਂ ਨਾਸਤਿਕ ਹਾਂ, ਕਰਮ ਕਾਂਡ ਹੀ ਕਰੀ ਜਾ ਰਹੇ ਹਾਂ। ਪੈਸਾ, ਪੈਸਾ, ਪੈਸਾ ਹੀ ਜ਼ਿੰਦਗੀ ਹੈ। ਇਸੇ ਲਈ ਅਸੀਂ ਵੱਢੀ ਲੈਂਦੇ ਹਾਂ। ਵੱਢੀ ਰੱਬ ਦੇ ਹੁਕਮ ਤੋਂ ਉਲਟੀ ਹੈ, ਫਿਰ ਵੱਢੀ ਖੋਰੇ ਨੂੰ ਰੱਬ ਉਲਟਾ ਦਿੰਦਾ ਹੈ। ਅਸੀਂ ਫਿਰ ਅਰਦਾਸਾਂ ਕਰਦੇ ਹਾਂ, ਰੋਂਦੇ ਹਾਂ ਰੱਬ ਤੂੰ ਕੀ ਕੀਤਾ, ਰੱਬ ਪੁਛਦਾ ਹੈ ਤੂੰ ਕੀ ਕੀਤਾ? ਅਸੀਂ ਆਪਣੀ ਕਰਤੂਤ ਜਾਣਦੇ ਹੀ ਨਹੀਂ, ਰੱਬ ਨੂੰ ਦੋਸ਼ ਦੇਂਦੇ ਰਹਿੰਦੇ ਹਾਂ, ਇਹੀ ਸਾਡੀ ਅਗਿਆਨਤਾ ਹੈ। ਰੱਬ ਨੇ ਰੁੱਖੀ ਮਿੱਸੀ ਖਾਣ ਨੂੰ ਕਿਉਂ ਕਿਹਾ ਹੈ? ਮੈਂ ਤੈਨੂੰ ਅੱਗੇ ਕਰੋੜਾਂ ਸਾਲਾਂ ਦਾ ਸੁਖ ਦਿਆਂਗਾ।

ਕੁੜੀਆਂ ਨਸ਼ਾ ਕਰਦੀਆਂ ਹਨ, ਭੁਕੀ ਖਾਂਦੀਆਂ ਹਨ, ਕਿਰਲੀ ਦਾ ਪਾਣੀ ਪੀਂਦੀਆਂ ਹਨ, ਮੁੰਡਿਆਂ ਨਾਲ ਅਵਾਰਾਂ ਫਿਰਦੀਆਂ ਹਨ। ਹੋਟਲਾਂ ਵਿੱਚ 4/4

ਮੁੰਡੇ 4/4 ਕੁੜੀਆਂ ਆਨੰਦ ਮਾਣਦੀਆਂ ਹਨ। ਅਯਾਸ਼ੀ ਇੰਨੀ ਵੱਧ ਗਈ ਹੈ ਕਿ ਆਪ ਅੱਖਾਂ ਨਾਲ ਦੇਖਣ ਨੂੰ ਮਿਲਦੀ ਹੈ। ਕੁੜੀਆਂ ਬੇਸ਼ਰਮ ਹੀ ਬਹੁਤ ਹੋ ਗਈਆਂ ਹਨ। ਅੱਜ ਟੀ.ਵੀ. ਤੇ ਨੰਗੇਜ਼ ਸਾਰਿਆਂ ਨੂੰ ਦਿੱਸ ਰਿਹਾ ਹੈ। ਫੈਸ਼ਨ ਸ਼ੋ, ਮਾਡਲਿੰਗ–ਮਿਲੋ ਸਾਰਿਆਂ ਨੂੰ, Back Ground ਦੇਖੋ, ਸਾਰੇ ਵੱਢੀ ਖੋਰੇ ਹੋਣਗੇ। ਅਜੇ ਅੱਗੇ ਜਾ ਕੇ ਕੰਜਰੀ ਬਣਾ ਕੇ ਭੇਜ ਦੇਣਾ ਹੈ ਧਰਮਰਾਜ ਨੇ, ਆਨੰਦ ਮਾਣਦੇ ਰਹੋ। ਕਾਕਰੋਜ਼ ਬਣਾ ਕੇ ਭੇਜ ਦੇਣਾ–ਬੈਠੇ ਰਹੋ ਆਨੰਦ ਮਾਣੋ ਘਰ ਦੀ ਸੀਟ ਵਿੱਚ ਹੀ।

ਮੇਰੀ ਸਾਰਿਆਂ ਨੂੰ ਬੇਨਤੀ ਹੈ ਕਿ ਮਤ ਸਮਝੋ ਤੁਹਾਨੂੰ ਕੋਈ ਦੇਖ ਨਹੀਂ ਰਿਹਾ। ਤੁਸੀਂ ਰੱਬ ਹੋ, ਰੱਬ ਦੇਖ ਰਿਹਾ ਹੈ। ਰੱਬ ਕਦੀ ਮੁਆਫ ਨਹੀਂ ਕਰਦਾ। ਰੱਬ ਹੋ ਤਾਂ ਰੱਬ ਕੋਲ ਸਚਖੰਡਿ ਜਾਣ ਦੀ ਸੋਚੋ। ਵਾਪਿਸ ਜਾਣਾ ਹੀ ਜਾਣਾ ਹੈ। ਪੇਕੇ ਘਰ ਤਾਂ 4 ਦਿਨਾਂ ਦੀ ਖੇਡ ਹੈ। ਸਹੁਰੇ ਘਰ ਕਰੋੜਾਂ ਸਾਲ, ਅੰਮ੍ਰਿਤ ਛਕੋ– ਇਨਸਾਨੀਅਤ ਧਾਰਨ ਕਰੋ। ਕੁਰਹਿਤ ਤੋਂ ਬਚੋ। ਨਾਮ ਜਪੋ। ਗੁਰਬਾਣੀ ਵਿਚਾਰੋ। ਭਲਾ ਕਰੋ, ਪਰਉਪਕਾਰ ਕਰੋ। ਸਚਖੰਡਿ ਪਹੁੰਚੋ। ਕੁੜੀਆਂ ਵੀ ਸੁਖੀ ਰਹਿਣਗੀਆਂ। ਮੁੰਡੇ ਵੀ ਸੁੱਖੀ ਰਹਿਣਗੇ। ਔਲਾਦ ਬਹੁਤ ਚੰਗੀ ਗੁਰਸਿਖ ਹੋਏਗੀ। ਆਗਿਆਕਾਰੀ। ਕੋਈ ਚਿੰਤਾ ਫਿਕਰ ਨਹੀਂ ਰਹੇਗੀ। ਕਰਕੇ ਦੇਖੋ। ਫਿਰ ਮੈਨੂੰ ਦਸਨਾ। ਵੱਢੀ ਕਦੀ ਵੀ ਨਾ ਲਓ। ਘਰ ਕੋਈ ਬਿਮਾਰ ਨਹੀਂ ਹੋਏਗਾ। ਕੋਈ ਤਕਲੀਫ ਨਹੀਂ ਆਏਗੀ–ਘਰ ਬਰਕਤ ਪਏਗੀ। ਸੁੱਖੀ ਰਹੋਗੇ। ਸਾਰਿਆਂ ਬੱਚਿਆਂ ਦੇ ਵਿਆਹ ਰੱਬ ਆਪੇ ਚੰਗੇ ਘਰਾਂ ਵਿੱਚ ਕਰੇਗਾ।

**ਵੱਢੀ ਕਦੇ ਨਾ ਲਓ ਰੱਬ ਦਾ ਖ਼ੂਨ ਪੀ ਰਹੇ ਹੋ।**

# ਪੰਜ ਕਕਾਰਾਂ ਦੀ ਮਹਾਨਤਾ

ਪੰਜ ਕਕਾਰ ਕੀ ਹਨ? ਵਾਹਿਗੁਰੂ ਨੇ ਅੰਮ੍ਰਿਤ ਛਕਾਉਣ ਲੱਗਿਆਂ ਕਿਉਂ ਜ਼ਰੂਰੀ ਕਰਾਰ ਦਿੱਤੇ? ਪਹਿਲੀ ਗੱਲ ਇਹ ਜਾਣਨੀ ਜ਼ਰੂਰੀ ਹੈ, ਅੰਮ੍ਰਿਤ ਕੀ ਹੈ? ਉਸ ਤੋਂ ਵੀ ਪਹਿਲਾਂ ਜਾਣਨਾ ਜ਼ਰੂਰੀ ਹੈ, ਅੰਮ੍ਰਿਤ ਦੇ ਕੌਣ ਰਿਹਾ ਹੈ ਤੇ ਕਿਉਂ ਦੇ ਰਿਹਾ ਹੈ? ਉਸ ਵਿੱਚ ਉਸਦਾ ਆਪਣਾ ਸੁਆਰਥ ਕੀ ਹੈ? ਬਾਬਾ ਅੰਮ੍ਰਿਤ ਤੇ ਕਿਉਂ ਜ਼ੋਰ ਦੇ ਰਿਹਾ ਹੈ? ਵਾਹਿਗੁਰੂ ਅੰਮ੍ਰਿਤਧਾਰੀ ਨੂੰ ਪਿਆਰ ਕਰਦਾ ਹੈ-ਬਾਕੀ ਸਾਰਿਆਂ ਨੂੰ ਗਾਲ੍ਹਾਂ ਕਢਦਾ ਹੈ ਗੰਦੀਆਂ ਗੰਦੀਆਂ। ਕੀ ਰੱਬ ਸਾਰਿਆਂ ਦਾ ਸਾਂਝਾ ਨਹੀਂ? ਜੇ ਸਾਂਝਾ ਹੈ ਤਾਂ ਗਾਲ੍ਹਾਂ ਕਉਂ ਕੱਢਦਾ ਹੈ? ਅੰਮ੍ਰਿਤਧਾਰੀ ਉਸ ਦੇ ਕੀ ਲੱਗਦੇ ਹਨ? ਬਾਕੀਆਂ ਨਾਲ ਕੀ ਰਿਸ਼ਤਾ ਹੈ? "ਗੁਰਮੁਖਿ ਹੀਰੇ" ਹਾਰਿ ਪਰੋਏ।।੧੦।। ਪੰਜਵੀਂ ਵਾਰ। ਇਹ ਗੱਲਾਂ ਸਮਝਣੀਆਂ ਬਹੁਤ ਜ਼ਰੂਰੀ ਹਨ।

ਗੁਰਬਾਣੀ ਵਿਚਾਰਨ ਤੋਂ ਬਗੈਰ ਇਕ ਵੀ ਗੱਲ ਸਮਝ ਨਹੀਂ ਆਉਣੀ।

ਗੁਰਬਾਣੀ ਵੀ ਸਿਰਫ ਅੰਮ੍ਰਿਤਧਾਰੀ ਗੁਰਸਿਖ ਨੂੰ ਹੀ ਸਮਝ ਆਉਂਦੀ ਹੈ, ਕਿਉਂਕਿ ਨਿਰੋਲ ਅਲ੍ਹਾ ਦੀ ਬਖਸ਼ਿਸ਼ ਨਾਲ ਸਮਝ ਆਉਂਦੀ ਹੈ, ਆਪਣੀ ਅਕਲ ਨਾਲ ਨਹੀਂ। ਇਹ ਧੁਰਿ ਕੀ ਬਾਣੀ ਹੈ, ਬੰਦੇ ਦਾ 2% ਦਿਮਾਗ ਕੰਮ ਕਰਦਾ ਹੈ। ਬਾਣੀ ਉਸ ਦੀ ਹੈ, ਜਿਸਨੇ ਦਿਮਾਗ ਬਣਾਇਆ ਹੈ, 700 ਕਰੋੜ ਦਿਮਾਗ ਬਣਾਇਆ ਹੈ। ਜੀਵ ਕਿਵੇਂ ਸਮਝ ਸਕਦਾ ਹੈ? ਕਦੀ ਵੀ ਉਸ ਦੀ ਬਖਸ਼ਿਸ਼ ਤੋਂ ਬਗੈਰ ਸਮਝ ਨਹੀਂ ਸਕਦਾ। ਖੇਡ ਸਾਰੀ ਉਸ ਦੀ ਬਖਸ਼ਿਸ਼ ਦੀ ਹੈ। ਬਖਸ਼ਿਸ਼ ਉਸਦੀ ਕਰਮਾਂ ਤੇ ਖੜੀ ਹੈ, ਤੁਹਾਡੀ ਜ਼ੁਬਾਨ ਤੇ, ਨਿਮਰਤਾ ਤੇ, ਗਰੀਬੀ ਤੇ, ਹਲੀਮੀ ਹੈ, ਸੇਵਾ ਭਾਵਨਾ ਤੇ, ਸਦ ਭਾਵਨਾ ਤੇ, ਪਿਆਰ ਤੇ, ਚਰਨ ਧੂੜ ਤੇ, ਜੂਠੇ ਭਾਂਡੇ ਮਾਂਜਨ ਤੇ, ਝਾੜੂ ਪੋਚਾ ਕਰਨ ਤੇ, ਸਿਮਰਨ ਤੇ, ਸੁਰਤੀ ਲਾਉਣ ਤੇ, ਗੁਰਬਾਣੀ ਵਿਚਾਰਨ ਤੇ, ਸੁਭਾਵ ਬਦਲਣ ਤੇ। ਆਪਣੇ ਅਸੂਲਾਂ ਤੋਂ ਟਸ ਤੋਂ ਮਸ ਨਹੀਂ ਹੁੰਦਾ। ਤੁਹਾਨੂੰ ਰੱਬ ਮਿਲ ਗਿਆ ਹੈ? ਸਚਖੰਡਿ ਪਹੁੰਚ ਗਏ ਹੋ? ਰੋਜ਼ ਪੜ੍ਹਦੇ ਹਾਂ-

ਭਈ ਪਰਾਪਤਿ ਮਾਨੁਖ ਦੇਹੁਰੀਆ।।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।
ਅਵਰਿ ਕਾਜ ਤੇਰੈ ਕਿਤੈ ਨ ਕਾਮ।।

ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।।

ਸਿਰਫ ਪੜ੍ਹੀ ਹੋ ਜਾਂਦੇ ਹੋ, ਅਮਲ ਕਿਉਂ ਨਹੀਂ ਕਰਦੇ? ਮਨੁੱਖਾ ਜਨਮ ਲੈ ਕੇ ਰੱਬ ਕਿਉਂ ਨਹੀਂ ਮਿਲਿਆ? ਸ਼ਾਇਦ ਇਹ ਲਿਖਤ ਹੀ ਗਲਤ ਹੋਵੇ? ਤੁਸੀਂ ਆਪਣੇ ਗੰਦੇ ਦਿਮਾਗ ਨਾਲ ਸੋਚੋ।

ਜੇ ਲਿਖਤ ਸਹੀ ਹੈ ਤਾਂ ਤੁਹਾਨੂੰ ਰੱਬ ਕਿਉਂ ਨਹੀਂ ਮਿਲਿਆ? ਤੁਹਾਨੂੰ ਕਿਸੇ ਨੂੰ ਵੀ ਨਹੀਂ ਮਿਲਿਆ, ਗੱਲਾਂ ਕਰਨ ਨੂੰ ਤਾਂ ਸਾਰਿਆਂ ਤੋਂ ਅੱਗੇ ਹੋ। ਲੈਕਚਰ ਕਰਨ ਲਗਿਆਂ ਸਾਹ ਨਹੀਂ ਲੈਂਦੇ। ਲੜਾਈ-ਝਗੜੇ ਮੁੱਲ ਲੈਂਦੇ ਹੋ। ਹੁਣ ਤਾਂ ਗਵਈਏ ਵੀ ਕਹਿਣ ਲੱਗ ਪਏ ਹਨ, ਜੱਟ ਨਾ ਹੁੰਦੇ, ਕਚਹਿਰੀ ਨਾ ਹੁੰਦੀ, ਜਟ ਨਾ ਹੁੰਦੇ, ਵਕੀਲ ਭੁੱਖੇ ਮਰ ਜਾਂਦੇ, ਥਾਣੇਦਾਰ ਨੂੰ ਕਿਸੇ ਨੇ ਪੁਛਣਾ ਨਹੀਂ ਸੀ। ਇਹ ਸਾਡੀਆਂ ਆਦਤਾਂ ਹਨ। ਸ਼ਰਾਬ ਦੇ ਠੇਕੇ ਬੰਦ ਹੋ ਜਾਣੇ ਸਨ। ਹੇ ਮਨਮੁਖ, ਸਾਕਤ! ਮਾਇਆਧਾਰੀ! ਮਾਇਆ ਦੇ ਪੁਤਲੇ! ਬੱਜਰ ਕੁਰਹਿਤੀਏ। ਅਜੇ ਵੀ ਸਮਝ।

**ਪਹਿਲੀ ਗੱਲ ਇਹ ਸਮਝ**-ਬਾਬਾ ਨਾਨਕ ਰਾਮ-ਰਹੀਮ-ਪ੍ਰਮਾਤਮਾ ਹੈ ਕਿ ਬੰਦਾ? ਤੂੰ ਆਪਣੀ ਵਿਚਾਰ ਨਾਲ, ਆਪਣੀ ਸਮਝ ਨਾਲ, ਆਪਣੀ ਬੁਧੀ ਨਾਲ, ਆਪਣੀ ਸਿਆਣਪ ਨਾਲ, ਆਪਣੀ ਪੜ੍ਹਾਈ ਨਾਲ, ਆਪਣੀ ਖੋਜ ਨਾਲ ਸਿਧ ਕਰਦੇ, ਬਾਬਾ ਰੱਬ-ਰਾਮ-ਰਹੀਮ-ਪ੍ਰਮਾਤਮਾ ਨਹੀਂ। ਮੈਂ ਆਪਣੀ ਲਿਖਤ ਇਥੇ ਹੀ ਬੰਦ ਕਰ ਦਿਆਂਗਾ।

**ਦੂਜੀ ਗੱਲ ਸਿੱਧ ਕਰਦੇ :** ਖੋਜ ਕੇ, ਕਿ ਉਹ ਸਿੱਖ ਕੌਮ ਦਾ ਗੁਰੂ ਹੈ, ਕਿਸੇ ਹੋਰ ਨਾਲ ਉਸ ਦਾ ਕੋਈ ਸੰਬੰਧ ਨਹੀਂ।

**ਤੀਜੀ ਗੱਲ ਸਿੱਧ ਕਰਦੇ :** ਉਸ-ਦੇ ਲਿਖੇ ਅਸੂਲ ਰੱਬੀ ਅਸੂਲ ਨਹੀਂ ਹਨ। ਰੱਬ ਉਸ ਦੇ ਅਸੂਲਾਂ ਤੋਂ ਮੁਨਕਰ ਹੈ।

**ਚੌਥੀ ਗੱਲ :** ਬਾਬੇ ਦੇ ਅਸੂਲਾਂ ਤੋਂ ਬਗੈਰ ਕੋਈ ਜੀਵ ਰੱਬ ਨੂੰ ਜਾਣ ਕੇ ਦਿਖਾ ਦੇਵੇ?

**ਪੰਜਵੀਂ ਗੱਲ :** ਬਾਬੇ ਨਾਨਕ ਦੇ ਅੰਮ੍ਰਿਤ ਛੱਕਣ ਤੋਂ ਬਗੈਰ ਤਰ ਕੇ ਦਿਖਾ ਦੇ। 84 ਲੱਖ ਜੂਨਾਂ ਤੋਂ ਬੱਚ ਕੇ ਦਿਖਾ ਦੇਹ-ਮੁਕਤ ਹੋ ਕੇ ਦਿਖਾ ਦੇਹ? ਜਮਦੂਤਾਂ ਤੋਂ ਬਚ ਕੇ ਦਿਖਾ ਦੇਹ। ਨਰਕਾਂ ਤੋਂ ਬਚ ਕੇ ਦਿਖਾ ਦੇਹ?

**ਛੇਵੀਂ ਗੱਲ :** ਤੂੰ ਅੰਮ੍ਰਿਤ ਨਹੀਂ ਛਕਿਆ-ਚਾਰੇ ਕੁਰਹਿਤਾਂ ਤੋਂ ਹੀ ਬਚ ਕੇ ਦਿਖਾ ਦੇਹ, ਆ ਤੈਨੂੰ ਗੁਰੂ ਮੰਨਾਂਗਾ। ਤੈਨੂੰ ਪੂਜਾਂਗਾ। ਤੈਨੂੰ ਹੀ ਰੱਬ ਕਹਾਂਗਾ। ਤੇਰੇ ਹੀ ਪੈਰ ਪੂਜਾਂਗਾ। ਜ਼ਰਾ ਅੰਦਰ ਝਾਤੀ ਮਾਰ ਕੇ ਦਸੀਂ।

(1) ਸਾਰੀ ਉਮਰ ਵਿੱਚ ਔਰਤ ਨੂੰ ਵਿਕਾਰੀ ਨਿਗਾਹ ਨਾਲ ਦੇਖਿਆ ਹੀ ਨਾ ਹੋਵੇ। ਮਾਂ ਭੈਣ ਧੀ ਹੀ ਸਮਝਿਆ ਹੋਵੇ। ਕਿਸੇ ਕੁੜੀ ਨਾਲ ਸ਼ਰਾਰਤ ਕੀਤੀ ਨਾ

ਹੋਵੇ।

(2) ਸਿਰ ਤੋਂ ਲੈ ਕੇ ਪੈਰਾਂ ਤੱਕ, ਕਿਤੋਂ ਵੀ ਰੋਮਾਂ ਦੀ-ਵਾਲਾਂ ਦੀ-ਕੇਸਾਂ ਦੀ ਕਟਿੰਗ-ਟਰਿਮਿੰਗ-ਹੇਅਰ ਕੱਟ ਕੀਤਾ ਹੀ ਨਾ ਹੋਵੇ।

(3) ਸਾਰੀ ਉਮਰ-ਕੋਈ ਵੀ ਨਸ਼ਾ ਕੀਤਾ ਹੀ ਨਾ ਹੋਵੇ। ਤੁਮਾਕੂੰ-ਸ਼ਰਾਬ-ਸਮੈਕ-ਹੈਰੋਇਨ ਨਸ਼ਾ ਮੂੰਹ ਨੂੰ ਲਾਇਆ ਹੀ ਨਾ ਹੋਵੇ।

(4) ਕਦੀ ਕੁੱਠਾ ਖਾਧਾ ਹੀ ਨਾ ਹੋਵੇ।

(5) ਮਾਇਆ ਦੇ ਪੁਤਲੇ ਸਰੀਰ ਨੇ ਕਦੀ ਮਾਇਆ ਨੂੰ ਪਿਆਰ ਹੀ ਨਾ ਕੀਤਾ ਹੋਵੇ-ਕਦੇ ਵੱਢੀ ਲਈ ਨਾ ਹੋਵੇ। ਮਾਇਆ ਨੂੰ ਕੰਜਰੀ ਸਮਝਦਾ ਹੋਵੇ-ਨਿਰਮੋਹ ਹੋਵੇ। ਆ ਗੁਰੂ ਦੇ ਲਾਲ! ਸਾਹਮਣੇ ਆ-ਅੰਦਰ ਝਾਤੀ ਮਾਰ ਕੇ ਆ।

ਕੋਈ ਦੇਹਧਾਰੀ ਗੁਰੂ ਸੱਚਾ ਹੋਵੇ? ਕੋਈ ਆਪਣੇ ਆਪ ਨੂੰ ਸੰਤ-108-1008-ਪੂਰਨ-ਬ੍ਰਹਮ ਗਿਆਨੀ ਕਹਾਉਣ ਵਾਲਾ ਸੱਚਾ ਹੋਵੇ? ਆ ਦਿਖਾ-ਇਕ ਹੀ ਦਿਖਾ ਦੇਹ।

ਆ ਗੱਲ ਸਮਝ :

ਬਾਬਾ ਕਿਸੇ ਸਿਖ-ਸ਼ਰਦਾਰ ਦਾ ਗੁਰੂ ਹੀ ਨਹੀਂ ਹੈ। ਸਿੱਖਾਂ ਦਾ ਗੁਰੂ ਹੀ ਨਹੀਂ। ਅਲਾਹ-ਰਹੀਮ-ਰਾਮ-ਹਰੀ-ਪ੍ਰਮਾਤਮਾ ਰੱਬ ਆਪ ਗੁਰੂ ਨਾਨਕ ਬਣਿਆ। ਆਪ ਹੀ ਦਸ ਜਾਮੇ ਧਾਰੇ-ਕੰਮ ਲੰਬਾ ਸੀ। ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਖਿਆ-ਆਪ ਹੀ ਵਾਹਿਗੁਰੂ ਦਾ 1604 ਵਿੱਚ ਹਰਮਿੰਦਰ ਸਾਹਿਬ ਪ੍ਰਕਾਸ਼ ਕੀਤਾ ਆਪ ਹੀ ਮੱਥਾ ਟੇਕਿਆ ਤੇ ਕਹਿ ਦਿੱਤਾ-

**ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭ ਸੁਣਿਅਹੁ ਲੋਕ ਸਬਾਇਆ॥**
**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥**
**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**

**"ਸਤਿਗੁਰੂ" ਨਾਨਕ ਦੇਉ ਹੈ ਪਰਮੇਸਰੁ ਸੋਈ॥**

**ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠ॥**

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਦਾ ਬਸੀਠੁ॥**

ਸਤਿਗੁਰੂ-ਬਾਬਾ ਨਾਨਕ। ਸਚਖੰਡੁ ਦਾ ਮਾਲਕ ਹੈ।

ਜੇ ਕੋਈ ਵੀ ਹੋਰ ਸਚਖੰਡੁ ਨੂੰ ਜਾਣਦਾ ਹੋਵੇ। ਮੇਰਾ ਗੁਰੂ ਹੋਵੇਗਾ। ਆ ਮਿਲਾ 1% ਵੀ ਜਾਣਦਾ ਹੋਵੇ।

**ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ॥**

ਅਬੰੜਿ ਕੋਇ ਨ ਸਕਈ ਹਉ ਕਿਸਨੋ ਪੁਛਣਿ ਜਾਉ॥

ਰੱਬ ਇਕ ਇਨਸਾਨੀਅਤ ਹੈ।

ਬਾਬਾ ਨਾਨਕ ਇਨਸਾਨੀਅਤ ਦੇ ਸਿਖਾਉਣ ਵਾਲਾ ਗੁਰੂ ਹੈ।

ਹਰ ਇਨਸਾਨ ਦਾ ਗੁਰੂ ਹੈ-ਜੋ ਵੀ ਇਨਸਾਨੀਅਤ ਸਿਖਣਾ ਚਾਹੁੰਦਾ ਹੈ।

ਇਨਸਾਨੀਅਤ ਸਿਖਣ ਦੇ ਕੁਛ ਗੁਣ ਧਾਰਨ ਕਰਨੇ ਪੈਂਦੇ ਹਨ।

3 ਸਾਲ ਦੀ ਕੁੜੀ ਨਾਲ ਬਲਾਤਕਾਰ ਇਨਸਾਨੀਅਤ ਨਹੀਂ।

ਬੈਂਕ ਲੁੱਟ ਲੈਣਾ-ਮਾਇਆ ਪਿਛੇ ਮਾਂ-ਧੀ-ਭੈਣ ਵੇਚ ਦੇਣੀ, ਇਨਸਾਨੀਅਤ ਨਹੀਂ। ਕੋਈ ਵੱਢੀਖੋਰੇ ਦੀ ਮਾਂ-ਧੀ-ਭੈਣ ਗੰਦੇ ਜੀਵਨ ਵਾਲੀ ਨਾ ਹੋਵੇ, ਇਕ ਹੀ ਦਿਖਾ ਦੇਹ। ਨਸ਼ਾ ਕਰਨਾ ਕੋਈ ਇਨਸਾਨੀਅਤ ਨਹੀਂ। ਕਰੋੜਾਂ ਦੇ ਘਪਲੇ-ਘੁਟਾਲੇ, ਇਹੀ ਇਨਸਾਨੀਅਤ ਹੈ? ਮੁਰਦਿਆਂ ਦੇ ਬਕਸੇ ਬਣਾਉਣ ਵਿਚੋਂ ਮਾਇਆ ਖਾ ਜਾਣੀ, ਇਹ ਹੈ ਇਨਸਾਨੀਅਤ? ਦਸਤਾਨੇ ਬਣਾਉਣ ਵਿਚੋਂ ਵੱਢੀ ਖਾ ਜਾਣੀ ਦਾ ਨਾਂ ਹੀ ਇਨਸਾਨੀਅਤ ਹੈ। ਦੇਸ਼ ਦੀ ਪੋਸਟਾਂ ਹੀ ਵੇਚ ਦਿੱਤੀਆਂ-ਕਾਰਗਿਲ ਦੀ ਲੜਾਈ-ਇਹ ਹੈ ਅਸਲ ਇਨਸਾਨੀਅਤ UTI ਵਿੱਚ 33 ਹਜ਼ਾਰ ਕਰੋੜ ਦਾ ਘਪਲਾ-ਇਹ ਹੈ ਇਨਸਾਨੀਅਤ। ਪ੍ਰੈੱਸ ਰਿਪੋਰਟਰ ਹੀ ਮਰਵਾ ਦੇਣੀ-ਪਹਿਲਾਂ ਆਪਣੇ ਸੰਬੰਧ ਰੱਖ ਲੈ-ਅਸਲ ਇਨਸਾਨੀਅਤ ਇਸ ਦਾ ਨਾਂ ਹੈ। ਸੋਨੇ ਦੀ ਚਿੜੀਆ-ਮਾਸ ਦੀ ਵੀ ਨਹੀਂ ਰਹਿਣ ਦਿੱਤੀ। ਬਿਜਲੀ ਬੋਰਡ-ਪੁਲਿਸ-ਕੋਈ ਮੰਤਰੀ-ਕੋਈ ਮਹਿਕਮਾ ਵੱਢੀ ਤੋਂ ਬਗੈਰ ਕੰਮ ਕਰਦਾ ਹੋਵੇ-ਦਿਖਾ ਦੇਹ। ਬੈਂਕ 4-5-6% ਤੋਂ ਘੱਟ ਕਰਜ਼ਾ ਦਿੰਦਾ ਹੋਵੇ ਦਿਖਾ ਦੇਹ।

ਇਹਨਾਂ ਦਾ ਨਾਂ ਇਨਸਾਨੀਅਤ ਹੈ।

ਗੱਲਾਂ ਰੱਬ ਦੀਆਂ ਕਰਦੇ ਹੋ, ਅੰਦਰ ਗੰਦ ਭਰਿਆ ਪਿਆ ਹੈ।

ਕੋਈ ਇਹੋ ਜਿਹੀ ਗੱਲ ਬਾਬੇ ਨਾਨਕ ਵਿੱਚ ਦਿਖਾ ਦੇਹ, ਉਸ ਦੇ ਅਸੂਲਾਂ ਵਿਚ ਦਿਖਾ ਦੇਹ। ਉਸ ਦੇ ਅਸੂਲ ਸਿੱਧੇ ਰੱਬ ਨਾਲ ਮਿਲਾਉਂਦੇ ਹਨ। ਕੋਈ ਵੀ ਹੋਰ ਧਾਰਮਿਕ ਕਿਤਾਬ ਰੱਬ ਨਾਲ ਮਿਲਾ ਦੇਵੇ। ਲਿਆ ਪੜ੍ਹਾ।

ਤੈਨੂੰ ਪਤਾ ਹੀ ਨਹੀਂ, ਅਸਲ ਅੰਮ੍ਰਿਤ ਹੈ ਕੀ ਚੀਜ਼?

ਰੱਬ ਦੀ ਖੇਡ ਕੀ ਹੈ? ਸ਼ਰੀਰ ਬਹੁਤ ਬਹੁਤ ਗੰਦਾ ਹੈ। 36 ਪ੍ਰਕਾਰ ਦੇ ਅੰਮ੍ਰਿਤ ਮਈ ਭੋਜਨ ਖਾਂਦਾ ਹੈ-ਸਾਰੇ ਦੇ ਸਾਰੇ ਦੀ ਟੱਟੀ ਪੇਸ਼ਾਬ ਬਣਾ ਦੇਂਦਾ ਹੈ। ਇਸ ਦੇ ਅੰਦਰ ਵੀ ਗੰਦ ਹੈ-ਗੰਦ ਦਾ ਭਰਿਆ ਹੋਇਆ ਹੈ। ਸੋਚਨੀ ਵੀ ਗੰਦੀ ਹੈ ਗਿਆਨੇ ਇੰਦੇ ਵੀ ਗੰਦੇ ਹਨ-ਉਤਲੇ ਸਾਰੇ ਕੰਮ ਕੌਣ ਕਰਦਾ ਹੈ? ਅਸਲ ਵਿੱਚ ਅੰਮ੍ਰਿਤ ਸਰੀਰ ਲਈ ਨਹੀਂ ਹੈ।

ਇਸ ਗੰਦੇ ਸਰੀਰ ਵਿੱਚ ਰੱਬ ਹੈ। ਰੱਬ-ਜੀਵਾਤਮਾ ਦੀ ਸ਼ਕਲ ਵੀ ਸਰੀਰ ਵਰਗੀ ਹੈ। ਪੂਰਨ ਸਰੀਰ ਹੈ-ਅਸਲੀ ਸਰੀਰ ਉਹੀ ਹੈ-ਪੰਜ ਭੂਤਕ ਤਾਂ ਝੂਠਾ-ਗੰਦਾ ਸਰੀਰ ਹੈ। ਅੰਮ੍ਰਿਤ ਜਿਸ ਨੂੰ ਪੰਜ ਵਾਹਿਗੁਰੂਆਂ ਦੀ ਹਜ਼ੂਰੀ ਵਿੱਚ ਤਿਆਰ ਕੀਤਾ ਜਾਂਦਾ ਹੈ, ਆਪ ਵਾਹਿਗੁਰੂ ਹੀ ਤਿਆਰ ਕਰਦਾ ਹੈ ਤੇ ਜੀਵ ਵਾਹਿਗੁਰੂ ਨੂੰ ਹੀ ਛਕਾਉਂਦਾ ਹੈ।

ਉਸ ਨੂੰ ਹੀ ਸਰੀਰ ਨੂੰ ਠੀਕ ਕਰਨ ਲਈ-ਇਨਸਾਨੀਅਤ ਸਿਖਾਉਂਦਾ ਹੈ-ਜਗਾਉਂਦਾ ਹੈ।

ਜੀਵਾਤਮਾ ਨੂੰ ਅੰਮ੍ਰਿਤ ਛਕਾਉਣ ਤੋਂ ਬਗੈਰ ਜਗਾ ਕੇ ਦਿਖਾ ਦੇਹ? "ਚੈਲੰਜ" ਇਨਸਾਨੀਅਤ ਦੇ ਗੁਣ ਸਿਖਾ ਕੇ ਦਿਖਾ ਦੇਹ?

ਨਾਮ ਦੀ ਦਾਤ ਦੇ ਕੇ ਦਿਖਾ ਦੇਹ? ਸਰੀਰ ਤਾਂ ਬੁਧੂ-ਬੇਅਕਲ-ਕਾਮੀ-ਹਰਾਮੀ-ਲਾਲਚੀ ਕੁੱਤਾ ਹੈ, ਹੰਕਾਰ ਦਾ ਮਾਰਿਆ ਹੋਇਆ ਹੈ। ਜੁਆਰੀ, ਸਮਗਲਰ, ਚੋਰ, ਜਾਰ, ਡਾਕੂ, ਲੁਟੇਰਾ ਧੋਖੇਬਾਜ ਵਸਤੂ ਹੈ। ਤੂੰ ਕਿਸ ਨੂੰ ਮੰਨਦਾ ਹੈ? ਬਾਬਾ ਨਾਨਕ ਉਸ ਰੱਬ ਨੂੰ ਮੰਨਦਾ ਹੈ ਜਿਸ ਦਾ ਮਾਂ ਪਿਓ ਨਹੀਂ। ਜੋ ਪੰਜ ਭੂਤਕ ਸਰੀਰ ਨਹੀਂ। ਜਿਸ ਦੇ ਗਿਆਨ ਇੰਦ੍ਰੇ ਨਹੀਂ। ਜੋ Whole Universe ਦਾ ਕਰਤਾ ਹੈ, ਕੁਦਰਤ ਦਾ ਕਰਤਾ ਹੈ। ਤੇਰਾ ਗੁਰੂ ਇਕ ਤਾਰਾ ਹੀ ਬਣਾ ਕੇ ਦਿਖਾ ਦੇਵੇ। ਹਵਾ ਬੰਦ ਕਰਕੇ ਦਿਖਾ ਦੇਵੇ। ਕੋਈ ਛੇਵਾਂ ਤੱਤ ਬਣਾ ਕੇ ਦਿਖਾ ਦੇਵੇ। ਕੁਦਰਤ ਵਿੱਚ ਕੋਈ ਤਬਦੀਲੀ ਲਿਆ ਦੇਵੇ। ਧਰਤੀ-ਅਕਾਸ਼ ਵਿੱਚ 108000 km/hour ਦੀ ਸਪੀਡ ਨਾਲ ਘੁੰਮ ਰਹੀ ਹੈ। Around his Axix ਸਪੀਡ ਹੀ ਘਟ-ਵਧ ਕਰਕੇ ਦਿਖਾ ਦੇਵੇ। ਬਾਬੇ ਨੇ ਤਾਂ ਦਿਨ ਰਾਤ ਜੀਵ ਦੇ ਸੁਖ ਲਈ ਬਣਾ ਦਿੱਤੇ। ਤੂੰ ਨਰਕਾਂ ਵਿੱਚ ਭੇਜਣ ਦਾ ਠੇਕਾ ਲਿਆ ਹੋਇਆ ਹੈ। ਆਪ ਤੂੰ ਤੇ ਸਾਰੇ ਤੇਰੇ ਚੇਲੇ ਬਾਲਕੇ ਨਰਕਾਂ ਵਿੱਚ ਜਾਂਦੇ ਹਨ। ਬਾਬਾ ਨਾਨਕ ਤਾਂ ਕਰਤਾ ਹੈ, ਪਿਤਾ ਹੈ ਮਾਤਾ ਹੈ, ਉਸ ਨੂੰ ਆਪਣੇ ਪੁੱਤਰ ਨਾਲ ਪਿਆਰ ਹੈ, ਤੇ ਤੂੰ ਮਤਰੇਈ ਮਾਂ ਵਾਲਾ ਸਲੂਕ ਕਰਦਾ ਹੈਂ, ਸਾਰਿਆਂ ਨੂੰ ਨਰਕਾਂ ਵਿੱਚ ਭੇਜਣ ਤੇ ਤੈਨੂੰ ਤਰਸ ਹੀ ਨਹੀਂ ਆਉਂਦਾ। ਮੈਂ ਤੁਹਾਨੂੰ ਇਕ ਹੀ ਉਦਾਹਰਨ ਦੇਂਦਾ ਹਾਂ, ਦੇਹਧਾਰੀ ਗੁਰੂ ਦੀ। ਅੱਗੇ ਸਾਰਿਆਂ ਦੀ ਇਹੋ ਹੀ ਹਾਲਤ ਹੈ।

ਇਕ ਦੇਹਧਾਰੀ ਗੁਰੂ ਨੂੰ ਅੱਗੇ, ਜੋ ਮਰ ਚੁੱਕਾ ਹੈ, ਸਿਰ ਪੈਰਾਂ ਨਾਲ ਬੰਨ੍ਹ ਕੇ, ਲੁਕ ਦੇ ਡਰੰਮ ਵਿੱਚ ਪਾ ਕੇ, ਥੱਲੇ ਹੈਂਡਲ ਲਾ ਕੇ ਜਮਦੂਤ ਘੁਮਾ ਰਿਹਾ ਸੀ। ਉਸ ਨੂੰ ਉਥੋਂ ਕਢਵਾਇਆ, ਪੰਜ ਮਿੰਟ ਬਾਦ ਉਸ ਨੂੰ ਸਾਹ ਆਇਆ ਤੇ ਗੱਲ ਕਰਨ ਲੱਗਾ।

ਪ੍ਰਸ਼ਨ : ਤੁਸੀਂ ਤਾਂ ਸਤਿਗੁਰੂ ਜੀ ਮਹਾਰਾਜ ਸੀ, ਤੁਸੀਂ ਨਰਕਾਂ ਵਿੱਚ ਕਿਵੇਂ ਆ ਗਏ?

ਉੱਤਰ : ਸਤਿਗੁਰੂ ਜੀ ਮਹਾਰਾਜ ਮੈਂ ਸਰਕਾਰ ਦਾ ਬਣਾਇਆ ਹੋਇਆ ਸੀ। ਰੱਬ ਵਲੋਂ ਨਹੀਂ ਸੀ ਬਣਾਇਆ ਹੋਇਆ। ਗੁਰੂ ਰੱਬ ਹੀ ਹੁੰਦਾ ਹੈ, ਜਿਵੇਂ ਗੁਰੂ ਨਾਨਕ ਪਾਤਿਸ਼ਾਹ ਹਨ।

ਪ੍ਰਸ਼ਨ : ਤੁਸੀਂ ਤਾਂ ਗੁਰੂ ਨਾਨਕ ਦੀ ਬਰਾਬਰੀ ਕਰਦੇ ਸੀ, ਨਾਮ ਦੀ ਦਾਤ ਦਿੰਦੇ ਸੀ?

ਉੱਤਰ : ਇਹ ਅਸੀਂ ਸਰਕਾਰ ਦੇ ਕਹਿਣ ਤੇ ਕਰਦੇ ਸੀ, ਅਸੀਂ ਤਾਂ ਗੁਰੂਆਂ ਦੀ ਨਿੰਦਾ ਵੀ ਕਰਦੇ ਸੀ। ਸਾਨੂੰ ਹੁਕਮ ਸੀ, ਦਸਵੇਂ ਪਾਤਿਸ਼ਾਹ ਦੀਆਂ ਦਸੀਆਂ ਚਾਰੇ ਕੁਰਹਿਤਾਂ ਨੂੰ ਖਤਮ ਕਰ ਦਿਓ। ਕੁਰਹਿਤ ਹੈ ਹੀ ਕੋਈ ਨਹੀਂ। ਸਾਰੇ ਇਕੋ ਜਿਹੇ ਹਨ। ਸਿੱਖ ਉੱਤਮ ਨਹੀਂ ਹੈ। ਸਾਰੇ ਤਰ ਸਕਦੇ ਹਨ, ਇੱਕਲਾ ਸਿੱਖ ਨਹੀਂ। ਇਹ ਕੰਮ ਕਰਨ ਲਈ ਸਾਨੂੰ ਹਰ ਸਾਲ 40/40 ਕਰੋੜ ਰੁਪੈ ਦੀ ਗਰਾਂਟ ਮਿਲਦੀ ਸੀ। ਸਾਡੀ ਗੱਲ ਵੀ ਮੰਨੀ ਜਾਂਦੀ ਸੀ ਸਰਕਾਰੇ ਦਰਬਾਰੇ। ਸਿੱਖੀ ਨੂੰ ਖਤਮ ਕਰਨ ਦਾ ਠੇਕਾ ਸਾਨੂੰ ਦਿੱਤਾ ਹੋਇਆ ਸੀ ਤੇ ਸਾਰੇ ਦੇਹਧਾਰੀ ਗੁਰੂਆਂ ਨੂੰ ਦਿੱਤਾ ਹੋਇਆ ਹੈ, ਅਸੀਂ ਨਰਕਾਂ ਵਿੱਚ ਹੀ ਜਾਣਾ ਹੈ। ਅਸੀਂ ਬੜੇ ਗਲਤ ਕੰਮ ਕਰਦੇ ਸੀ। ਇਹ ਤੁਹਾਡੇ ਗੁਰੂਆਂ ਦਾ ਹਾਲ ਹੈ, ਬਰਾਬਰੀ ਤੂੰ ਬਾਬੇ ਨਾਨਕ ਦੀ ਕਰਨੀ ਚਾਹੁੰਦਾ ਹੈ। ਇਕ ਮੇਰੀ ਗੱਲ ਮੰਨ ਕੇ ਪੁਛ-ਆਪਣੇ ਪੀਰ ਪੈਗੰਬਰ ਨੂੰ। ਈਸਾ-ਮਸੀਹ ਨੂੰ ਪੁਛ ਲੈ, ਸੋਕਰੇਟੀਜ਼ ਨੂੰ ਪੁਛ ਲੈ, ਨੋਸਤੇਦਰਮਸ ਨੂੰ ਪੁਛ ਲੈ, ਹਜ਼ਰਤ ਮਹੁੰਮਦ ਸਾਹਿਬ ਨੂੰ ਪੁਛ ਲੈ, ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਤੋਂ ਇੰਦਰ ਤੋਂ ਪੁਛ ਲੈ, ਸ਼ੇਰਾਂ ਵਾਲੀ ਦੇਵੀ ਮਾਤਾ ਤੋਂ, ਦੁਰਗਾ ਤੋਂ, ਵੈਸ਼ਨੂੰ ਦੇਵੀ ਤੋਂ ਨੈਨਾ ਦੇਵੀ ਤੋਂ ਪੁਛ ਲੈ-ਗੋਰਖ ਨਾਥ ਤੋਂ ਭੰਗਰਨਾਥ ਤੋਂ, ਮਹਾਵੀਰ ਤੋਂ ਪੁਛ ਲੈ, 33 ਕਰੋੜ ਦੇਵਤੇ ਤੋਂ ਪੁਛ ਲੈ, ਕਿਸੇ ਭੂਤ ਪ੍ਰੇਤ ਤੋਂ ਪੁਛ ਲੈ, ਚੁੜੇਲ ਤੋਂ ਪੁਛ ਲੈ, ਪੰਜ ਭੂਤਕ ਸਰੀਰ ਗੰਦਾ ਹੈ। ਪੁਛ (1) ਰੱਬ ਕੌਣ ਹੈ? (2) ਗੁਰੂ ਨਾਨਕ ਕੌਣ ਹੈ? (3) ਧਰਮਰਾਜ ਕਿਸ ਦੇ ਹੁਕਮ ਵਿਚ ਹੈ? (4) ਜਮਦੂਤ ਕਿੰਨੇ ਹਨ, ਕਿੱਥੇ ਹਨ, ਕਿਸੇ ਦੇ ਹੁਕਮ ਵਿਚ ਕੰਮ ਕਰਦੇ ਹਨ? (5) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਹਨ? ਪੁਛੀਂ-ਕਹਿ-ਇਹ ਤਾਂ ਕਿਤਾਬ ਹੈ, ਫਿਰ ਉਹ ਰੂਹ ਕੀ ਜੁਆਬ ਦੇਂਦੀ ਹੈ? (6) ਅੰਮ੍ਰਿਤਧਾਰੀ ਗੁਰਸਿਖ ਕੌਣ ਹੈ? (7) ਸਚਖੰਡ ਕੀ ਹੁੰਦਾ ਹੈ? ਕੌਣ ਜਾਂਦਾ ਹੈ ਉਥੇ, ਉਥੇ ਕਿਸ ਦਾ ਰਾਜ ਹੈ, ਉਥੇ ਮਾਲਕ ਕੌਣ ਹੈ? (8) ਨਰਕਾਂ ਕੀ ਹਨ ਉਥੇ ਕੌਣ ਜਾਂਦਾ ਹੈ? (9) ਇਹ ਸੰਗਤਿ ਕੀ ਹੈ ਜੋ ਵਾਹਿਗੁਰੂ ਵਾਹਿਗੁਰੂ ਨਾਮ ਜਪਦੀ ਹੈ? (10) ਵਾਹਿਗੁਰੂ ਨਾਮ ਕੀ ਹੈ? ਵਾਹਿਗੁਰੂ ਵਾਹਿਗੁਰੂ ਕੀ ਹੈ? ਹੁਣ ਮੈਨੂੰ ਫੋਨ ਕਰੋ 99150-97565, ਤੇਰੀ

ਤਸੱਲੀ ਹੋਈ ਕਿ ਨਹੀਂ, ਨਹੀਂ ਤਾਂ ਮੇਰੇ ਨਾਲ ਗੱਲ ਕਰਵਾ ਦੇਹ (11) ਪੁਛੀਂ-ਅੰਮ੍ਰਿਤ ਛਕਣਾ ਕੀ ਹੈ? ਇਹ ਪੰਜ ਕਕਾਰ ਕਿਉਂ ਪਾਈ ਫਿਰਦੇ ਹਨ? ਪੰਜ ਕਕਾਰ ਕੀ ਹਨ? ਇਹਨਾਂ ਦਾ ਕੀ ਫਾਇਦਾ ਹੈ, ਕਿਸੇ ਗੰਦੀ ਰੂਹ ਤੋਂ ਪੁਛੀਂ-ਜਮਦੂਤ ਤੋਂ ਪੁਛੀਂ-ਦੇਵੀ ਤੋਂ ਪੁਛ ਲਈ-ਕ੍ਰਿਸ਼ਨ-ਰਾਮ ਤੋਂ ਪੁਛ ਲੈ। ਤੈਨੂੰ ਤਾਂ ਸਮਝ ਆਉਂਣੀ ਹੈ, ਮੇਰੇ ਕਹਿਣ ਤੇ ਤੈਨੂੰ ਸਮਝ ਨਹੀਂ ਆਉਣੀ। ਤੇਰੇ ਅੰਦਰ ਈਰਖਾ ਹੈ, ਹਉਮੈ ਹੈ। ਨਿਵੈ ਸੁ ਗਉਰਾ ਹੋਇ।। ਭਾਰਾ ਲਿਫਦਾ ਹੈ, ਖਾਲੀ-ਆਕੜ ਉਤੇ ਨੂੰ ਜਾਂਦਾ ਹੈ। ਅਸੀਂ ਉਚੇ ਹਾਂ, ਵੱਡੇ ਹਾਂ, ਸਾਡਾ ਧਰਮ ਉਚਾ ਹੈ, ਇਹੀ ਹੰਕਾਰ ਹੈ, ਆਕੜ ਹੈ, ਪਰ ਖਾਲੀ ਹੈ। ਮੈਂ ਗੰਦੀ ਰੂਹ ਤਾਂ ਲਿਖਿਆ ਹੈ ਕਿ ਤੈਨੂੰ ਗੰਦੀ ਰੂਹ ਦੱਸੇਗੀ ਕਿ ਇਕ ਇਹੀ ਕਕਾਰਾਂ ਦੇ ਧਾਰਨ ਵਾਲਾ ਬੰਦਾ ਹੀ ਅੰਮ੍ਰਿਤਧਾਰੀ ਗੁਰਸਿਖ ਹੈ, ਜਿਸ ਦੇ ਅਸੀਂ ਨੇੜੇ ਵੀ ਨਹੀਂ ਜਾ ਸਕਦੇ। ਬਾਕੀ ਸਾਰਿਆਂ ਨੂੰ ਤਾਂ ਕੱਚਿਆਂ ਨੂੰ ਖਾ ਜਾਈਦਾ ਹੈ। ਸੰਸਾਰ ਦੀ ਪੂਰੀ ਜਨ-ਸੰਖਿਆ 700 ਕਰੋੜ ਵਿਚੋਂ ਸਿਰਫ ਅੰਮ੍ਰਿਤਧਾਰੀ ਗੁਰਸਿਖ ਵੱਲ ਅਸੀਂ ਦੇਖ ਵੀ ਨਹੀਂ ਸਕਦੇ। ਹੁਣ ਦਸ ਬਾਬਾ ਸਿਖਾਂ ਦਾ ਹੈ ਕਿ ਇਨਸਾਨੀਅਤ ਦਾ ਗੁਰੂ ਰੱਬ ਹੈ, ਅੰਮ੍ਰਿਤ ਕੋਈ ਜੀਵ ਛਕ ਸਕਦਾ ਹੈ। ਬਾਬਾ ਗੁਰੂ ਹੀ ਅੰਮ੍ਰਿਤਧਾਰੀ ਹੈ-ਬੰਦੇ ਦਾ ਗੁਰੂ ਹੀ ਨਹੀਂ। ਰੱਬੀ ਅਸੂਲਾਂ ਦਾ ਗੁਰੂ, ਦੈਵੀ ਗੁਣਾਂ ਦਾ ਗੁਰੂ। ਜੋ ਸਚਖੰਡਿ ਹੋ ਰਿਹਾ ਹੈ, ਉਹੀ ਥੱਲੇ ਵਰਤਾਇਆ ਹੈ। ਉਹੀ ਸੰਗਤਿ ਨੂੰ ਸਚਖੰਡਿ ਕਿਹਾ ਹੈ, ਉਹੀ ਕੀਰਤਨ, ਉਹੀ ਵਾਹਿਗੁਰੂ ਵਾਹਿਗੁਰੂ ਸਿਮਰਨ ਜੋ ਸਚਖੰਡਿ ਹੋ ਰਿਹਾ ਹੈ, ਉਵੇਂ ਹੀ ਸੁਰਤੀ ਲਾਈ ਜਾਂਦੀ ਹੈ। ਸਿਰਫ ਅੰਮ੍ਰਿਤਧਾਰੀ ਦੀ ਸੁਰਤਿ ਲੱਗਦੀ ਹੈ, ਸਿੱਖ ਹਿੰਦੂ ਮੁਸਲਮਾਨ ਦਾ ਸੁਆਲ ਹੀ ਨਹੀਂ। ਤੂੰ ਸੁਰਤੀ ਲਾ ਕੇ ਦਿਖਾ ਦੇ, ਕਕਾਰ ਪਾਉਣ ਤੋਂ ਬਗੈਰ, ਪ੍ਰਕਾਸ਼ ਹੋ ਜਾਏ, ਰੱਬ ਦੇ ਦਰਸ਼ਨ ਹੋ ਜਾਣ, ਸਚਖੰਡਿ ਚਲਾ ਜਾਵੇਂ। ਧਰਮਰਾਜ ਮੱਥਾ ਟੇਕੇ-ਜਮਦੂਤ ਸਲਾਮਾਂ ਕਰਨ-ਭੂਤ ਪ੍ਰੇਤ ਤੈਨੂੰ ਦਿੱਸਦੇ ਹੋਣ, ਤੇਰੇ ਹੁਕਮ ਵਿਚ ਹੋਣ, ਤੈਨੂੰ ਕੁਛ ਵੀ ਨਾ ਕਹਿਣ ਕੁਛ ਪਰੈਕਟੀਕਲੀ ਕਰਕੇ ਦਿਖਾ-ਐਵੇਂ ਕੋਮੈਂਟ ਹੀ ਕਰੀ ਜਾ ਰਿਹਾ ਹੈਂ।

(1) ਅੰਮ੍ਰਿਤ ਛਕਾਉਣ ਵੇਲੇ-ਵਾਹਿਗੁਰੂਆਂ ਦੇ ਵਾਹਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ-ਸੁਰਤੀ ਲਾ ਕੇ ਦੇਖੇਂਗਾ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਜ਼ਾਰ ਸੂਰਜਾਂ ਜਿੰਨਾ ਪ੍ਰਕਾਸ਼ ਹੈ-ਐਵੇਂ ਨਾ ਸਮਝੀਂ।

(2) ਬਾਬਾ ਨਾਨਕ ਜੀ ਤਾਬਿਆਂ ਬੈਠੇ ਚੋਰ ਕਰਦੇ ਹਨ। 4 ਪਾਤਿਸ਼ਾਹੀਆਂ ਖੱਬੇ ਪਾਸੇ ਬੈਠੀਆਂ ਹੁੰਦੀਆਂ ਹਨ-4 ਪਾਤਿਸ਼ਾਹੀਆਂ ਸੱਜੇ ਬੈਠੀਆਂ ਹੁੰਦੀਆਂ। ਦਸਵੇਂ ਪਾਤਿਸ਼ਾਹ ਅੰਮ੍ਰਿਤ ਦਾ ਬਾਟਾ ਆਪ ਤਿਆਰ ਕਰਦੇ ਹਨ। ਇਹ ਦਸੇ ਪਾਤਿਸ਼ਾਹੀਆਂ ਕਿਥੋਂ ਆਈਆਂ। ਤੇਰਾ ਕੋਈ ਗੁਰੂ ਨਹੀਂ ਆ ਸਕਦਾ? ਰੱਬ ਆਪ

ਅੰਮ੍ਰਿਤ ਦਾ ਬਾਟਾ ਤਿਆਰ ਕਰਦਾ ਹੈ ਤੇ ਜੀਵ ਨੂੰ ਛਕਾਉਂਦਾ ਹੈ-ਰੱਬੀ ਜੋਤ ਦੇ ਸੂਖਸ਼ਮ ਸਰੀਰ ਨੂੰ, ਸਰੀਰ ਨਾਲ ਲੜਨ ਲਈ ਤਿਆਰ ਕਰਦਾ ਹੈ। ਜਾਗ, ਮੁਕਾਬਲਾ ਕਰ ਗੰਦੇ ਸਰੀਰ ਦਾ ਤੇ ਸਮਝਾਉਂਦਾ ਹੈ ਇਹ 4 ਕੰਮ ਨਹੀਂ ਕਰਨੇ-ਇਹ ਇਨਸਾਨੀਅਤ ਦੇ ਰੱਬ ਦੇ ਦੁਸ਼ਮਨ ਹਨ। ਜੀਵ ਗੱਲ ਨੂੰ ਸਮਝ ਜਾਂਦਾ ਹੈ ਤੇ ਕੁਰਹਿਤ ਨਹੀਂ ਕਰਦਾ। ਇਹ ਚਾਰੇ ਕੁਰਹਿਤਾਂ ਸਰੀਰ ਦੀ ਖੁਰਾਕ ਹੈ, ਸਰੀਰ ਮਰਦਾ ਮਰਦਾ ਖੁਰਾਕ ਤੋਂ ਬਗੈਰ ਮਰ ਜਾਂਦਾ ਹੈ। ਹੁਣ ਰਹਿ ਗਿਆ ਅੰਦਰ ਰੱਬ। ਹੁਣ ਪ੍ਰਕਾਸ਼ ਹੋ ਜਾਂਦਾ ਹੇ, ਦਰਸ਼ਨ ਹੋ ਜਾਂਦੇ ਹਨ, ਜੀਵ ਆਪਣੇ ਅਸਲ ਸਚਖੰਡਿ ਪਹੁੰਚ ਜਾਂਦਾ ਹੇ। ਸਿਮਰਨ ਕਰਕੇ-ਸੁਰਤੀ ਲਾ ਕੇ-ਸੰਗਤਿ ਕਰਕੇ-ਚਰਨ ਧੂੜ ਲੈ ਕੇ, ਨਿਮਰਤਾ ਧਾਰਨ ਕਰਕੇ। ਤੂੰ ਅੰਮ੍ਰਿਤ ਛਕਣ ਤੋਂ ਬਗੈਰ ਪਹੁੰਚ ਕੇ ਦਿਖਾ ਦੇਹ। ਕੋਈ ਰੱਬ ਦਾ ਇਕ ਹੀ ਕੰਮ ਕਰਦੇ ਦਿਖਾ ਦੇਹ। ਆ ਦਸ! ਰੱਬ ਬਾਰੇ ਕੀ ਜਾਣਦਾ ਹੈ?

(3) ਅੰਮ੍ਰਿਤ ਸੰਚਾਰ ਵੇਲੇ ਰੱਬ-ਰਾਮ-ਰਹੀਮ-ਅੱਲਾ-ਪ੍ਰਮਾਤਮਾ ਦਾ ਪ੍ਰਕਾਸ਼ ਹੁੰਦਾ ਹੈ। ਵਾਹਿਗੁਰੂ ਆਪ ਹਾਜ਼ਰ ਨਾਜ਼ਰ ਹੁੰਦਾ ਹੇ।

ਤੂੰ ਦੱਸ ਤੇਰੇ ਕੋਲ ਜਾਂ ਤੇਰੇ ਗੁਰੂ ਕੋਲ ਕੋਈ ਇਹੋ ਜਿਹਾ ਸਿਸਟਮ ਹੈ ਜੋ ਚਾਰੇ ਕੁਰਹਿਤਾਂ ਤੋਂ ਰੋਕ ਕੇ ਰੱਬ ਨਾਲ ਮਿਲਾ ਦੇਵੇ।

(1) "ਫਿਰ ਦੇਖ ਲੈ" ਔਰਤ ਨੂੰ ਮਾਂ ਭੈਣ ਧੀ ਸਮਝਣਾ ਹੈ।

(2) ਕਈ ਨਸ਼ਾ ਨਹੀਂ ਕਰਨਾ।

(3) ਸਿਰ ਤੋਂ ਪੈਰਾਂ ਤੱਕ ਰੋਮਾਂ ਦੀ ਬੇਅਦਬੀ ਨਹੀਂ ਕਰਨੀ-ਕਟਨੇ-ਮੁੰਨਣੇ ਨਹੀਂ।

(4) ਕੁੱਠਾ ਨਹੀਂ ਖਾਣਾ। ਕਲਮਾਂ ਪੜ੍ਹ ਕੇ ਮਾਰਿਆ ਹੋਇਆ ਜਾਨਵਰ।

ਹੁਣ ਇਨਸਾਨੀਅਤ ਆਉਂਣੀ ਸ਼ੁਰੂ ਹੋਣੀ ਹੈ, ਦੈਵੀ ਗੁਣ ਆਉਣੇ ਸ਼ੁਰੂ ਹੋਣਗੇ। ਹੁਣ ਰੱਬ ਦੀ ਗੱਲ ਸਮਝ ਆਏਗੀ। ਇਹ ਉਤਲੀਆਂ ਚਾਰੇ ਗੱਲਾਂ ਸਰੀਰ ਦੀ ਖੁਰਾਕ ਹੈ। 1% ਵੀ ਕਾਮ ਤੋਂ ਨਹੀਂ ਬਚਿਆ। 70% ਤੋਂ 80% ਨਸ਼ਾ ਕਰਦੇ ਹਨ, ਭਾਵ ਸਾਰੇ ਹੀ ਕਰਦੇ ਹਨ, ਜਿਹੜੇ 20% ਬਚੇ ਹਨ, ਉਹ ਬੱਚੇ ਹਨ ਜਾਂ ਬੁੱਢੇ ਹਨ। ਸਾਰੇ ਹੀ ਰੋਮਾਂ ਦੀ ਬੇਅਦਬੀ ਕਰਦੇ ਹਨ। ਤੂੰ ਦਸ ਕੌਣ ਬਚਿਆ ਹੈ। ਸੰਸਾਰ ਵਿੱਚ ਕੁਰਹਿਤ ਵੱਧ ਰਹੀ ਹੈ। ਦੈਵੀ ਗੁਣ-ਇਨਸਾਨੀਅਤ ਉਡਦੀ ਜਾ ਰਹੀ ਹੈ। ਇਹੀ ਰੱਬ ਦੀ ਖੇਡ ਹੈ, ਜਾਣ ਕੇ ਦਿਖਾ ਰੱਬ ਨੂੰ। ਨਹੀਂ ਤਾਂ ਸਾਰਿਆਂ ਨੂੰ ਮਾਰ ਦੇਵੇਗਾ। ਖਤਮ ਕਰਕੇ ਨਵੀਂ ਦੁਨੀਆਂ ਵਸਾ ਦੇਵੇਗਾ।

ਅੰਮ੍ਰਿਤ ਛਕਣ ਨਾਲ ਜੀਵ ਮਰਦਾ ਹੀ ਨਹੀਂ। "ਸਤਿਗੁਰ ਸਰਣੀ ਆਇਆ

**ਬਹੁੜਿ ਨਹੀ ਬਿਨਾਸੁ**" ਜੀਵ ਨਰਕਾਂ ਵਿਚ ਜਾਂਦਾ ਹੀ ਨਹੀਂ-ਸਚਖੰਡਿ ਜਾਂਦਾ ਹੈ-ਮੁਕਤੀ ਹੁੰਦੀ ਹੈ-ਜੋਤ ਨਾਲ ਜੋਤ ਮਿਲਦੀ ਹੈ।

(1) ਕ੍ਰਿਪਾਨ-ਸ਼ਕਤੀ ਦਾ ਪ੍ਰਤੀਕ ਹੈ-ਹਿੰਦੂਆਂ ਦੇ ਪੰਡਿਤ ਦੇ ਹਿਸਾਬ ਨਾਲ-ਤਾਰਾ ਵਿਗਿਆਨੀ ਦੇ ਹਿਸਾਬ ਨਾਲ "ਮੰਗਲ ਹੈ"। ਭਗਤੀ ਲਈ ਸ਼ਕਤੀ ਚਾਹੀਦੀ ਹੈ। ਸ਼ਕਤੀ ਸਾਰਿਆਂ ਨੇ ਹੀ ਵਰਤੀ ਹੈ ਰਾਮ ਨੇ ਵਰਤੀ ਹੈ-ਰਾਵਨ ਨੂੰ ਮਾਰਿਆ ਹੈ। ਕ੍ਰਿਸ਼ਨ ਨੇ ਵਰਤੀ ਹੈ-ਕੰਸ ਨੂੰ ਮਾਰਿਆ ਹੈ। ਸ਼ਕਤੀ ਕਿਸ ਨੇ ਨਹੀਂ ਵਰਤੀ? ਖਾਲਸਾ ਨਿਰੋਲ ਵਾਹਿਗੁਰੂ ਦਾ ਸਰੂਪ ਹੈ। ਵਾਹਿਗੁਰੂ ਦਸਵੇਂ ਪਾਤਿਸ਼ਾਹ ਨੇ ਆਪ ਗੋਡੇ ਟੇਕ ਕੇ ਅੰਮ੍ਰਿਤ ਦੀ ਦਾਤਿ ਲਈ ਹੈ। ਤੂੰ ਵਾਹਿਗੁਰੂ ਤੋਂ ਸਿਆਣਾ ਹੈਂ-ਕਾਂ ਹੈਂ-ਇਸ ਕਰਕੇ ਅੰਮ੍ਰਿਤ ਦੀ ਦਾਤਿ ਨਹੀਂ ਲਈ? If you want peace, be prepare for war. ਆਪ ਤਕੜੇ ਰਹੋ-ਸ਼ਾਂਤੀ ਆਪਣੇ ਆਪ ਆ ਜਾਏਗੀ। ਡਾਢੇ ਤੋਂ ਡਾਢਾ ਵੀ ਡਰੇਗਾ, ਅਸੀਂ ਤਾਂ ਅੱਗੇ ਹੀ ਸ਼ਾਂਤੀ ਦੇ ਪੁਜਾਰੀ ਹਾਂ। ਅਮਰੀਕਾ ਤੇ ਕੋਈ ਦੇਸ਼ ਕਿਉਂ ਨਹੀਂ ਅਟੈਕ ਕਰਦਾ? ਸਭ ਨੂੰ ਪਤਾ ਹੈ ਭੁੰਨ ਕੇ ਰੱਖ ਦੇਵੇਗਾ। ਸ਼ਕਤੀ ਵਿਖਾਵੇ ਲਈ ਹੈ-ਨਜ਼ਾਇਜ਼ ਵਰਤਨ ਲਈ ਨਹੀਂ। ਕਈਆਂ ਹਿੰਦੂਆਂ ਨੇ ਕਿਹਾ ਹੈ ਕਿ ਸਿਖਾਂ ਨੂੰ ਕ੍ਰਿਪਾਨ ਦੀ ਜਗਾਹ ਤੇ ਕ੍ਰਿਪਾ ਧਾਰਨ ਕਰ ਲੈਣੀ ਚਾਹੀਦੀ ਹੈ। ਤੁਸੀਂ ਅਜ਼ਾਦੀ ਤੋਂ ਪਹਿਲਾਂ ਤਾਂ ਇਹ ਗੱਲ ਕਦੇ ਨਹੀਂ ਕੀਤੀ। ਅਜ਼ਾਦੀ ਤੁਹਾਨੂੰ ਅਸੀਂ ਹੀ ਲੈ ਕੇ ਦਿੱਤੀ ਹੈ। ਗਾਂਧੀ ਹੁੰਦਾ ਤਾਂ 400 ਸਾਲ ਗੋਰਿਆਂ ਹੋਰ ਰਾਜ ਕਰਨਾ ਸੀ। ਸਿਰਫ ਸਤਿਆਗ੍ਰਹਿ। Non Violence ਗੋਰਿਆਂ ਨੂੰ ਬਹੁਤ ਪਸੰਦ ਸੀ-ਇਸੇ ਕਰਕੇ ਉਸ ਦਾ ਸਤਿਕਾਰ ਕਰਦੇ ਸਨ-ਗੋਰਾ ਬਹੁਤ ਜ਼ਾਲਮ ਸੀ। ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਸੀ-ਹੁਣ ਵੀ ਕਰਦਾ ਹੈ-ਇਰਾਕ ਕੀ ਕੀਤਾ ਹੈ?

"ਸ਼ਕਤੀ" ਬੱਬਰ ਅਕਾਲੀ ਉਠੇ, ਉਹਨਾਂ ਸ਼ਕਤੀ ਦਾ ਪ੍ਰਤੀਕ ਕੀਤਾ। 4 ਗੋਰੇ ਮਾਰੇ SSP, DC etc. ਤੇ ਸਾਰੇ ਪੁਲਿਸ ਚਮਚੇ। ਗੋਰਿਆਂ ਨੇ ਦੇਸ਼ ਛੱਡਣ ਦਾ ਐਲਾਨ ਕਰ ਦਿੱਤਾ, ਤੇ ਸਿਖਾਂ ਨੂੰ ਬੁਲਾ ਕੇ ਵਾਇਦਾ ਕੀਤਾ-ਮਹਾਰਾਜਾ ਰਣਜੀਤ ਸਿੰਘ ਜਿਤਨਾ ਰਾਜ ਲੈ ਲਓ-ਖਾਲਸਾ ਰਾਜ-ਆਨੰਦ ਮਾਣੋ, ਸੁਖੀ ਰਹੋ। ਸਾਰਾ ਪੰਜਾਬ-ਮੁਲਤਾਨ-ਜੰਮੂ-ਕਸ਼ਮੀਰ-ਅਫਗਾਨਿਸਤਾਨ ਤਕ, ਪਰ ਨਹਿਰੂ ਪਰਿਵਾਰ ਗਾਂਧੀ ਪਰਿਵਾਰ ਸਾਡੇ ਪੈਰੀਂ ਪੈ ਗਿਆ, ਸਾਨੂੰ ਅਜ਼ਾਦੀ ਲੈ ਦਿਓ ਅਸੀਂ ਵੀ ਤੁਹਾਨੂੰ ਇਹਨਾਂ ਹੀ ਰਾਜ ਦਿਆਂਗੇ-ਬੇਵਕੂਫ ਸਿੱਖ ਮੰਨ ਗਏ। ਹਿੰਦੂਆਂ ਦੀ ਬੇਵਫਾਈ ਨੂੰ ਭੁੱਲ ਗਏ-ਇਹਨਾਂ ਗਦਾਰ-ਮਕਾਰਾਂ ਦੀ ਹਰਾਮਖੋਰੀ ਨੂੰ ਭੁਲ ਗਏ ਤੇ ਮੰਨ ਗਏ। ਭਿੰਡਰਾਂ ਵਾਲਾ ਕਹਿੰਦਾ ਕਹਿੰਦਾ ਸ਼ਹੀਦੀ ਪਾ ਗਿਆ-ਸਾਡੇ ਨਾਲ ਕੀਤਾ ਵਾਇਦੇ। ਅਜ਼ਾਦੀ ਮਿਲਦਿਆਂ ਹੀ ਸਾਨੂੰ ਜਰਾਇਮਪੇਸ਼ਾ ਕੌਮ ਕਰਾਰ ਦੇ ਦਿੱਤਾ। ਮਾਸਟਰ

ਤਾਰਾ ਸਿੰਘ ਗੱਲ ਕਰਨ ਗਿਆ ਤਾਂ ਨਹਿਰੂ ਨੇ ਇਹ ਕਹਿ ਕੇ ਟਾਲ ਦਿੱਤਾ "ਵੋ ਸਮੇਂ ਔਰ ਥਾ" ਹੁਣ ਤਾਂ ਅਜ਼ਾਦੀ ਮਿਲ ਗਈ ਹੈ-ਹੁਣ ਤੁਸੀਂ ਕੀ ਕਰ ਸਕਦੇ ਹੋ-ਰਾਜ ਸਾਡੇ ਹੱਥ ਵਿੱਚ ਹੈ। ਇਹ ਸੀ ਸ਼ਕਤੀ ਦਾ ਪ੍ਰਤੀਕ। ਸਿੱਖਾਂ ਦੇ ਗਲਾਂ ਵਿੱਚ ਕਿਰਪਾਨਾਂ ਨਾ ਹੁੰਦੀਆਂ 84 ਵਿੱਚ ਸਾਰੇ ਹੀ ਮਾਰੇ ਜਾਣੇ ਸੀ। 84 ਵਿੱਚ ਸਾਰੇ ਮਨਮੁਖ ਹੀ ਮਰੇ ਹਨ, ਉਹਨਾਂ ਦਾ ਗੁਰੂ ਨਾਲ ਕੀ ਸੰਬੰਧ ਸੀ? ਗੁਰੂ ਸਿਖਾਂ ਦਾ ਹੈ ਹੀ ਨਹੀਂ। ਐਮਨਾਬਾਦ ਵੀ ਸਾਕਾ ਬਾਬੇ ਨਾਨਕਨੇ ਵਰਤਾਇਆ ਸੀ। ਪੜ੍ਹੋ "ਜੈਸੀ ਮੈ ਆਵੈ ਖਸਮ ਕੀ ਬਾਣੀ" ਤੈਸੜਾ ਕਰੀ ਗਿਆਨ ਵੇ ਲਾਲੋ।। ਬਾਬਾ ਨਾ ਪਠਾਣਾਂ ਦਾ ਸੀ, ਨਾ ਮੁਸਲਮਾਨਾਂ ਦਾ ਸੀ, ਨਾ ਹੀ ਹਿੰਦੂਆਂ ਦਾ ਸੀ। ਬਾਬਾ ਕਿਸੇ ਦਾ ਨਹੀਂ ਬਾਬਾ ਸਿਰਫ ਅੰਮ੍ਰਿਤ ਦਾ ਬਾਬਾ ਹੈ-ਅੰਮ੍ਰਿਤ ਛੱਕ ਕੇ ਅੰਦਰੋਂ ਅੰਮ੍ਰਿਤ ਲਭਣਾ ਹੈ ਸਿਰਫ। ਬਾਬਾ ਸਿਰਫ ਤੇ ਸਿਰਫ ਉਸ ਜੀਵ ਦਾ ਹੈ। ਬਾਬਾ ਬੜਾ ਬੇ-ਰਹਿਮ ਦਿਲ ਹੈ। ਤਰਸ ਨਹੀਂ ਖਾਂਦਾ "**ਤੈ ਕੀ ਦਰਦ ਨ ਆਇਆ**" ਤੈਨੂੰ ਦਰਦ ਆਉਂਦਾ ਹੀ ਨਹੀਂ, ਕਿਉਂਕਿ ਤੇਰੇ ਭਾਣੈ ਵਿਚ ਤਾਂ ਸਭ ਕੁਝ ਹੋਇਐ-ਦਰਦ ਕਿਉਂ ਆਵੇ। ਭਾਣਾ ਵਰਤਾਉਣ ਵਾਲੇ ਨੂੰ ਦਰਦ ਨਹੀਂ ਆਉਂਦਾ। ਇਹ ਸ਼ਕਤੀ ਦੀਆਂ ਗੱਲਾਂ ਹਨ। 65 ਦੀ ਲੜਾਈ ਵਿੱਚ ਸਿੰਘ ਸਰਦਾਰ ਨਾ ਹੁੰਦੇ ਤਾਂ ਦੁਪਹਿਰ ਦੀ ਰੋਟੀ ਪਾਕਿਸਤਾਨੀਆਂ ਨੇ ਦਿੱਲੀ ਖਾਣੀ ਸੀ-ਯਾਦ ਰੱਖਣਾ। ਮੈਂ ਲੜਾਈ ਦੇ ਵਿੱਚ ਸੀ। ਲੜਨ ਲਈ ਵੀ ਹੌਸਲਾ ਚਾਹੀਦਾ ਹੈ-ਕਿਥੋਂ ਲਿਆਏਂਗਾ? ਇਹ ਅੰਮ੍ਰਿਤ ਦੀ ਸ਼ਕਤੀ ਸੀ-ਦੇਸ਼ ਲਈ ਲੜਾ ਗਈ। "You give me Blood, I will give you freedom" ਸੁਭਾਸ਼ ਚੰਦਰ ਬੋਸ ਸ਼ਕਤੀ-ਸ਼ਕਤੀ ਤੋਂ ਬਗੈਰ ਸ਼ਾਂਤੀ ਆ ਹੀ ਨਹੀਂ ਸਕਦੀ। ਕ੍ਰਿਪਾਨ ਸ਼ਕਤੀ ਦਾ ਪ੍ਰਤੀਕ ਹੈ। ਅੱਜ ਵੀ ਲੜਾਈ ਤੋਪਾਂ ਦੀ, ਬੰਬਾਂ ਦੀ, ਮਿਜ਼ਾਈਲਾਂ ਦੀ ਤੇ ਬਹਾਦੁਰ ਨੂੰ ਸਤਿਕਾਰਿਆਂ ਜਾਂਦਾ ਹੈ "ਕਿਰਪਾਨ ਦੇ ਕੇ" ਕਿਉਂਕਿ ਕਿਰਪਾਨ ਬਹਾਦੁਰੀ ਦਾ ਮੁੱਢਲਾ ਪ੍ਰਤੀਕ ਹੈ।

(2) "ਕਛਹਿਰਾ" ਪੰਡਿਤ ਜੀ ਆਖਦੇ ਹਨ-ਇਹ ਸ਼ੁੱਕਰ ਹੈ। ਸ਼ੁੱਕਰ ਕਾਮ ਦਾ ਪ੍ਰਤੀਕ ਹੈ, ਵਿਕਾਰਾਂ ਦਾ ਪ੍ਰਤੀਕ ਹੈ। ਇਸਦਾ ਰੰਗ ਵੀ ਚਿੱਟਾ ਹੈ। ਚਿੱਟੇ ਰੰਗ ਤੇ ਹੋਰ ਕੋਈ ਦਾਗ ਨਹੀਂ ਲੱਗਣ ਦੇਂਦਾ। ਬੜਾ ਆਕਰਖਾਂ ਹੈ। ਜੇ ਇਸ ਦੇ ਚਿੱਟੇ ਰੰਗ ਤੇ ਗੰਦਾ ਦਾਗ ਲੱਗ ਜਾਏ ਤਾਂ ਇਸ ਦਾ ਸਿਰ ਵੱਢਿਆ ਜਾਂਦਾ ਹੈ। ਬ੍ਰਾਹਮਣ ਕਹਿੰਦਾ ਹੈ, ਤੁਹਾਡੇ ਗੁਰੂ ਪਾਤਿਸ਼ਾਹ ਨੇ, ਇਸਨੂੰ ਟੱਟੀ-ਪੇਸ਼ਾਬ ਵਾਲੀ ਜਗਾਹ ਤੇ ਹੀ ਪਵਾ ਦਿੱਤਾ-ਟੱਟੀ ਪੇਸ਼ਾਬ ਲੱਗਦਾ ਹੀ ਰਹੇਗਾ ਤੇ ਮਰਿਆ ਹੀ ਰਹੇਗਾ। ਸ਼ੁੱਕਰ ਦੀ ਮੌਤ ਹੀ ਟੱਟੀ ਪੇਸ਼ਾਬ ਦੇ ਦਾਗ ਲੱਗਣ ਨਾਲ ਹੈ-ਇਹ ਤਾਰਾ ਵਿਗਿਆਨੀ ਪੰਡਿਤ ਜੀ ਆਖਦੇ ਹਨ। Underwear ਸਾਰਿਆਂ ਨੂੰ ਸੌਖਾ-ਸੁਖੈਨ-ਪਾਉਣ

ਨੂੰ ਈਜ਼ੀ-ਨਾ ਚੁਭਣ ਵਾਲਾ-ਨਾ ਲਾਸਾ ਪਾਵੇ ਵਧੀਆ ਨੰਗੇਜ ਢੱਕਣ ਵਾਲਾ ਅਗਰ ਕੋਈ Underwear ਹੈ ਤਾਂ ਉਹ ਕਛਹਿਰਾ ਹੈ। ਤੁਸੀਂ ਪਾ ਕੇ ਦੇਖੋ-ਬਹੁਤ Relax ਹੈ-ਪਤਾ ਹੀ ਨਹੀਂ ਲੱਗਦਾ, ਪਾਇਆ ਹੋਇਆ ਹੈ ਕਿ ਨਹੀਂ। ਤੁਸੀਂ ਘਰ ਵਿੱਚ ਚੱਡੀ ਪਾ ਕੇ ਘੁੰਮ ਸਕਦੇ ਹੋ, ਸੈਰ ਕਰ ਸਕਦੇ ਹੋ? ਦੂਜੇ Underwear ਨਾਲ ਲਾਸਾ ਪੈ ਜਾਂਦੀਆਂ ਹਨ, ਚੁਭਦਾ ਹੀ ਰਹਿੰਦਾ ਹੈ, ਇਧਰੋਂ ਚੁਭਦਾ ਹੈ ਫਿਰ ਉਧਰੋਂ ਚੁਭਣ ਲੱਗ ਪੈਂਦਾ ਹੈ, ਬਸ ਖੁਰਕ ਹੀ ਕਰਦੇ ਰਹੋ, ਫਿਰ Itch Guard ਲਗਾਓ ਮਸ਼ਹੂਰੀ ਆ ਜਾਏਗੀ। ਪਸੀਨੇ ਦਾ ਮਾਰਿਆ ਹੋਇਆ-ਬੋਅ ਮਾਰਦਾ-ਕਛਹਿਰੇ ਦਾ ਕੀ ਮੁਕਾਬਲਾ ਹੈ? Easy Wear ਬੈਠਣ-ਉਠਣ ਦੀ ਤੁਰਨ-ਫਿਰਨ ਦੀ-ਨਠਣ-ਦੌੜਨ ਦੀ-ਨਚਨ ਟੱਪਣ ਦੀ ਛਾਲ ਮਾਰਨ ਦੀ ਖੇਡਣ-ਕੁਦਨ ਦੀ ਕੋਈ ਤਕਲੀਫ ਨਹੀਂ। ਖੁਹਲਾ-ਡੁਹਲਾ without any problems.

(3) "ਕੜਾ" ਪੰਡਿਤ ਜੀ-ਸ਼ਨੀ ਦਾ ਪ੍ਰਤੀਕ ਦਸਦੇ ਹਨ। ਸ਼ਨੀ-ਸਰਬ ਲੋਹ ਦਾ ਕੜਾ ਪਾਇਆ ਹੋਵੇ ਤਾਂ ਸ਼ਨੀ ਦੇਵਤਾ ਸਲਾਮਾਂ ਮਾਰਦਾ ਹੈ। ਕੁਝ ਵਿਗਾੜਦਾ ਨਹੀਂ। ਸਿੱਧਾ ਰਹਿੰਦਾ ਹੈ। ਕੋਈ ਭਰਮ ਨਹੀਂ, ਕੋਈ ਵਹਿਮ ਨਹੀਂ, ਕੋਈ ਭਟਕਣਾ ਨਹੀਂ, ਕੋਈ ਦੁਬਿਧਾ ਨਹੀਂ। ਸਿੰਘਾਂ ਦੇ ਹੱਥ ਵਿੱਚ ਗੁਰੂ ਦੀ ਕੜੀ ਹੈ, ਹਰ ਵੇਲੇ ਗੁਰੂ ਸਾਹਿਬ ਦੇ ਅਸੂਲਾਂ ਨੂੰ ਯਾਦ ਕਰਵਾਂਦੀ ਹੈ। ਇਸ ਹੱਥ ਨਾਲ ਕੋਈ ਗਲਤ ਕੰਮ ਨਹੀਂ ਕਰਨਾ, ਸਗੋਂ ਸੇਵਾ ਕਰਨੀ ਹੈ।

**ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ॥**
**ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ॥**
**ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ॥**
**ਨਮਸਕਾਰ ਡੰਡਉਤ ਕਰਿ ਗੁਰਭਾਈ ਹਾਸਿ ਮਿਲਿ ਗਲਿ ਲਾਵੈ॥**
**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥**
**ਪਾਰਸੁ ਪਰਸਿ ਅਪਰਸਿ ਹੋਇ ਪਰਤਨ ਪਰ ਧਨ ਹਥੁ ਨ ਲਾਵੈ॥**
**ਗੁਰ ਸਿਖ ਗੁਰ ਸਿਖ ਪੂਜ ਕੈ ਭਾਇ ਭਗਤਿ ਭੈ ਭਾਣਾ ਭਾਵੈ॥**
**ਆਪੁ ਗਵਾਇ ਨ ਆਪੁ ਗਣਾਵੈ॥੧੨॥ ਛੇਵੀਂ ਵਾਰ॥**

(4) "ਕੰਘਾ" ਰਾਹੂ ਕੇਤੂ ਨੂੰ ਟੰਗ ਕੇ ਰਖਿਆ ਹੈ-ਕੀ ਮਜਾਲ ਹੈ, ਹਿੱਲ ਵੀ ਜਾਵੇ। ਪੰਡਿਤ ਹੀ ਆਖਦੇ ਹਨ ਜੇ ਰਾਹੂ ਕੇਤੂ ਕਿਸੇ ਦੀ ਜਿੰਦਗੀ ਵਿਚ ਆ ਜਾਣ ਤਾਂ ਬਾਦਸ਼ਾਹ ਤੋਂ ਭੇਖਾਰੀ ਬਣਾ ਦੇਂਦੇ ਹਨ। ਜੀਊਣਾ ਹਰਾਮ ਕਰ ਦੇਂਦੇ ਹਨ। ਕੇਸ ਵਾਹਿਗੁਰੂ ਨੂੰ ਸਾਰੇ ਸਰੀਰ ਤੋਂ ਪਿਆਰੇ ਹਨ-ਉਹਨਾਂ ਦੀ ਸੰਭਾਲ ਲਈ ਕੰਘਾ ਹੈ,

ਫਿਰ ਲੱਕੜ ਦਾ ਹੈ। ਸਿਰ ਨਹਾ ਕੇ ਹਨੇਰੇ ਵਿਚ ਕੰਘਾ ਫੇਰੋ। ਲਾਈਟ ਪੈਦਾ ਹੁੰਦੀ ਹੈ ਜੋ ਦਿਮਾਗ ਨੂੰ ਤਾਜ਼ਗੀ ਦੇਂਦੀ ਹੈ, ਤਾਕਤ ਦੇਂਦੀ ਹੈ। ਕੇਸ ਠੀਕ ਰਹਿੰਦੇ ਹਨ ਸਿਰ ਨੂੰ ਥਕਾਵਟ ਹੋ ਗਈ ਹੈ 3/4 ਮਿੰਟ ਕੰਗਾ ਫੇਰੋ। ਵਾਹੋ, ਦੇਖੋ ਸਿਰ ਪੀੜ ਠੀਕ ਹੋ ਜਾਏਗੀ। ਲੱਕੜ ਦਾ ਕੇਸਾਂ ਨਾਲ ਡੂੰਘਾ ਸੰਬੰਧ ਹੈ। ਕੇਸਾਂ ਦੀ ਸੰਭਾਲ ਤੇ ਕੇਸਾਂ ਨੂੰ ਤਾਕਤ ਹੀ ਲੱਕੜ ਦੇ ਕੰਘੇ ਨਾਲ ਫੇਰਨ ਤੋਂ ਮਿਲਦੀ ਹੈ।

**ਕੰਘਾ ਦੋਨੋਂ ਵਕਤ ਕਰ ਪਾਗ ਚੁਨੇ ਕਰ ਬਾਧਈ।।**

**(ਭਾਈ ਨੰਦ ਲਾਲ ਸਿੰਘ ਜੀ)**

(5) "ਕੇਸਕੀ" ਪੰਡਿਤ ਲਈ ਬ੍ਰਹਮਸਤਿ ਹੈ। ਸਿਆਣਪ ਦਾ ਪ੍ਰਤੀਕ ਹੈ। ਇਸ ਦਾ ਰੰਗ ਵੀ ਕੇਸਰੀ ਹੈ। ਸਿਰ ਤੇ ਕੇਸਰੀ ਰੰਗ ਦੀ ਕੇਸਕੀ ਬੰਨ੍ਹੀ ਹੋਵੇ ਤਾਂ ਦਿਮਾਗ ਬੜਾ ਤੇਜ਼ ਰਹਿੰਦਾ ਹੈ। ਪੰਡਿਤ ਜੀ ਤਾਂ ਆਖਦੇ ਹਨ He will be most intellectual man in the world ਜੋ ਸਿਰ ਤੇ ਕੇਸਰੀ ਰੰਗ ਦੀ ਦਸਤਾਰ ਬੰਨਦਾ ਹੈ।

ਵੈਸੇ ਸਾਰੇ ਹੀ ਰੰਗ ਰੱਬ ਦੇ ਰੰਗ ਹਨ। ਕਾਲਾ-ਚਿਟਾ-ਨੀਲਾ-ਪੀਲਾ।

ਪੰਜਾਂ ਪਿਆਰਿਆਂ ਦਾ ਬਾਣਾ ਦੇਖੋ-ਕੇਸਰੀ ਜਾਂ ਨੀਲਾ। ਰੱਬ ਦਾ ਕੇਸਰੀ ਗੋਲਡਨ ਰੰਗ ਨਾਲ ਬਹੁਤ ਪਿਆਰ ਹੈ। ਰੱਬ ਪ੍ਰਕਾਸ਼ ਦਾ ਆਪਣਾ ਰੰਗ ਗੋਲਡਨ ਹੈ। ਕੇਸਰੀ ਹੈ। ਰੱਬ ਕੇਸਾਂ ਨੂੰ ਬਹੁਤ ਪਿਆਰ ਕਰਦਾ ਹੈ, ਕਿਉਂ? ਕਿਉਂਕਿ ਉਥੇ ਰੱਬ ਆਪ ਵੱਸਦਾ ਹੈ। ਮੈਨੂੰ ਮੇਰੇ ਰੰਗ ਨਾਲ ਢੱਕ ਕੇ ਰੱਖੋ-ਮੈਂ ਮਿਲ ਜਾਵਾਂਗਾ। ਸਿਰ ਵਿੱਚ ਰੱਬ ਹੈ, ਸਿਰ ਨੂੰ ਢੱਕ ਕੇ ਰੱਖਣਾ ਬਹੁਤ ਜ਼ਰੂਰੀ ਹੈ। ਤੁਸੀਂ ਕੱਪੜੇ ਕਿਉਂ ਪਾਏ ਹਨ, ਤੇ ਰੱਬ ਨੂੰ ਨੰਗਾ ਕਿਉਂ ਰੱਖਦੇ ਹੋ? ਇਸੇ ਕਰਕੇ ਰੱਬ ਆਖਦਾ ਹੈ, ਕੇਸਾਂ ਨੂੰ ਕੰਘੇ ਨਾਲ ਵਾਹੋ-ਜੂੜਾ ਕਰੋ, ਜਿਥੇ ਮੈਂ ਹਾਂ। ਮੇਰੇ ਉਤੇ ਜੂੜਾ ਕਰੋ ਤੇ ਫਿਰ ਮੈਨੂੰ ਹਮੇਸ਼ਾ ਢੱਕ ਕੇ ਰੱਖੋ ਮੇਰੇ ਸੁਨਹਿਰੀ ਕੇਸਕੀ-ਗੋਲਡਨ ਰੰਗ ਨਾਲ। ਬੀਬੀ! ਤੂੰ ਜੂੜਾ ਦਸਮ-ਦੁਆਰ ਤੇ ਕਰਕੇ ਕੇਸਕੀ ਨਹੀਂ ਬਨ੍ਹਦੀ। ਸਚ ਦਸ-ਰੱਬ ਮਿਲਿਆ ਹੈ? ਫਿਰ ਮਨੁੱਖਾ ਜਨਮ ਦਾ ਮਨੋਰਥ ਹੀ ਕੀ ਹੈ? ਦਸ ਜਨਮ ਹੋਰ ਧਾਰ ਲੈ-ਰੱਬ ਨੂੰ ਮਿਲ ਕੇ ਦਿਖਾ ਦੇਹ, ਕੇਸਕੀ ਬੰਨ੍ਹਣ ਤੋਂ ਬਗੈਰ। ਸਚਖੰਡਿ ਜਾ ਕੇ ਦਿਖਾ ਦੇਹ। ਸਚਖੰਡਿ ਸਾਰੀਆਂ ਬੀਬੀਆਂ ਨੇ ਭੈਣ ਨਾਨਕੀ ਤੋਂ ਲੈ ਕੇ ਮਾਤਾ ਗੁਜਰੀ ਤੱਕ-ਮਾਤਾ ਜੀਤੋ ਜੀ ਤੱਕ ਸਭ ਕੇਸਕੀ ਸਹਿਤ ਹਨ, ਤੇ ਤੂੰ ਨੰਗੇ ਸਿਰ। ਤੇਰਾ ਨਿਆਰਾਪਣ ਕਿਥੇ ਗਿਆ-ਖਾਲਸਾਪਣ। ਤੇਰੇ ਤੋਂ ਖੋਹਿਆ ਜਾ ਰਿਹਾ ਹੈ। ਪੰਡਿਤ ਦੇ ਹਿਸਾਬ ਨਾਲ ਤੂੰ ਬ੍ਰਹਸਪਤਿ ਦੀ ਮਾਲਕ ਹੀ ਨਹੀਂ।

ਪੰਡਿਤ ਜੀ ਤਾਰਾ ਵਿਗਿਆਨੀ ਆਖਦਾ ਹੈ, ਖਾਲਸਾ, ਅੰਮ੍ਰਿਤਧਾਰੀ

ਗੁਰਸਿਖ ਸਾਰੀ ਕੁਦਰਤ ਦਾ ਮਾਲਕ ਹੈ। ਸਾਰੇ ਗ੍ਰਹਿ ਤਾਂ ਸਰੀਰ ਤੇ ਪਾਈ ਫਿਰਦਾ ਹੈ। ਮੰਗਲ-ਸ਼ਕਤੀ ਨੂੰ ਲੱਕ ਨਾਲ ਬੰਨ੍ਹਿਆ ਹੋਇਆ ਹੈ। ਸ਼ੁੱਕਰ ਤੇੜ ਪਾਈ ਫਿਰਦਾ ਹੈ। ਸ਼ਨੀ ਹੱਥ ਵਿੱਚ ਹੈ। ਰਾਹੂ ਕੇਤੂ ਨੂੰ ਸਿਰ ਵਿੱਚ ਟੁੰਗਿਆ ਹੋਇਆ ਹੈ। ਬ੍ਰਹਮਸਪਤਿ ਨੂੰ ਸਿਰ ਤੇ ਬੰਨ੍ਹੀ ਫਿਰਦਾ ਹੈ। ਸਾਰੀ ਕੁਦਰਤ ਤਾਂ ਇਸ ਖਾਲਸੇ ਦੇ ਸਰੀਰ ਨਾਲ ਲਮਕਦੀ ਫਿਰਦੀ ਹੈ। ਇਹ ਕੁਦਰਿਤ ਦਾ ਮਾਲਕ-ਰੱਬ ਦਾ ਅਸਲੀ ਰੂਪ ਹੈ। ਇਸ ਖਾਲਸੇ ਨੂੰ ਹਜ਼ਾਰ ਵਾਰੀ ਨਮਸਕਾਰ ਕਰਨਾ ਚਾਹੀਦਾ ਹੈ।

"ਖੰਡਾ" : ਚੈਲੰਜ ਹੈ। ਤੂੰ ਵੀ ਮੇਰੇ ਵਰਗਾ-ਕੁਦਰਤ ਦਾ ਮਾਲਕ। ਆ ਮੇਰੇ ਵਰਗਾ ਬਣ ਕੇ ਦਿਖਾ। ਪਰ ਈਰਖਾਲੂ ਇਸ ਨੂੰ ਦੇਖਣਾ ਹੀ ਪਸੰਦ ਨਹੀਂ ਕਰੇਗਾ-ਮਰਵਾ ਦੇਵੇਗਾ। ਇਡਾ ਸ਼ਕਤੀਸ਼ਾਲੀ, ਰੱਬ ਦਾ ਸਰੂਪ, ਇਕ ਪੰਜ-ਭੂਤਕ ਸਰੀਰ-ਕੁਦਰਤ ਦਾ ਮਾਲਕ-ਮਰਵਾ ਦਿਓ ਇਸਨੂੰ, ਖਤਮ ਕਰ ਦਿਓ ਕਿਸੇ ਤਰੀਕੇ ਖਤਮ ਕਰ ਦਿਓ, ਜੇ ਮਾਰਿਆਂ ਖਾਲਸਾ ਨਹੀਂ ਮਰਿਆ ਜਾਂ ਨਹੀਂ ਮਰਦਾ ਤਾਂ ਕੰਮ ਸੇ ਕੰਮ, ਇਸ ਦੇ ਕਕਾਰ ਤਾਂ ਉਤਾਰੋ, ਇਸਦੀ ਸ਼ਕਤੀ ਤਾਂ ਘੱਟ ਕਰੋ-ਕੁਦਰਤ ਦੇ ਮਾਲਕ ਦੀ ਮਲਕੀਅਤ ਤਾਂ ਖਤਮ ਕਰੋ-ਇਸਦਾ ਨਿਆਰਾਪਨ ਹੀ ਖਤਮ ਕਰੋ। ਨਾਰਮਲ ਬੰਦਾ ਬਣ ਕੇ ਰਹੇ-ਹਿੰਦੂ ਦੀ ਤਰ੍ਹਾਂ ਹਰਾਮੀ-ਨਾ ਕੋਈ ਗੁਰੂ ਨ ਵਾਹਿਗੁਰੂ "ਹਿੰਦੂ ਅੰਨ੍ਹਾ ਤੁਰਕੂ ਕਾਨਾ" ਹਿੰਦੂ ਦਾ ਕੋਈ ਗੁਰੂ ਨਾ ਰੱਬ ਦੋਵੇਂ ਅੱਖਾਂ ਤੋਂ ਅੰਨ੍ਹਾ।

ਮੁਸਲਮਾਨ ਇਕ ਰੱਬ ਨੂੰ ਮੰਨਦਾ ਪਰ ਸਚਾ ਗੁਰੂ ਕੋਈ ਨਹੀਂ-ਕਾਣਾ ਹੈ। ਜੇ ਤੂੰ ਕਕਾਰ ਨਹੀਂ ਪਾਏ ਤਾਂ ਦਸ ਕਿਸ ਨੂੰ ਮੰਨਦਾ ਹੈ? ਅੰਨਿਆ-ਪੜ੍ਹ। ਹਰਿ ਨੇ

**ਨਾਮ ਬਿਨਾ ਸੁੰਦਰਿ ਹੈ ਨਕਟੀ-ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ**
**ਤਿਸੁ ਨਾਮ ਪਰਿਓ, ਹੈ ਧ੍ਰਕਟੀ॥੫੨੮॥**
**ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ**
**ਕੁਲਿ ਲਾਗੀ ਗਾਰੀ॥**
**ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ**
**ਕਰਿ ਮਹਤਾਰੀ॥**
**ਜਿਨ ਹਰਿ ਹਿਰਦੈ ਨਾਮ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥**

ਅੰਮ੍ਰਿਤ ਤੋਂ ਬਗੈਰ ਤਾਂ ਕੰਜਰੀ ਦਾ ਪੁੱਤਰ ਹਰਾਮਦਾ ਹੈ। ਵਾਹਿਗੁਰੂ ਵਾਹਿਗੁਰੂ ਨਾਮ ਸਿਮਰਨਾ ਹੀ ਭੁਲਾ ਦਿੱਤਾ। ਇਸ ਦੇ ਘਰ ਪੁੱਤਰ ਹੀ ਨਾ ਜੰਮੇ। ਪਤੀ ਮਾਰ ਕੇ ਰੰਡੀ ਕਰਦੇ। ਨਾਮ ਦਾ ਵਾਸਾ ਨਹੀਂ ਹੋਇਆ। ਇਹ ਮਾਂ ਬੱਚਾ ਜੰਮਦੀ ਹੀ ਨਾ-

**ਗੁਰਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।।**

**ਕੂਕਰਹ ਸੂਕਰਹ ਗਰਧਭਹ ਕਾਕਹਿ ਸਰਪਨਹ ਤੁਲਿ ਖਲਨ।।**

ਤੂੰ ਵੀ ਅੰਮ੍ਰਿਤ ਛਕਣ ਤੋਂ ਬਗੈਰ, ਕੁੱਤਾ, ਸੂਰ, ਕਾਂ, ਸੱਪ ਬਣਨਾ ਚਾਹੁੰਦਾ ਹੈ। ਕੰਜਰੀ ਦਾ ਪੁੱਤਰ ਹਰਾਮ ਦਾ ਬਣਨਾ ਚਾਹੁੰਦਾ ਹੈ। ਵਾਹਿਗੁਰੂ ਆਖਦਾ ਹੈ ਜੇ ਤੂੰ ਅੰਮ੍ਰਿਤ ਨਹੀਂ ਸੀ ਛਕਣਾ, ਤੇਰੀ ਮਾਂ ਬਾਂਝ ਰਹਿ ਜਾਂਦੀ, ਤੈਨੂੰ ਜੰਮਦੀ ਹੀ ਨਾ-ਜੰਮ ਕੇ ਕੀ ਖਟਿਆ, ਤੈਨੂੰ ਕੁੱਤੇ ਨੂੰ? ਬਾਬਾ ਸੁਭਾਅ ਦਾ ਬਹੁਤ ਕੌੜਾ ਈ, ਡਾਢਾ ਹੈ, ਬੇਤਰਸਾ, ਬੇਕਿਰਕਾ। ਅਸੂਲਾਂ ਦਾ ਪਕਾ ਈ। ਅੰਮ੍ਰਿਤ ਛੱਕ ਕੇ ਉਸ ਦਾ ਪੁੱਤਰ ਬਣ, ਦੇਖ ਕੀ ਆਖਦਾ ਹੈ?

**ਹਰਿ ਹਰਿ ਜਨ ਦੋਇ ਏਕ ਹੈ ਬਿੰਬ ਬਿਚਾਰ ਕਿਛ ਨਾਹਿ।।**

**ਮੇਰਾ ਦਾਸ ਤੇ ਮੈਂ ਇਕ ਹੀ ਹਾਂ। ਹਰਿ ਨਾਨਕ ਭੇਦ ਨ ਭਾਈ।।**

ਮੇਰੇ ਤੋਂ ਮੇਰੇ ਪੁੱਤਰ ਵਿੱਚ ਕੋਈ ਫਰਕ ਹੀ ਨਹੀਂ ਹੈ। ਅਸੀਂ ਇਕ ਹੀ ਹਾਂ।

**ਖਾਲਸਾ ਮੇਰੋ ਰੂਪ ਹੈ ਖਾਸ।। ਖਾਲਸੇ ਮਹਿ ਹਉ ਕਰਉ ਨਿਵਾਸ।।**

**ਖਾਲਸਾ ਮੇਰੋ ਪਿੰਡ ਪਰਾਣ।। ਖਾਲਸਾ ਮੇਰੀ ਜਾਨ ਕੀ ਜਾਨ।।**

**ਖਾਲਸਾ ਮੇਰੋ ਮੁਖ ਹੈ ਅੰਗਾ।। ਖਾਲਸੇ ਕੈ ਹਉ ਸਦ ਸਦਸੰਗਾ।।**

**ਖਾਲਸਾ ਮੇਰੋ ਸਤਿਗੁਰੂ ਪੂਰਾ।। ਖਾਲਸਾ ਮੇਰੋ ਸਜਨ ਸੂਰਾ।।**

**ਯਾ ਮੈ ਰੰਚ ਨ ਮਿਥਿਆ ਭਾਖੀ।। ਪਾਰਬ੍ਰਹਮ ਗੁਰੂ ਨਾਨਕ ਸਾਖੀ।।**

